PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 20 ਅਗਸਤ ਤੋਂ 26 ਅਗਸਤ, 2026 | Email :- editor@punjabstar.com, Vo. 20. Issue:1251


## ਅਮਰੀਕਾ ਦੇ ਇੰਡੀਆਨਾ 'ਚ ਹੜ੍ਹਾਂ ਕਾਰਨ ਛੇ ਲੋਕਾਂ ਦੀ ਮੌਤ

### 1,30,000 ਘਰਾਂ ਦੀ ਬਿਜਲੀ ਗੁੱਲ



(ਪੰਜਾਬ ਸਟਾਰ ਬਿਓਰੋ): ਅਮਰੀਕਾ ਦੇ ਇੰਡੀਆਨਾ ਰਾਜ ਵਿੱਚ ਕਈ ਦਿਨਾਂ ਤੱਕ ਚੱਲੇ ਤੂਫ਼ਾਨਾਂ ਅਤੇ ਰਿਕਾਰਡ ਤੋੜ ਮੀਂਹ ਤੋਂ ਬਾਅਦ ਆਏ ਭਿਆਨਕ ਹੜ੍ਹ ਕਾਰਨ ਘੱਟੋ-ਘੱਟ ਛੇ ਲੋਕਾਂ ਦੀ ਮੌਤ ਹੋ ਗਈ ਹੈ। ਇਸ ਸੂਬੇ ਵਿੱਚ 11 ਅਗਸਤ ਤੋਂ ਹੀ ਖ਼ਰਾਬ ਮੌਸਮ ਦਾ ਦੌਰ ਚੱਲ ਰਿਹਾ ਹੈ। ਰਾਜਧਾਨੀ ਇੰਡੀਆਨਾਪੋਲਿਸ ਵਿੱਚ, ਐਤਵਾਰ ਸਵੇਰੇ 'ਵਾਈਟ ਰਿਵਰ' ਦੇ ਪਾਣੀ ਦਾ ਪੱਧਰ ਸਿਖਰ 'ਤੇ ਪਹੁੰਚ ਗਿਆ ਸੀ। ਸੈਂਕੜੇ ਘਰਾਂ ਨੂੰ ਖਾਲੀ ਕਰਵਾਇਆ ਗਿਆ ਅਤੇ ਤੇਜ਼ੀ ਨਾਲ ਵਧ ਰਹੇ ਪਾਣੀ ਵਿੱਚ ਫਸੇ ਲੋਕਾਂ ਨੂੰ ਬਚਾਉਣ ਲਈ ਬਚਾਅ ਦਸਤਿਆਂ ਨੂੰ ਕਿਸ਼ਤੀਆਂ ਦੀ ਵਰਤੋਂ ਕਰਨੀ ਪਈ। ਹਾਲਾਂਕਿ, ਐਤਵਾਰ ਨੂੰ ਅਜਿਹੇ ਸੰਕੇਤ ਮਿਲੇ ਹਨ ਕਿ ਬਾਰਿਸ਼ ਘੱਟ ਹੋ ਰਹੀ ਹੈ ਅਤੇ ਪਾਣੀ ਦਾ ਪੱਧਰ ਹੇਠਾਂ ਆ ਰਿਹਾ ਹੈ।

ਇੰਡੀਆਨਾ ਦੇ ਹੋਮਲੈਂਡ ਸਕਿਓਰਿਟੀ ਵਿਭਾਗ ਅਨੁਸਾਰ, ਮਰਨ ਵਾਲਿਆਂ ਵਿੱਚ ਇੱਕ ਚਾਰ ਸਾਲਾ ਬੱਚਾ, ਦੋ ਪੁਰਸ਼ ਅਤੇ ਤਿੰਨ ਔਰਤਾਂ ਸ਼ਾਮਲ ਹਨ। ਜੈਨਿੰਗਜ਼ ਕਾਉਂਟੀ ਵਿੱਚ, ਮੰਗਲਵਾਰ ਨੂੰ ਤੇਜ਼ ਹਵਾਵਾਂ ਦੌਰਾਨ ਇੱਕ ਬੱਚੇ ਦੇ ਕਮਰੇ 'ਤੇ ਦਰੱਖਤ ਡਿੱਗ ਪਿਆ, ਜਿਸ ਕਾਰਨ ਬੱਚੇ ਦੀ ਮੌਤ ਹੋ ਗਈ। ਸ਼ਨੀਵਾਰ ਨੂੰ ਡੇਲਾਵੇਅਰ ਕਾਉਂਟੀ ਵਿੱਚ 19 ਸਾਲਾ ਮੈਥਿਊ ਮੋਵਰੀ ਦੀ ਲਾਸ਼ ਬਰਾਮਦ ਕੀਤੀ ਗਈ; ਅਧਿਕਾਰੀਆਂ ਨੇ ਦੱਸਿਆ ਕਿ ਉਹ ਤਿੰਨ ਦਿਨ ਪਹਿਲਾਂ ਆਪਣੇ ਦੋਸਤਾਂ ਨਾਲ ਇੱਕ ਪੁਲ ਤੋਂ ਮਿਸਿਸਿਨੇਵਾ ਨਦੀ ਦੇ ਤੇਜ਼ ਵਹਾਅ ਵਿੱਚ ਗਿਆ ਸੀ।

ਉਸੇ ਕਾਉਂਟੀ ਦੇ ਇੱਕ ਖੇਤ ਵਿੱਚ 58 ਸਾਲਾ ਸਟੈਫਨੀ ਸੈਲੀ ਅਤੇ ਉਸ ਦੇ ਕੁੱਤੇ ਦੀਆਂ ਲਾਸ਼ਾਂ ਵੀ ਮਿਲੀਆਂ। ਮੰਨਿਆ ਜਾਂਦਾ ਹੈ * ਬਾਕੀ ਸਫ਼ਾ 2 'ਤੇ

## ਇੰਡੋਨੇਸ਼ੀਆ ਦੇ ਤੱਟ 'ਤੇ 7.7 ਤੀਬਰਤਾ ਦਾ ਭੂਚਾਲ

### 47 ਲੋਕਾਂ ਦੀ ਮੌਤ, ਕਈ ਜ਼ਖਮੀ; ਲਾਪਤਾ ਹੋਏ ਲੋਕਾਂ ਦੀ ਭਾਲ ਜਾਰੀ



(ਪੰਜਾਬ ਸਟਾਰ ਬਿਓਰੋ): ਇੰਡੋਨੇਸ਼ੀਆ ਦੇ ਤੱਟ 'ਤੇ ਸ਼ਨਿੱਚਰਵਾਰ ਤੜਕੇ 7.7 ਤੀਬਰਤਾ ਦਾ ਭੂਚਾਲ ਆਇਆ, ਜਿਸ ਨਾਲ ਕਈ ਇਮਾਰਤਾਂ ਤੇ ਮਕਾਨ ਢਹਿ ਗਏ ਅਤੇ ਘੱਟੋ-ਘੱਟ 47 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਕਈ ਲੋਕ ਜ਼ਖਮੀ ਹੋਏ ਹਨ। ਅਧਿਕਾਰੀਆਂ ਨੇ ਸੁਨਾਮੀ ਦੀ ਚਿਤਾਵਨੀ ਜਾਰੀ ਕਰਕੇ ਤੱਟਵਰਤੀ ਇਲਾਕਿਆਂ ਦੇ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਜਾਣ ਲਈ ਕਿਹਾ ਸੀ, ਪਰ ਬਾਅਦ ਵਿੱਚ ਚਿਤਾਵਨੀ ਵਾਪਸ ਲੈ ਲਈ ਗਈ।

ਇੰਡੋਨੇਸ਼ੀਆ ਦੀ ਮੌਸਮ ਵਿਗਿਆਨ, ਜਲਵਾਯੂ ਵਿਗਿਆਨ ਅਤੇ ਭੂ-ਭੌਤਿਕੀ ਏਜੰਸੀ ਨੇ ਕਿਹਾ ਕਿ ਸਮੁੰਦਰ ਦੇ ਜਲ ਪੱਧਰ ਦੀ ਨਿਗਰਾਨੀ ਦੌਰਾਨ ਅਜਿਹਾ ਕੋਈ ਮਹੱਤਵਪੂਰਨ * ਬਾਕੀ ਸਫ਼ਾ 2 'ਤੇ

## ਕੈਨੇਡਾ 'ਚ ਮਹਿੰਗਾਈ ਦਰ ਵੱਧ ਕੇ 3 ਫ਼ੀਸਦੀ 'ਤੇ ਪੁੱਜੀ



ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਕੈਨੇਡਾ ਵਾਲਿਆਂ ਨੂੰ ਮਹਿੰਗਾਈ ਤੋਂ ਰਾਹਤ ਜ਼ਿਆਦਾ ਸਮਾਂ ਬਰਕਰਾਰ ਨਾ ਰਹਿ ਸਕੀ ਅਤੇ ਜੁਲਾਈ ਦੌਰਾਨ ਮੁੜ ਕੀਮਤਾਂ ਅਸਮਾਨ ਚੜ੍ਹਦੀਆਂ ਨਜ਼ਰ ਆਈਆਂ। ਜੀ ਹਾਂ, ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਮੁਤਾਬਕ ਜੁਲਾਈ ਦੌਰਾਨ ਮਹਿੰਗਾਈ ਦਰ ਵਧ ਕੇ 3 ਫ਼ੀ ਸਦੀ ਹੋ ਗਈ ਅਤੇ ਵਿਆਜ ਦਰਾਂ ਘਟਣ ਦੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ। ਜੂਨ ਵਿਚ ਤੇਲ ਕੀਮਤਾਂ ਘਟਣ ਸਦਕਾ ਮਹਿੰਗਾਈ ਦਰ ਘਟੀ ਪਰ ਹੋਰਮੁਜ਼ ਲਾਂਘੇ ਰਾਹੀਂ ਆਵਾਜਾਈ ਵਿਚ ਅੜਿੱਕੇ ਕਾਇਮ ਹੋਣ ਕਰ ਕੇ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਮੁੜ ਵਧਣ ਲੱਗੀਆਂ ਅਤੇ ਇਸ ਦਾ ਖਮਿਆਜ਼ਾ ਕੈਨੇਡੀਅਨਜ਼ ਨੂੰ ਵੀ ਭੁਗਤਣਾ ਪੈ ਰਿਹਾ ਹੈ। ਦੂਜੇ ਪਾਸੇ ਫ਼ੀਫ਼ਾ ਵਰਲਡ ਕੱਪ ਦੌਰਾਲ ਹੋਟਲ ਅਤੇ ਫਲਾਈਟ ਬੁਕਿੰਗਜ਼ ਮਹਿੰਗੀਆਂ ਹੋਈਆਂ ਜਿਸ ਦਾ ਸਿੱਧਾ ਅਸਰ ਆਰਥਿਕ ਅੰਕੜਿਆਂ 'ਤੇ ਪਿਆ। ਜੈਟ ਫ਼ਿਊਲ ਦੀਆਂ ਕੀਮਤਾਂ ਵਿਚ ਸਾਲਾਨਾ ਆਧਾਰ 'ਤੇ 12 ਫ਼ੀ ਸਦੀ ਵਾਧਾ ਦਰਜ ਕੀਤਾ ਗਿਆ ਜਦਕਿ ਜੂਨ ਦੌਰਾਨ ਵਾਧਾ ਦਰ 9.6 ਫ਼ੀ ਸਦੀ ਰਹੀ।

ਤੇਲ ਕੀਮਤਾਂ ਵਿਚ ਵਾਧੇ ਦਾ ਅਸਰ

ਖੁਰਾਕੀ ਵਸਤਾਂ ਦੀਆਂ ਕੀਮਤਾਂ ਵੱਲ ਦੇਖਿਆ ਜਾਵੇ ਤਾਂ ਜੁਲਾਈ ਦੌਰਾਨ ਮਹਿੰਗਾਈ ਦਰ 3.1 ਫ਼ੀ ਸਦੀ ਰਹੀ ਜੋ ਜੂਨ ਦੌਰਾਲ 3.9 ਫ਼ੀ ਸਦੀ ਦਰਜ ਕੀਤੀ ਗਈ। * ਬਾਕੀ ਸਫ਼ਾ 2 'ਤੇ

## ਕੈਨੇਡਾ ਨੇ ਰਾਹਤ ਕਾਮਿਆਂ ਦੀ ਸੁਰੱਖਿਆ ਨੂੰ ਲੈ ਕੇ ਜਤਾਈ ਚਿੰਤਾ



(ਪੰਜਾਬ ਸਟਾਰ ਬਿਓਰੋ): ਵਿਸ਼ਵ ਮਨੁੱਖਤਾਵਾਦੀ ਦਿਵਸ ਮੌਕੇ ਕੈਨੇਡਾ ਨੇ ਮਨੁੱਖਤਾਵਾਦੀ ਕਾਮਿਆਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ। ਕੈਨੇਡਾ ਦੇ ਕੌਮਾਂਤਰੀ ਵਿਕਾਸ ਮਾਮਲਿਆਂ ਬਾਰੇ ਰਾਜ ਮੰਤਰੀ ਰਣਦੀਪ ਸਰਾਏ ਨੇ ਕਿਹਾ ਕਿ ਸੰਕਟਾਂ ਵਿੱਚ ਫਸੇ ਲੋਕਾਂ ਤੱਕ ਜੀਵਨ-ਰੱਖਿਅਕ ਸਹਾਇਤਾ ਪਹੁੰਚਾਉਣ ਵਾਲੇ ਕਾਮੇ ਵਧਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ।

ਉਨ੍ਹਾਂ ਕਿਹਾ ਹੈ ਕਿ ਜੰਗੀ ਖੇਤਰਾਂ ਵਿੱਚ ਮਨੁੱਖਤਾਵਾਦੀ ਕਾਮਿਆਂ ਦੇ ਨਾਲ-ਨਾਲ ਸਹਾਇਤਾ ਦਾ ਬੁਨਿਆਦੀ ਢਾਂਚਾ ਵੀ ਨਿਸ਼ਾਨਾ ਬਣ ਰਿਹਾ ਹੈ। ਗੁਦਾਮਾਂ, ਵਾਹਨਾਂ ਅਤੇ ਰਾਹਤ ਕਾਫ਼ਲਿਆਂ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ ਜਾਂ ਤਬਾਹ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਈ ਥਾਵਾਂ 'ਤੇ ਰਾਹਤ ਸੰਸਥਾਵਾਂ ਦੇ ਕਰਮਚਾਰੀਆਂ ਨੂੰ ਅਗਵਾ, ਗ੍ਰਿਫ਼ਤਾਰ ਜਾਂ ਹਿਰਾਸਤ ਵਿੱਚ ਲਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਸ ਨਾਲ ਸਭ ਤੋਂ ਵੱਧ ਮਾਰ ਉਨ੍ਹਾਂ * ਬਾਕੀ ਸਫ਼ਾ 2 'ਤੇ

## ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੀ ਹੋਈ ਮੌਤ



ਨਵੀਂ ਦਿੱਲੀ, (ਪੰਜਾਬ ਸਟਾਰ ਬਿਓਰੋ): ਨਵੀਂ ਦਿੱਲੀ : ਸਿੱਖ ਕਤਲੇਆਮ ਦੇ ਦੋਸ਼ੀ ਅਤੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਆਗੂ ਸੱਜਣ ਕੁਮਾਰ ਦੀ ਅੱਜ ਵੀਰਵਾਰ ਨੂੰ 80 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ, ਸੱਜਣ ਕੁਮਾਰ ਨੂੰ ਦਿੱਲੀ ਦੇ ਸਫਦਰਜੰਗ ਹਸਪਤਾਲ ਵਿੱਚ ਮ੍ਰਿਤਕ ਹਾਲਤ ਵਿੱਚ ਲਿਆਂਦਾ ਗਿਆ ਸੀ। ਉਹ 1984 ਦੇ ਸਿੱਖ ਕਤਲੇਆਮ ਦੇ ਦੋ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਤਿਹਾੜ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਨ। ਸੱਜਣ ਕੁਮਾਰ ਵਿਰੁੱਧ ਕਤਲੇਆਮ, ਹੱਤਿਆ ਅਤੇ ਡਕੈਤੀ ਦੇ ਦੋਸ਼ਾਂ ਹੇਠ ਆਈ.ਪੀ.ਸੀ. (IPC) ਦੀਆਂ ਧਾਰਾਵਾਂ 147, 149, 148, 302, 308, 323, 395, 397, 427, 436, 440 ਤਹਿਤ ਕੇਸ ਦਰਜ ਕੀਤਾ ਗਿਆ ਸੀ।

ਦਿੱਲੀ ਕੈਂਟ ਦੀ ਪਾਲਮ ਕਾਲੋਨੀ ਵਿੱਚ 5 ਸਿੱਖਾਂ ਦੇ ਕਤਲ ਤੋਂ ਬਾਅਦ ਗੁਰਦੁਆਰਾ ਸਾਹਿਬ ਨੂੰ ਅੱਗ ਲਗਾ ਦਿੱਤੀ ਗਈ ਸੀ। ਇਸ ਕੇਸ ਵਿੱਚ ਸੱਜਣ ਕੁਮਾਰ ਨੂੰ ਦੋਸ਼ੀ ਪਾਇਆ ਗਿਆ। ਦਿੱਲੀ ਹਾਈ ਕੋਰਟ ਨੇ 17 ਦਸੰਬਰ 2018 ਨੂੰ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਸਤੰਬਰ 2023 ਨੂੰ * ਬਾਕੀ ਸਫ਼ਾ 2 'ਤੇ

## ਵੀਜ਼ਿਆਂ 'ਤੇ AI ਦਾ ਅਸਰ:

### ਭਾਰਤ ਦੀ 28 ਮੈਂਬਰੀ ਟੀਮ 'ਚੋਂ 10 ਮੈਂਬਰਾਂ ਨੂੰ ਹਟਾਇਆ



(ਪੰਜਾਬ ਸਟਾਰ ਬਿਓਰੋ): ਵਿਸ਼ਵ ਪੱਧਰੀ ਭੁਗਤਾਨ ਕੰਪਨੀ 'ਵੀਜ਼ਾ' (Visa) ਨੇ ਆਪਣੇ ਵਿਸ਼ਵਵਿਆਪੀ ਕਰਮਚਾਰੀਆਂ ਦੀ ਗਿਣਤੀ ਵਿੱਚ ਲਗਭਗ 7 ਫੀਸਦੀ—ਜਾਂ ਲਗਭਗ 2,600 ਨੌਕਰੀਆਂ—ਦੀ ਕਟੌਤੀ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਕੰਪਨੀ ਦੀ ਉਸ ਰਣਨੀਤੀ ਦਾ ਹਿੱਸਾ ਹੈ ਜਿਸ ਤਹਿਤ ਉਹ 'ਏਜੈਂਟਿਕ ਏਆਈ' (agentic AI) ਦੇ ਆਧਾਰ 'ਤੇ ਆਪਣੇ ਕੰਮਕਾਜ ਨੂੰ ਮੁੜ-ਵਿਉਂਤਬੱਧ ਕਰ ਰਹੀ ਹੈ। 'ਏਜੈਂਟਿਕ ਏਆਈ' ਇੱਕ ਅਜਿਹੀ ਤਕਨੀਕ ਹੈ ਜੋ ਮਨੁੱਖ ਵੱਲੋਂ ਹਰ ਕਦਮ 'ਤੇ ਦਿੱਤੇ ਜਾਣ ਵਾਲੇ ਨਿਰਦੇਸ਼ਾਂ ਦੀ ਉਡੀਕ ਕੀਤੇ ਬਿਨਾਂ, ਕਈ ਕੰਮਾਂ ਨੂੰ ਸੁਤੰਤਰ ਤੌਰ 'ਤੇ ਕਰਨ ਦੇ ਸਮਰੱਥ ਹੈ। ਵਿੱਤੀ ਸਾਲ 2025-26 ਵਿੱਚ ਵੀਜ਼ਾ (Visa) ਦੇ ਕਰੀਬ 34,100 ਕਰਮਚਾਰੀ ਸਨ; ਇਸ ਦੇ ਆਧਾਰ 'ਤੇ, ਲਗਭਗ ਹਰ 14 ਵਿੱਚੋਂ ਇੱਕ ਕਰਮਚਾਰੀ ਇਸ ਤੋਂ ਪ੍ਰਭਾਵਿਤ ਹੋਇਆ ਹੈ। ਵੀਜ਼ਾ ਬੈਂਗਲੁਰੂ, ਮੁੰਬਈ, ਚੇਨਈ ਅਤੇ ਹੈਦਰਾਬਾਦ ਵਿੱਚ ਸਥਿਤ ਆਪਣੇ ਤਕਨਾਲੋਜੀ ਅਤੇ ਕਾਰਪੋਰੇਟ ਕੇਂਦਰਾਂ ਵਿੱਚ 3,500 ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦਿੰਦੀ ਹੈ। ਕੰਪਨੀ ਨੇ ਭਾਰਤ ਵਿੱਚ ਨੌਕਰੀਆਂ ਤੋਂ ਕੱਢੇ ਗਏ ਲੋਕਾਂ ਦੀ ਸਹੀ ਗਿਣਤੀ ਦਾ ਖੁਲਾਸਾ ਨਹੀਂ ਕੀਤਾ ਹੈ; ਹਾਲਾਂਕਿ, ਰਿਪੋਰਟਾਂ ਦੱਸਦੀਆਂ ਹਨ * ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਭਾਰਤੀਆਂ 'ਤੇ ਸਖ਼ਤੀ

### ਅਗਸਤ ਦੇ ਪਹਿਲੇ 15 ਦਿਨਾਂ 'ਚ ਹਜ਼ਾਰਾਂ ਡਿਪੋਰਟ



ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਡਿਪੋਰਟੇਸ਼ਨ ਮੁਹਿੰਮ ਤੇਜ਼ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ। ਦਿੱਤੀ ਗਈ ਜਾਣਕਾਰੀ ਮੁਤਾਬਕ ਅਗਸਤ ਦੇ ਪਹਿਲੇ 15 ਦਿਨਾਂ ਵਿੱਚ ਹੀ 5,200 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਜਾ ਚੁੱਕਾ ਹੈ। ਇਸ ਵਾਰ ਕਾਰਵਾਈ ਸਿਰਫ਼ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਪਹੁੰਚਣ ਵਾਲਿਆਂ ਤੱਕ ਸੀਮਤ ਨਹੀਂ ਦੱਸੀ ਜਾ ਰਹੀ, ਸਗੋਂ H-1B, O-1 ਅਤੇ ਸਟੂਡੈਂਟ ਵੀਜ਼ਾ 'ਤੇ ਗਏ ਭਾਰਤੀ ਵੀ ਇਸ ਸੂਚੀ ਵਿੱਚ ਸ਼ਾਮਲ ਹਨ।

**ਪ੍ਰੋਫੈਸ਼ਨਲ ਅਤੇ ਵਿਦਿਆਰਥੀ ਵੀ ਕਾਰਵਾਈ ਦੇ ਘੇਰੇ 'ਚ**

ਇਮੀਗ੍ਰੇਸ਼ਨ ਅਧਿਕਾਰੀ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗ੍ਰਿਫ਼ਤਾਰੀ ਅਤੇ ਡਿਪੋਰਟੇਸ਼ਨ ਦੋਵਾਂ ਵਿੱਚ ਵਾਧਾ ਹੋਇਆ ਹੈ। ਇਸ ਸਾਲ ਦੇ ਅਖੀਰ ਤੱਕ ਡਿਪੋਰਟੇਸ਼ਨ ਦੀ ਗਿਣਤੀ ਰਿਕਾਰਡ ਪੱਧਰ ਤੱਕ * ਬਾਕੀ ਸਫ਼ਾ 2 'ਤੇ

## ਅਮਰੀਕਾ 'ਚ 189 ਸਿੱਖਾਂ 'ਤੇ ਨਸਲੀ ਹਮਲੇ

### 2025 ਦੌਰਾਨ ਨਫ਼ਰਤੀ ਘਟਨਾਵਾਂ 'ਚ 24.6 ਫ਼ੀਸਦੀ ਵਾਧਾ



ਨਿਊ ਯਾਰਕ, (ਪੰਜਾਬ ਸਟਾਰ ਬਿਓਰੋ): ਅਮਰੀਕਾ ਵਿਚ ਸਿੱਖਾਂ ਉਤੇ ਨਸਲੀ ਹਮਲਿਆਂ ਵਿਚ 24.6 ਫ਼ੀ ਸਦੀ ਵਾਧਾ ਹੋਇਆ ਹੈ ਅਤੇ 2025 ਦੌਰਾਨ 189 ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ। ਐਫ਼.ਬੀ.ਆਈ. ਵੱਲੋਂ ਜਾਰੀ ਅੰਕੜਿਆਂ ਮੁਤਾਬਕ ਅਮਰੀਕਾ ਵਿਚ ਨਫ਼ਰਤੀ ਅਪਰਾਧ 7 ਫ਼ੀ ਸਦੀ ਘਟੇ ਅਤੇ ਪਿਛਲੇ ਸਾਲ 10,606 ਵਾਰਦਾਤਾਂ ਸਾਹਮਣੇ ਆਈਆਂ ਜਦਕਿ 2024 ਦੌਰਾਨ 11,404 ਮਾਮਲੇ ਸਾਹਮਣੇ ਆਏ ਸਨ।

ਸਿੱਖ ਕੋਲੀਸ਼ਨ ਨੇ * ਬਾਕੀ ਸਫ਼ਾ 2 'ਤੇ




**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**

ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?

- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

**ਹੁਣੇ ਹੀ ਕਾਲ ਕਰੋ**

75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

Late Evening and Weekends Appointments Available 1888-864-3131



Jasbir Singh Hundal
Registered Credit Counsellor

www.MakeMeDebtFree.ca 416-502-3100 Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS

**We Help Get You the Compensation You Deserve**

Book a free consultation:
**1-833-BRAR-LAW**

**PERSONAL INJURY**

- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਯੂਨਾਨ ਦੇ ਸੈਰ-ਸਪਾਟਾ ਟਾਪੂ ਸਿਫਨੋਸ 'ਤੇ ਹੈਲੀਕਾਪਟਰ ਹਾਦਸਾਗ੍ਰਸਤ, ਤਿੰਨ ਲੋਕਾਂ ਦੀ ਮੌਤ

ਏਥਨਜ਼: ਗ੍ਰੀਸ ਦੇ ਮਸ਼ਹੂਰ ਟਾਪੂ 'ਸਿਫਨੋਸ' 'ਤੇ ਇੱਕ ਨਿੱਜੀ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ ਹੈ। ਰਿਪੋਰਟਾਂ ਅਨੁਸਾਰ ਇਸ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ। ਇਸ ਦੌਰਾਨ, ਘਟਨਾ ਤੋਂ ਬਾਅਦ ਰਾਹਤ ਅਤੇ ਬਚਾਅ ਕਾਰਜ ਜਾਰੀ ਹਨ। ਇਸ ਘਟਨਾ ਦੀ ਇੱਕ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿੱਚ ਘਟਨਾ ਵਾਲੀ ਥਾਂ ਤੋਂ ਧੂੰਏਂ ਦੇ ਗੁਬਾਰ ਉੱਠਦੇ ਦਿਖਾਈ ਦੇ ਰਹੇ ਹਨ, ਜੋ ਦੂਰੋਂ ਵੀ ਸਾਫ਼ ਨਜ਼ਰ ਆ ਰਹੇ ਹਨ। ਫਿਲਹਾਲ, ਇਸ ਘਟਨਾ ਬਾਰੇ ਹੋਰ ਵੇਰਵੇ ਅਜੇ ਉਪਲਬਧ ਨਹੀਂ ਹਨ। ਅਧਿਕਾਰੀ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ।



ਯੂਨਾਨੀ ਅਧਿਕਾਰੀਆਂ ਨੇ ਦੱਸਿਆ ਕਿ ਸੋਮਵਾਰ ਨੂੰ ਸੈਲਾਨੀਆਂ ਵਿੱਚ ਮਕਬੂਲ ਟਾਪੂ 'ਸਿਫਨੋਸ' 'ਤੇ ਇੱਕ ਨਿੱਜੀ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ। ਇਸ ਘਟਨਾ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ। ਫਾਇਰ ਵਿਭਾਗ ਨੇ ਦੱਸਿਆ ਕਿ ਹੈਲੀਕਾਪਟਰ ਸਿਫਨੋਸ ਦੇ 'ਥੋਲੋਸ' ਇਲਾਕੇ ਵਿੱਚ ਡਿੱਗਿਆ ਅਤੇ ਉਸ ਨੂੰ ਅੱਗ ਲੱਗ ਗਈ। ਵਿਭਾਗ ਨੇ ਅੱਗੇ ਦੱਸਿਆ ਕਿ ਹਾਦਸੇ ਵਾਲੀ ਥਾਂ ਤੋਂ ਤਿੰਨ ਵਿਅਕਤੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਹੈਲੀਕਾਪਟਰ 'ਤੇ ਸਵਾਰ ਲੋਕਾਂ ਦੀ ਪਛਾਣ ਅਤੇ ਹਾਦਸੇ ਦੇ ਕਾਰਨਾਂ ਦਾ ਤੁਰੰਤ ਪਤਾ ਨਹੀਂ ਲੱਗ ਸਕਿਆ ਹੈ।

ਇਸ ਤੋਂ ਪਹਿਲਾਂ, ਹਾਲ ਹੀ ਵਿੱਚ ਪੂਰਬੀ ਇੰਗਲੈਂਡ ਦੇ ਏਸੈਕਸ (Essex) ਵਿੱਚ ਇੱਕ ਜਹਾਜ਼ ਹਾਦਸਾ ਵਾਪਰਿਆ ਸੀ। ਪੀੜਤਾਂ ਦੀ ਪਛਾਣ 24 ਸਾਲਾ ਭਾਰਤੀ ਵਿਦਿਆਰਥੀ ਅਤੇ ਭਾਰਤੀ ਮੂਲ ਦੇ 26 ਸਾਲਾ ਪਾਇਲਟ ਵਜੋਂ ਕੀਤੀ ਗਈ ਹੈ।

ਰਿਪੋਰਟਾਂ ਅਨੁਸਾਰ, ਉਨ੍ਹਾਂ ਨੇ ਦੋ ਸੀਟਾਂ ਵਾਲਾ ਜਹਾਜ਼ ਕਿਰਾਏ 'ਤੇ ਲਿਆ ਸੀ। 30 ਜੂਨ ਨੂੰ ਓਂਗਰ (Ongar) ਵਿਖੇ ਵਾਪਰੇ ਜਹਾਜ਼ ਹਾਦਸੇ ਦੀ ਜਾਂਚ ਕਰ ਰਹੇ ਐਸੈਕਸ ਪੁਲਿਸ ਦੇ ਜਾਸੂਸਾਂ ਨੇ ਦੱਸਿਆ ਕਿ ਉਨ੍ਹਾਂ ਨੇ ਪੀੜਤਾਂ ਦੀ ਪਛਾਣ ਮੁਸਾਫਰ ਵਮਸ਼ੀ ਮੰਡਲਾ ਅਤੇ ਪਾਇਲਟ ਡਾਇਲਨ ਪਟੇਲ ਵਜੋਂ ਕਰਨ ਦੀ ਪ੍ਰਕਿਰਿਆ ਪੂਰੀ ਕਰ ਲਈ ਹੈ। ਦੋਵਾਂ ਨੇ ਨੌਰਥ ਵੀਲਡ ਏਅਰਫੀਲਡ (North Weald Airfield) ਤੋਂ ਉਡਾਣ ਭਰੀ ਸੀ। ਇਹ ਉਡਾਣ ਮੰਡਲਾ ਦੀ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਹੋਣ ਦੀ ਖੁਸ਼ੀ ਵਿੱਚ ਇੱਕ "ਛੋਟੇ ਜਿਹੇ ਉਡਾਣ ਅਨੁਭਵ" (short flying experience) ਵਜੋਂ ਕੀਤੀ ਜਾਣੀ ਸੀ, ਪਰ ਉਡਾਣ ਭਰਨ ਤੋਂ ਕੁਝ ਸਮੇਂ ਬਾਅਦ ਹੀ ਹਾਦਸਾ ਵਾਪਰ ਗਿਆ।

ਐਸੈਕਸ ਪੁਲਿਸ ਦੇ ਡਿਟੈਕਟਿਵ ਚੀਫ਼ ਸੁਪਰਡੈਂਟ ਮੋਰਗਨ ਕਰੋਨਿਨ ਨੇ ਕਿਹਾ, "ਮੈਂ ਅਤੇ ਮੇਰੇ ਅਧਿਕਾਰੀ ਵਾਮਸ਼ੀ ਅਤੇ ਡਾਇਲਨ ਦੇ ਪਰਿਵਾਰਾਂ ਤੇ ਦੋਸਤਾਂ ਦੇ ਨਾਲ ਹਾਂ, ਕਿਉਂਕਿ ਉਹ ਇਸ ਮੁਸ਼ਕਿਲ ਦੌਰ ਵਿੱਚੋਂ ਲੰਘ ਰਹੇ ਹਨ।" ਉਨ੍ਹਾਂ ਅੱਗੇ ਕਿਹਾ, "ਰਸਮੀ ਸ਼ਨਾਖਤ ਦੀ ਪ੍ਰਕਿਰਿਆ ਕਾਫ਼ੀ ਗੁੰਝਲਦਾਰ ਸੀ ਅਤੇ ਅਸੀਂ ਇਸਨੂੰ ਬਹੁਤ ਸੰਵੇਦਨਸ਼ੀਲਤਾ ਨਾਲ ਪੂਰਾ ਕੀਤਾ ਹੈ।" ਮੈਂ ਉਨ੍ਹਾਂ ਲੋਕਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਘਟਨਾ ਦੇ ਸਮੇਂ ਮਦਦ ਕੀਤੀ ਅਤੇ ਉਨ੍ਹਾਂ ਦਾ ਵੀ ਜੋ ਜਾਂਚ ਵਿੱਚ ਸ਼ਾਮਲ ਸਨ। ਜਿਸ ਤਰ੍ਹਾਂ ਉਨ੍ਹਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ ਅਤੇ ਵਮਸ਼ੀ ਤੇ ਡਾਇਲਨ ਦੇ ਸਨਮਾਨ ਦਾ ਖਿਆਲ ਰੱਖਿਆ, ਉਹ ਸ਼ਲਾਘਾਯੋਗ ਹੈ।

# ਅਮਰੀਕਾ ਵਿਖੇ ਦੋ ਭਾਰਤੀ ਆਈ.ਸੀ.ਈ ਦੀ ਹਿਰਾਸਤ 'ਚ

ਅਮਰੀਕਾ ਦੀ ਸਖ਼ਤ ਪਰਵਾਸ ਨੀਤੀ ਅਤੇ ਦੇਸ਼ ਨਿਕਾਲੇ ਦੀ ਮੁਹਿੰਮ ਦੌਰਾਨ ਭਾਰਤੀ ਮੂਲ ਦੇ ਦੋ ਜਣਿਆਂ ਨੂੰ ਵੱਖ-ਵੱਖ ਮਾਮਲਿਆਂ ਹਿਰਾਸਤ ਵਿੱਚ ਲਿਆ ਗਿਆ ਹੈ। ਇਨ੍ਹਾਂ ਵਿੱਚੋਂ ਇੱਕ ਜੈਜ਼ ਗਿਟਾਰ ਵਾਦਕ ਤੇ ਸਿੱਖਿਅਕ ਪ੍ਰਿਤੇਸ਼ ਵਾਲੀਆ ਅਤੇ ਦੂਜੀ ਗਰੀਨ ਕਾਰਡ ਧਾਰਕ ਬਜ਼ੁਰਗ ਮਹਿਲਾ ਹੈ। ਦਿੱਲੀ ਵਿੱਚ ਜਨਮੇ ਪ੍ਰਿਤੇਸ਼ ਵਾਲੀਆ ਨੂੰ ਇਸ ਮਹੀਨੇ ਦੀ ਸ਼ੁਰੂਆਤ ਵਿੱਚ ਲਾਸ ਏਂਜਲਸ ਪਰਤਣ ਮਗਰੋਂ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ਆਈ ਸੀ ਈ) ਨੇ ਹਿਰਾਸਤ ਵਿੱਚ ਲਿਆ ਸੀ। ਪ੍ਰਿਤੇਸ਼ ਦੀ ਇੰਸਟਾਗ੍ਰਾਮ ਪੋਸਟ ਅਨੁਸਾਰ ਉਸ ਨੂੰ ਅਡੇਲਾਂਟੋ ਆਈ ਸੀ ਈ ਪ੍ਰੋਸੈਸਿੰਗ ਸੈਂਟਰ ਵਿੱਚ ਰੱਖਿਆ ਗਿਆ ਸੀ; ਹਾਲਾਂਕਿ ਹਾਲੇ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਉਸ ਕੋਲ ਕਿਹੜਾ ਵੀਜ਼ਾ ਸੀ ਅਤੇ ਉਸ ਨੂੰ ਕਿਉਂ ਹਿਰਾਸਤ ਵਿੱਚ ਲਿਆ ਗਿਆ। ਵਾਲੀਆ ਨੇ ਦੱਸਿਆ ਕਿ 14 ਦਿਨਾਂ ਬਾਅਦ ਉਸ ਨੂੰ ਜ਼ਮਾਨਤ ਮਿਲ ਗਈ ਹੈ ਪਰ ਕਾਨੂੰਨੀ ਕਾਰਵਾਈ ਹਾਲੇ ਜਾਰੀ ਹੈ।




ਦੂਜਾ ਮਾਮਲਾ 2013 ਤੋਂ ਗਰੀਨ ਕਾਰਡ ਧਾਰਕ ਬਜ਼ੁਰਗ ਔਰਤ ਵੈਂਕਟਾ ਵਸਮਸੈੱਟੀ ਦਾ ਹੈ। ਪਿਛਲੇ 27 ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਹੀ ਵਸਮਸੈੱਟੀ ਨੂੰ 11 ਅਗਸਤ ਨੂੰ ਨੌਰਥ ਕੈਰੋਲੀਨਾ ਦੇ ਆਈ ਸੀ ਈ ਦਫ਼ਤਰ ਵਿੱਚ ਨਿਯਮਤ ਪੇਸ਼ੀ ਦੌਰਾਨ ਹਿਰਾਸਤ ਵਿੱਚ ਲਿਆ ਗਿਆ। ਉਹ ਨੌਰਥ ਕੈਰੋਲੀਨਾ ਵਿੱਚ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਪੜ੍ਹਾਉਂਦੀ ਹੈ ਅਤੇ ਉਸ ਦੇ ਬੱਚੇ ਅਮਰੀਕੀ ਨਾਗਰਿਕ ਹਨ। ਕੁਝ ਮਹੀਨੇ ਪਹਿਲਾਂ ਹੀ ਇਮੀਗ੍ਰੇਸ਼ਨ ਜੱਜ ਨੇ ਉਸ ਖ਼ਿਲਾਫ਼ ਦੇਸ਼ ਨਿਕਾਲੇ ਦੀ ਕਾਰਵਾਈ ਰੱਦ ਕਰ ਦਿੱਤੀ ਸੀ। ਉਹ 2022 ਵਿੱਚ ਆਪਣੇ ਬਿਮਾਰ ਮਾਪਿਆਂ ਦੀ ਦੇਖਭਾਲ ਲਈ ਭਾਰਤ ਗਈ ਸੀ ਅਤੇ ਕੋਵਿਡ-19 ਕਾਰਨ ਫਰਵਰੀ 2023 ਵਿੱਚ ਵਾਪਸ ਪਰਤੀ ਸੀ।

ਅਮਰੀਕੀ ਨਿਯਮਾਂ ਅਨੁਸਾਰ 180 ਦਿਨਾਂ ਤੋਂ ਵੱਧ ਸਮਾਂ ਦੇਸ਼ ਤੋਂ ਬਾਹਰ ਰਹਿਣ ਵਾਲੇ ਗਰੀਨ ਕਾਰਡ ਧਾਰਕਾਂ ਤੋਂ ਵਾਪਸੀ 'ਤੇ ਸਖ਼ਤ ਪੁੱਛ-ਪੜਤਾਲ ਕੀਤੀ ਜਾ ਸਕਦੀ ਹੈ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਕੀ ਉਹ ਅਮਰੀਕਾ ਨੂੰ ਆਪਣਾ ਪੱਕਾ ਘਰ ਮੰਨਦੇ ਹਨ ਜਾਂ ਨਹੀਂ। ਹੁਣ ਉਸ ਦੇ ਵਕੀਲਾਂ ਨੇ ਜੌਰਜੀਆ ਦੇ ਨਜ਼ਰਬੰਦੀ ਕੇਂਦਰ ਵਿੱਚ ਉਸ ਨੂੰ ਰੱਖੇ ਜਾਣ ਖ਼ਿਲਾਫ਼ ਪਟੀਸ਼ਨ ਦਾਇਰ ਕੀਤੀ ਹੈ। ਫੈਡਰਲ ਜੱਜ ਨੇ ਇਮੀਗ੍ਰੇਸ਼ਨ ਅਧਿਕਾਰੀਆਂ ਤੋਂ ਹਿਰਾਸਤ ਦਾ ਕਾਨੂੰਨੀ ਆਧਾਰ ਮੰਗਿਆ ਹੈ।

# 27 ਸਾਲ ਤੋਂ ਅਮਰੀਕਾ 'ਚ ਰਹਿ ਰਹੀ ਭਾਰਤੀ ਮੂਲ ਦੀ ਔਰਤ ਨੂੰ ਡਿਪੋਰਟੇਸ਼ਨ ਦੇ ਖ਼ਤਰੇ ਵਿਚਾਲੇ ICE ਨੇ ਕੀਤਾ ਡਿਟੇਨ

ਵਾਸ਼ਿੰਗਟਨ: ਅਮਰੀਕਾ ਵਿੱਚ ਲਗਭਗ 27 ਸਾਲ ਤੋਂ ਰਹਿ ਰਹੀ ਭਾਰਤੀ ਮੂਲ ਦੀ ਵੈਂਕਟਾ ਵਾਸਮਸੇੱਟੀ ਨੂੰ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ICE) ਨੇ ਹਿਰਾਸਤ ਵਿੱਚ ਲੈ ਲਿਆ ਹੈ। 11 ਅਗਸਤ ਨੂੰ ਸ਼ਾਰਲੋਟ ਸਥਿਤ ICE ਦਫ਼ਤਰ ਵਿੱਚ ਨਿਯਮਤ ਚੈੱਕ-ਇਨ ਦੌਰਾਨ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਡਿਟੇਨ ਕਰ ਲਿਆ ਗਿਆ। ਵੈਂਕਟਾ ਕੋਲ 2013 ਤੋਂ ਗ੍ਰੀਨ ਕਾਰਡ ਹੈ ਅਤੇ ਉਹ ਨੌਰਥ ਕੈਰੋਲੀਨਾ ਦੇ ਇੱਕ ਸਰਕਾਰੀ ਸਕੂਲ ਵਿੱਚ ਸਪੈਸ਼ਲ-ਨੀਡਜ਼ ਬੱਚਿਆਂ ਨੂੰ ਪੜ੍ਹਾਉਂਦੀ ਹੈ।



**ਬਿਮਾਰ ਮਾਪਿਆਂ ਦੀ ਦੇਖਭਾਲ ਲਈ ਭਾਰਤ ਗਈ ਸੀ**

ਵੈਂਕਟਾ ਜੁਲਾਈ 2022 ਵਿੱਚ ਆਪਣੇ ਬਿਮਾਰ ਮਾਪਿਆਂ ਦੀ ਦੇਖਭਾਲ ਲਈ ਭਾਰਤ ਗਈ ਸੀ। ਭਾਰਤ ਵਿੱਚ ਰਹਿੰਦਿਆਂ ਉਹ ਕੋਵਿਡ ਦੀ ਲਪੇਟ ਵਿੱਚ ਆ ਗਈ ਅਤੇ ਕਰੀਬ ਦੋ ਹਫ਼ਤੇ ਹਸਪਤਾਲ ਵਿੱਚ ਦਾਖ਼ਲ ਰਹੀ। ਸਿਹਤ ਸਬੰਧੀ ਸਮੱਸਿਆਵਾਂ ਕਾਰਨ ਉਹ ਲਗਭਗ ਸੱਤ ਮਹੀਨੇ ਬਾਅਦ ਫਰਵਰੀ 2023 ਵਿੱਚ ਅਮਰੀਕਾ ਵਾਪਸ ਪਹੁੰਚੀ।

ਅਮਰੀਕੀ ਅਧਿਕਾਰੀਆਂ ਨੇ ਉਨ੍ਹਾਂ ਦੀ ਲੰਬੀ ਗੈਰ-ਮੌਜੂਦਗੀ ਨੂੰ ਲੈ ਕੇ ਇਹ ਸਵਾਲ ਉਠਾਇਆ ਕਿ ਕੀ ਉਨ੍ਹਾਂ ਨੇ ਅਮਰੀਕਾ ਨੂੰ ਆਪਣਾ ਸਥਾਈ ਨਿਵਾਸ ਬਣਾਈ ਰੱਖਿਆ ਸੀ ਜਾਂ ਨਹੀਂ। ਵੈਂਕਟਾ ਦੇ ਵਕੀਲਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਘਰ, ਨੌਕਰੀ ਅਤੇ ਪਰਿਵਾਰ ਅਮਰੀਕਾ ਵਿੱਚ ਹੀ ਹੈ ਅਤੇ ਉਨ੍ਹਾਂ ਦਾ ਪੱਕੇ ਤੌਰ 'ਤੇ ਭਾਰਤ ਵਾਪਸ ਜਾਣ ਦਾ ਕੋਈ ਇਰਾਦਾ ਨਹੀਂ ਸੀ।

**ਮਈ 'ਚ ਡਿਪੋਰਟੇਸ਼ਨ ਕੇਸ ਹੋਇਆ ਸੀ ਖ਼ਤਮ**

ਵੈਂਕਟਾ ਖ਼ਿਲਾਫ਼ ਡਿਪੋਰਟੇਸ਼ਨ ਦੀ ਕਾਰਵਾਈ ਚੱਲ ਰਹੀ ਸੀ ਅਤੇ ਉਨ੍ਹਾਂ ਨੂੰ ਨਿਯਮਤ ਤੌਰ 'ਤੇ ICE ਸਾਹਮਣੇ ਪੇਸ਼ ਹੋਣਾ ਪੈਂਦਾ ਸੀ। 19 ਮਈ ਨੂੰ ਇਮੀਗ੍ਰੇਸ਼ਨ ਜੱਜ ਨੇ ਇਹ ਕੇਸ ਖ਼ਤਮ ਕਰ ਦਿੱਤਾ ਸੀ। ਜੱਜ ਮੁਤਾਬਕ ਸਰਕਾਰ ਅਜਿਹੇ ਸਪੱਸ਼ਟ ਅਤੇ ਠੋਸ ਸਬੂਤ ਪੇਸ਼ ਨਹੀਂ ਕਰ ਸਕੀ, ਜਿਨ੍ਹਾਂ ਦੇ ਆਧਾਰ 'ਤੇ ਵੈਂਕਟਾ ਨੂੰ ਅਮਰੀਕਾ ਤੋਂ ਬਾਹਰ ਭੇਜਿਆ ਜਾ ਸਕੇ। ਇਸ ਦੇ ਬਾਵਜੂਦ 11 ਅਗਸਤ ਨੂੰ ਚੈੱਕ-ਇਨ ਦੌਰਾਨ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਫਿਲਹਾਲ ਉਹ ਜਾਰਜੀਆ ਦੇ ਇਰਵਿਨ ਕਾਊਂਟੀ ਡਿਟੇਨਸ਼ਨ ਸੈਂਟਰ ਵਿੱਚ ਹਨ।

**ਡਾਇਬਟੀਜ਼ ਦੀ ਮਰੀਜ਼, ਕੋਰਟ 'ਚ ਚੁਣੌਤੀ**

ਵੈਂਕਟਾ ਨੂੰ ਗੰਭੀਰ ਡਾਇਬਟੀਜ਼ ਹੈ। ਉਨ੍ਹਾਂ ਦੇ ਵਕੀਲਾਂ ਮੁਤਾਬਕ ਹਿਰਾਸਤ ਵਿੱਚ ਲਏ ਜਾਣ ਸਮੇਂ ਉਨ੍ਹਾਂ ਕੋਲ ਇਨਸੁਲਿਨ ਅਤੇ ਲੋੜੀਂਦੀ ਮੈਡੀਕਲ ਸਪਲਾਈ ਨਹੀਂ ਸੀ।

ਵਕੀਲਾਂ ਨੇ ਫੈਡਰਲ ਕੋਰਟ ਵਿੱਚ ਉਨ੍ਹਾਂ ਦੀ ਹਿਰਾਸਤ ਨੂੰ ਚੁਣੌਤੀ ਦਿੱਤੀ ਹੈ। 13 ਅਗਸਤ ਨੂੰ ਜੱਜ ਨੇ ICE ਨੂੰ ਤਿੰਨ ਦਿਨਾਂ ਅੰਦਰ ਇਹ ਦੱਸਣ ਲਈ ਕਿਹਾ ਕਿ ਵੈਂਕਟਾ ਨੂੰ ਹਿਰਾਸਤ ਵਿੱਚ ਰੱਖਣ ਦਾ ਕਾਨੂੰਨੀ ਆਧਾਰ ਕੀ ਹੈ। ਵੈਂਕਟਾ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ। ਉਨ੍ਹਾਂ ਦੀਆਂ ਦੋ ਧੀਆਂ ਅਤੇ ਦੋ ਪੋਤੇ-ਪੋਤੀਆਂ ਅਮਰੀਕੀ ਨਾਗਰਿਕ ਹਨ।

# ਪੇਜ ਇੱਕ ਦੀ ਬਾਕੀ

## ਅਮਰੀਕਾ ਦੇ ਇੰਡੀਆਨਾ...

ਕਿ ਪਾਣੀ ਨਾਲ ਭਰੀ ਸੜਕ 'ਤੇ ਉਸ ਦੀ ਕਾਰ ਵਹਿ ਗਈ ਸੀ। ਐਂਡਰਸਨ ਅਤੇ ਨੋਬਲਸਵਿਲ ਖੇਤਰਾਂ ਵਿੱਚ 'ਵਾਈਟ ਰਿਵਰ' ਦੇ ਪਾਣੀ ਦਾ ਪੱਧਰ 24 ਫੁੱਟ (ਲਗਭਗ 7.32 ਮੀਟਰ) ਤੋਂ ਉੱਪਰ ਚਲਾ ਗਿਆ, ਜਿਸ ਨਾਲ 1913 ਵਿੱਚ ਬਣਿਆ ਰਿਕਾਰਡ ਟੁੱਟ ਗਿਆ। ਇੰਡੀਆਨਾਪੋਲਿਸ ਦੇ ਮੇਅਰ ਜੋ ਹੌਗਸੈਟ ਨੇ ਇਸ ਨੂੰ ਪਿਛਲੇ 30 ਸਾਲਾਂ ਦੌਰਾਨ ਸ਼ਹਿਰ ਵਿੱਚ ਆਏ ਸਭ ਤੋਂ ਭਿਆਨਕ ਹੜ੍ਹ ਵਜੋਂ ਦਰਸਾਇਆ। ਐਤਵਾਰ ਦੁਪਹਿਰ ਤੱਕ, ਰਾਜ ਵਿੱਚ ਲਗਭਗ 1,30,000 ਬਿਜਲੀ ਖਪਤਕਾਰ ਬਿਜਲੀ ਤੋਂ ਵਾਂਝੇ ਸਨ। ਸੜਕਾਂ ਅਤੇ ਪੁਲਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ, ਅਤੇ ਤੇਜ਼ੀ ਨਾਲ ਵੱਗਦੇ ਪਾਣੀ ਨੇ ਕਈ ਥਾਵਾਂ 'ਤੇ ਮੁੱਖ ਰਸਤਿਆਂ ਨੂੰ ਬੰਦ ਕਰ ਦਿੱਤਾ।

## ਇੰਡੋਨੇਸ਼ੀਆ ਦੇ...

ਬਦਲਾਅ ਨਹੀਂ ਪਾਇਆ ਗਿਆ ਜਿਸ ਨਾਲ ਤੱਟਵਰਤੀ ਇਲਾਕਿਆਂ ਲਈ ਖ਼ਤਰਾ ਪੈਦਾ ਹੋਵੇ। ਉੱਥੇ ਹੀ ਅਮਰੀਕਾ ਦੇ ਭੂ-ਵਿਗਿਆਨਕ ਸਰਵੇਖਣ ਨੇ ਦੱਸਿਆ ਕਿ ਭੂਚਾਲ ਸਥਾਨਕ ਸਮੇਂ ਅਨੁਸਾਰ ਸਵੇਰੇ 5 ਵੱਜ ਕੇ 58 ਮਿੰਟ 'ਤੇ ਇੰਡੋਨੇਸ਼ੀਆ ਦੇ ਫਲੋਰੇਸ ਖੇਤਰ ਵਿੱਚ 10 ਕਿਲੋਮੀਟਰ ਦੀ ਡੂੰਘਾਈ 'ਤੇ ਆਇਆ। ਇਸ ਦਾ ਕੇਂਦਰ ਪੂਰਬੀ ਨੂਸਾ ਤੇਂਗਾਰਾ ਸੂਬੇ ਦੇ ਐਂਡੇ ਸ਼ਹਿਰ ਤੋਂ 68 ਕਿਲੋਮੀਟਰ ਉੱਤਰ-ਪੱਛਮ ਵਿੱਚ ਸੀ। ਸ਼ੁਰੂਆਤੀ ਭੂਚਾਲ ਤੋਂ ਬਾਅਦ ਕਈ ਝਟਕੇ ਮਹਿਸੂਸ ਕੀਤੇ ਗਏ।

ਮੌਸਮ ਵਿਗਿਆਨ ਏਜੰਸੀ ਨੇ ਦੱਸਿਆ ਕਿ ਭੂਚਾਲ ਤੋਂ ਬਾਅਦ 235 ਝਟਕੇ ਮਹਿਸੂਸ ਕੀਤੇ ਗਏ। ਕੌਮੀ ਆਫ਼ਤ ਪ੍ਰਬੰਧਨ ਏਜੰਸੀ ਮੁਤਾਬਕ ਬਚਾਅ ਕਰਮਚਾਰੀਆਂ ਨੇ ਘੱਟੋ-ਘੱਟ 47 ਲਾਸ਼ਾਂ ਬਰਾਮਦ ਕੀਤੀਆਂ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸਿੱਕਾ, ਮੰਗਰਾਈ ਅਤੇ ਪੂਰਬੀ ਮੰਗਰਾਈ ਖੇਤਰਾਂ ਵਿੱਚ ਮਿਲੀਆਂ ਹਨ। ਏਜੰਸੀ ਮੁਤਾਬਕ ਘੱਟੋ-ਘੱਟ 50 ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਇਸ ਤੋਂ ਇਲਾਵਾ ਭੂਚਾਲ ਕਾਰਨ ਘੱਟੋ-ਘੱਟ 157 ਮਕਾਨ ਪੂਰੀ ਤਰ੍ਹਾਂ ਢਹਿ ਗਏ ਅਤੇ ਲਗਪਗ 200 ਹੋਰ ਨੁਕਸਾਨੇ ਗਏ। ਬਚਾਅ ਕਰਮਚਾਰੀ ਹੁਣ ਵੀ ਲਾਪਤਾ ਲੋਕਾਂ ਦੀ ਭਾਲ ਕਰ ਰਹੇ ਹਨ, ਜਿਨ੍ਹਾਂ ਦੇ ਮਲਬੇ ਹੇਠ ਦੱਬੇ ਹੋਣ ਦਾ ਖਦਸ਼ਾ ਹੈ।

## ਕੈਨੇਡਾ 'ਚ ਮਹਿੰਗਾਈ...

ਤਾਜ਼ਾ ਸਬਜ਼ੀਆਂ, ਚਿਕਨ ਅਤੇ ਅਨਾਜ ਆਧਾਰਤ ਉਤਪਾਦਾਂ ਦੀਆਂ ਕੀਮਤਾਂ ਵਿਚ ਕਮੀ ਆਈ ਪਰ ਬੈਰੀਜ਼ ਸਣੇ ਤਾਜ਼ੇ ਫ਼ਲ 6.1 ਫ਼ੀ ਸਦੀ ਮਹਿੰਗੇ ਹੋ ਗਏ। ਸਟੈਟਿਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ ਪਿਛਲੇ ਲਗਾਤਾਰ 18 ਮਹੀਨੇ ਤੋਂ ਗਰੌਸਰੀ ਨਾਲ ਸਬੰਧਤ ਮਹਿੰਗਾਈ ਨੇ ਹਰ ਖੇਤਰ ਨੂੰ ਪਛਾੜ ਦਿੱਤਾ ਹੈ।

**ਵਿਆਜ ਦਰਾਂ ਘਟਣ ਦੀਆਂ ਉਮੀਦਾਂ 'ਤੇ ਪਾਣੀ ਫਿਰਿਆ**

ਬੀ.ਐਮ.ਓ. ਦੇ ਸੀਨੀਅਰ ਇਕੌਨੋਮਿਸਟ ਰੌਬਰਟ ਕੈਵਚਿਕ ਦਾ ਕਹਿਣਾ ਸੀ ਕਿ ਗੈਸ ਅਤੇ ਫੂਡ ਨੇ ਮਹਿੰਗਾਈ ਨੂੰ ਸਭ ਤੋਂ ਜ਼ਿਆਦਾ ਪ੍ਰਭਾਵਤ ਕੀਤਾ ਅਤੇ ਜੇ ਗੈਸ ਕੀਮਤਾਂ ਨੂੰ ਮਹਿੰਗਾਈ ਦੇ ਅੰਕੜਿਆਂ ਵਿਚੋਂ ਹਟਾ ਦਿਤਾ ਜਾਵੇ ਤਾਂ ਕੰਜ਼ਿਊਮਰ ਪ੍ਰਾਈਸ ਇੰਡੈਕਸ 2.2 ਫ਼ੀ ਸਦੀ ਤੱਕ ਸੀਮਤ ਹੋ ਜਾਂਦਾ ਹੈ। ਆਰਥਿਕ ਮਾਹਰਾਂ ਮੁਤਾਬਕ ਜੁਲਾਈ ਦੌਰਾਨ ਕੁਝ ਭਖਦੇ ਮੁੱਦਿਆਂ ਦੇ ਬਾਵਜੂਦ ਮਹਿੰਗਾਈ ਨੇ ਵੱਡੀ ਛਾਲ ਨਹੀਂ ਮਾਰੀ ਅਤੇ ਤਿੰਨ ਫ਼ੀ ਸਦੀ ਦੇ ਅੰਕੜੇ ਤੱਕ ਸੀਮਤ ਰਹੀ।

ਦੂਜੇ ਪਾਸੇ, ਸੀ.ਆਈ.ਬੀ.ਸੀ. ਦੇ ਸੀਨੀਅਰ ਇਕੌਨੋਮਿਸਟ ਐਂਡਰਿਊ ਗ੍ਰੈਂਥਮ ਨੇ ਕਿਹਾ ਕਿ ਜੁਲਾਈ ਦੇ ਅੰਕੜਿਆਂ ਨੂੰ ਦੇਖਣ ਮਗਰੋਂ ਬੈਂਕ ਆਫ਼ ਕੈਨੇਡਾ ਵਿਆਜ ਦਰਾਂ ਵਿਚ ਕਟੌਤੀ ਬਾਰੇ ਸੋਚ ਵੀ ਨਹੀਂ ਸਕਦਾ। ਬਾਜ਼ਾਰ ਕੀਮਤਾਂ ਉਤੇ ਵਧ ਰਿਹਾ ਦਬਾਅ ਅਤੇ ਭਵਿੱਖ ਦੇ ਹਾਲਾਤ ਨੂੰ ਧਿਆਨ ਵਿਚ ਰਖਦਿਆਂ ਵਿਆਜ ਦਰਾਂ ਕੁਝ ਮਹੀਨੇ ਜਿਉਂ ਦੀਆਂ ਤਿਉਂ ਬਰਕਰਾਰ ਰਹਿਣ ਦੇ ਆਸਾਰ ਹਨ।

## ਕੈਨੇਡਾ ਨੇ ਰਾਹਤ...

ਲੋਕਾਂ 'ਤੇ ਪੈਂਦੀ ਹੈ ਜੋ ਪਹਿਲਾਂ ਹੀ ਜੰਗ, ਭੁੱਖ ਜਾਂ ਤਬਾਹੀ ਨਾਲ ਜੂਝ ਰਹੇ ਹਨ। ਉਨ੍ਹਾਂ ਸਪਸ਼ਟ ਕੀਤਾ ਹੈ ਕਿ ਕੌਮਾਂਤਰੀ ਮਨੁੱਖਤਾਵਾਦੀ ਕਾਨੂੰਨ ਦੀ ਪਾਲਣਾ ਜੰਗੀ ਧਿਰਾਂ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਆਮ ਨਾਗਰਿਕਾਂ, ਰਾਹਤ ਕਾਮਿਆਂ ਅਤੇ ਨਾਗਰਿਕ ਬੁਨਿਆਦੀ ਢਾਂਚੇ ਦੀ ਸੁਰੱਖਿਆ ਇਸ ਕਾਨੂੰਨੀ ਢਾਂਚੇ ਦਾ ਅਹਿਮ ਹਿੱਸਾ ਹੈ। ਸਰਾਏ ਨੇ ਕਿਹਾ ਕਿ ਮਨੁੱਖਤਾਵਾਦੀ ਕਾਮਿਆਂ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਵਾਲੇ ਹਮਲੇ ਬੰਦ ਹੋਣੇ ਚਾਹੀਦੇ ਹਨ।

## ਸਿੱਖ ਕਤਲੇਆਮ ਦੇ...

ਰਾਊਜ਼ ਐਵੇਨਿਊ ਕੋਰਟ ਨੇ ਦਿੱਲੀ ਦੇ ਸੁਲਤਾਨਪੁਰੀ ਵਿੱਚ 3 ਸਿੱਖਾਂ ਦੇ ਕਤਲ ਮਾਮਲੇ ਵਿੱਚ ਬਰੀ ਕਰ ਦਿੱਤਾ। ਕਤਲੇਆਮ ਵਿੱਚ ਸੀ.ਬੀ.ਆਈ. ਦੀ ਇੱਕ ਅਹਿਮ ਗਵਾਹ ਚਾਮ ਕੌਰ ਨੇ ਦੋਸ਼ ਲਗਾਇਆ ਸੀ ਕਿ ਸੱਜਣ ਭੀੜ ਨੂੰ ਭੜਕਾ ਰਹੇ ਸਨ।

1 ਨਵੰਬਰ 1984 ਨੂੰ ਸਰਸਵਤੀ ਵਿਹਾਰ ਵਿੱਚ ਸਰਦਾਰ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਤਰੁਣਦੀਪ ਸਿੰਘ ਦਾ ਕਤਲ ਹੋਇਆ ਸੀ। ਦੰਗਾਕਾਰੀਆਂ ਨੇ ਲੋਹੇ ਦੀਆਂ ਰਾਡਾਂ ਅਤੇ ਲਾਠੀਆਂ ਨਾਲ ਹਮਲਾ ਕੀਤਾ ਸੀ। ਇਸ ਤੋਂ ਬਾਅਦ ਦੋਵਾਂ ਸਿੱਖਾਂ ਨੂੰ ਜਿਊਂਦਾ ਸਾੜ ਦਿੱਤਾ। 12 ਫਰਵਰੀ 2025 ਨੂੰ ਦੋਸ਼ੀ ਠਹਿਰਾਏ ਗਏ । 25 ਫਰਵਰੀ ਨੂੰ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

1984 ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੱਤਿਆ ਤੋਂ ਬਾਅਦ ਸਿੱਖ ਬਹੁਗਿਣਤੀ ਵਾਲੇ ਇਲਾਕਿਆਂ ਵਿੱਚ ਕਤਲੇਆਮ ਹੋਇਆ ਸੀ, ਜਿਸ ਵਿਚ ਹਜ਼ਾਰਾਂ ਹਜ਼ਾਰਾਂ ਸਿੱਖ ਮਾਰੇ ਗਏ ਸਨ। ਜ਼ਿਕਰਯੋਗ ਹੈ ਕਿ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ ਸੀ। ਅਗਲੇ ਦਿਨ ਯਾਨੀ 1 ਨਵੰਬਰ ਨੂੰ ਦਿੱਲੀ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿੱਚ ਸਿੱਖਾਂ ਦਾ ਕਤਲੇਆਮ ਹੋਇਆ। ਇਕ ਸਰਕਾਰੀ ਖ਼ਬਰ ਏਜੰਸੀ ਅਨੁਸਾਰ ਉਦੋਂ ਸਿਰਫ਼ ਦਿੱਲੀ ਵਿੱਚ ਹੀ ਲਗਭਗ 2700 ਲੋਕ ਮਾਰੇ ਗਏ ਸਨ। ਦੇਸ਼ ਭਰ ਵਿੱਚ ਮਰਨ ਵਾਲਿਆਂ ਦਾ ਅੰਕੜਾ 3500 ਦੇ ਕਰੀਬ ਸੀ।

* ਮਈ 2000 ਵਿੱਚ ਸਿੱਖ ਕਤਲੇਆਮ ਦੀ ਜਾਂਚ ਲਈ ਜੀ.ਟੀ. ਨਾਨਾਵਤੀ ਕਮਿਸ਼ਨ ਦਾ ਗਠਨ ਹੋਇਆ।
* 24 ਅਕਤੂਬਰ 2005 ਨੂੰ ਸੀ.ਬੀ.ਆਈ. ਨੇ ਨਾਨਾਵਤੀ ਕਮਿਸ਼ਨ ਦੀ ਸਿਫਾਰਸ਼ 'ਤੇ ਕੇਸ ਦਰਜ ਕੀਤਾ।
*1 ਫਰਵਰੀ 2010 ਨੂੰ ਟਰਾਇਲ ਕੋਰਟ ਨੇ ਕਾਂਗਰਸ ਆਗੂ ਸੱਜਣ ਕੁਮਾਰ, ਬਲਵਾਨ ਖੋਖਰ, ਮਹਿੰਦਰ ਯਾਦਵ, ਕੈਪਟਨ ਭਾਗਮਲ, ਗਿਰਧਾਰੀ ਲਾਲ, ਕਿਸ਼ਨ ਖੋਖਰ, ਮਹਾ ਸਿੰਘ ਅਤੇ ਸੰਤੋਸ਼ ਰਾਣੀ ਨੂੰ ਸੰਮਨ ਜਾਰੀ ਕੀਤਾ।
* 30 ਅਪ੍ਰੈਲ 2013 ਨੂੰ ਕੋਰਟ ਨੇ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ।
* ਇਸ ਦੇ ਖ਼ਿਲਾਫ਼ ਸੀ.ਬੀ.ਆਈ. ਨੇ 19 ਜੁਲਾਈ 2013 ਨੂੰ ਹਾਈ ਕੋਰਟ ਵਿੱਚ ਅਪੀਲ ਕੀਤੀ। 22 ਜੁਲਾਈ 2013 ਨੂੰ ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਨੋਟਿਸ ਜਾਰੀ ਕੀਤਾ।
* 17 ਦਸੰਬਰ 2018 ਨੂੰ ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਪੰਜ ਸਿੱਖਾਂ ਦੇ ਕਤਲ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ।
* ਦੰਗਿਆਂ ਦੇ 21 ਸਾਲ ਬਾਅਦ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਸੰਸਦ ਵਿੱਚ ਮੁਆਫ਼ੀ ਮੰਗੀ ਸੀ। ਉਨ੍ਹਾਂ ਕਿਹਾ ਸੀ- ਜੋ ਕੁਝ ਵੀ ਹੋਇਆ, ਉਸ ਨਾਲ ਉਨ੍ਹਾਂ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।

## ਵੀਜ਼ਿਆਂ 'ਤੇ AI ਦਾ...

ਕਿ ਇੱਕ ਭਾਰਤੀ ਟੀਮ ਦੇ 28 ਮੈਂਬਰਾਂ ਵਿੱਚੋਂ 10 ਦੀਆਂ ਨੌਕਰੀਆਂ ਚਲੀਆਂ ਗਈਆਂ ਹਨ। ਪ੍ਰਭਾਵਿਤ ਕਰਮਚਾਰੀਆਂ ਵਿੱਚ ਸੀਨੀਅਰ ਡਾਇਰੈਕਟਰ, ਇੰਜੀਨੀਅਰਿੰਗ ਮੈਨੇਜਰ ਅਤੇ ਇੰਜੀਨੀਅਰ ਸ਼ਾਮਿਲ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਛਾਂਟੀ ਦਾ ਅਸਰ ਸਿਰਫ਼ ਸ਼ੁਰੂਆਤੀ ਜਾਂ ਜੂਨੀਅਰ ਪੱਧਰ ਦੇ ਕਰਮਚਾਰੀਆਂ ਤੱਕ ਹੀ ਸੀਮਤ ਨਹੀਂ ਰਿਹਾ ਹੈ।

ਕਰਮਚਾਰੀਆਂ ਨੂੰ ਕੀ ਮਿਲਿਆ ਅਤੇ ਛਾਂਟੀ ਤੋਂ ਬਾਅਦ ਕੀ ਹੋਇਆ?

ਪ੍ਰਭਾਵਿਤ ਕਰਮਚਾਰੀਆਂ ਨੂੰ 15 ਤੋਂ 30 ਦਿਨਾਂ ਦੀ ਨੋਟਿਸ ਮਿਆਦ ਅਤੇ ਇੱਕ ਛੁੱਟੀ ਪੈਕੇਜ ਦੀ ਪੇਸ਼ਕਸ਼ ਕੀਤੀ ਗਈ ਸੀ।

ਹਾਲਾਂਕਿ, ਬਹੁਤ ਸਾਰੇ ਕਰਮਚਾਰੀਆਂ ਦੇ ਲੈਪਟਾਪ ਖੋਹ ਲਏ ਗਏ ਸਨ ਅਤੇ ਕੰਪਨੀ ਸਿਸਟਮ ਤੱਕ ਉਨ੍ਹਾਂ ਦੀ ਪਹੁੰਚ ਨੂੰ ਸੂਚਿਤ ਕੀਤੇ ਜਾਣ ਤੋਂ ਤੁਰੰਤ ਬਾਅਦ ਰੱਦ ਕਰ ਦਿੱਤਾ ਗਿਆ ਸੀ।

ਨੌਕਰੀਆਂ ਵਿੱਚ ਕਟੌਤੀ ਨੇ ਮੁੱਖ ਤੌਰ 'ਤੇ ਤਕਨੀਕੀ ਅਤੇ ਉਤਪਾਦ ਟੀਮਾਂ ਨੂੰ ਪ੍ਰਭਾਵਿਤ ਕੀਤਾ ਹੈ।

ਇਸ ਕਦਮ ਨੇ ਕਰਮਚਾਰੀਆਂ ਵਿੱਚ ਨੌਕਰੀ ਨੂੰ ਲੈ ਕੇ ਅਨਿਸ਼ਚਿਤਤਾ ਵਧਾ ਦਿੱਤੀ ਹੈ। ਕੰਪਨੀ ਦੇ ਸੀਈਓ, ਮੈਕਇਨਰਨੀ ਨੇ ਇਸ ਨੂੰ ਸੰਕਟ ਨਹੀਂ, ਸਗੋਂ ਇੱਕ ਰਣਨੀਤਕ ਕਦਮ ਦੱਸਿਆ ਹੈ। ਉਨ੍ਹਾਂ ਅਨੁਸਾਰ, ਕੰਪਨੀ ਦਾ ਉਦੇਸ਼ ਭਵਿੱਖ ਵਿੱਚ ਵਿਕਾਸ ਦੀਆਂ ਵਧੇਰੇ ਸੰਭਾਵਨਾਵਾਂ ਵਾਲੇ ਖੇਤਰਾਂ ਵਿੱਚ ਸਰੋਤ ਵਧਾਉਣਾ ਹੈ ਅਤੇ ਇਸ ਰਣਨੀਤੀ ਦੇ ਕੇਂਦਰ ਵਿੱਚ ਏਆਈ (AI) ਹੈ।

ਵੀਜ਼ਾ (Visa) 'ਏਜੈਂਟਿਕ ਏਆਈ' (agentic AI) ਨੂੰ ਅਪਣਾਉਣ ਲਈ ਆਪਣੇ ਕੰਮਕਾਜ ਵਿੱਚ ਬਦਲਾਅ ਕਰ ਰਹੀ ਹੈ। ਇਸਦਾ ਅਰਥ ਹੈ ਕਿ ਕੰਪਨੀ ਅਜਿਹੇ ਸਿਸਟਮ ਅਤੇ ਪ੍ਰਕਿਰਿਆਵਾਂ ਵਿਕਸਤ ਕਰਨਾ ਚਾਹੁੰਦੀ ਹੈ ਜਿੱਥੇ ਏਆਈ (AI) ਖੁਦਮੁਖਤਿਆਰੀ ਨਾਲ ਵੱਖ-ਵੱਖ ਕੰਮ ਕਰ ਸਕੇ। ਵੀਜ਼ਾ ਦਾ ਮੰਨਣਾ ਹੈ ਕਿ ਇਸ ਨਾਲ ਕੰਮ ਦੇ ਭਵਿੱਖ ਨੂੰ ਨਵਾਂ ਰੂਪ ਮਿਲ ਸਕਦਾ ਹੈ ਅਤੇ ਸਾਧਨਾਂ ਨੂੰ ਤੇਜ਼ੀ ਨਾਲ ਵਿਕਾਸ ਕਰਨ ਵਾਲੇ ਖੇਤਰਾਂ ਵੱਲ ਲਗਾਇਆ ਜਾ ਸਕਦਾ ਹੈ। ਹਾਲਾਂਕਿ, ਭਾਰਤ ਵਿੱਚ ਉੱਚ-ਪੱਧਰੀ ਅਹੁਦਿਆਂ 'ਤੇ ਹੋ ਰਹੀ ਛਾਂਟੀ ਨੇ ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਕੀ ਅੀ ਦਾ ਪ੍ਰਭਾਵ ਸਿਰਫ਼ ਰੋਜ਼ਾਨਾ ਜਾਂ ਦੁਹਰਾਅ ਵਾਲੇ ਕੰਮਾਂ ਤੱਕ ਹੀ ਸੀਮਤ ਰਹੇਗਾ, ਜਾਂ ਕੀ ਤਜਰਬੇਕਾਰ ਕਰਮਚਾਰੀਆਂ ਦੀਆਂ ਭੂਮਿਕਾਵਾਂ ਵਿੱਚ ਵੀ ਤਬਦੀਲੀ ਆਵੇਗੀ।

## ਅਮਰੀਕਾ 'ਚ ਭਾਰਤੀਆਂ...

ਪਹੁੰਚਣ ਦਾ ਦਾਅਵਾ ਕੀਤਾ ਗਿਆ ਹੈ। ਜੂਨ ਵਿੱਚ ਹੀ 801 ਭਾਰਤੀਆਂ ਨੂੰ ਰਿਮੂਵਲ ਆਰਡਰ ਜਾਰੀ ਕੀਤੇ ਗਏ ਸਨ। ਹਾਲਾਂਕਿ ਅਜਿਹੇ ਆਰਡਰ ਦਾ ਮਤਲਬ ਤੁਰੰਤ ਡਿਪੋਰਟੇਸ਼ਨ ਨਹੀਂ ਹੁੰਦਾ। ਸਬੰਧਤ ਵਿਅਕਤੀ ਇਸ ਖ਼ਿਲਾਫ਼ ਅਦਾਲਤ ਵਿੱਚ ਅਪੀਲ ਕਰ ਸਕਦਾ ਹੈ ਜਾਂ ਆਪਣੀ ਮਰਜ਼ੀ ਨਾਲ ਅਮਰੀਕਾ ਛੱਡ ਸਕਦਾ ਹੈ।

**2025 ਵਿੱਚ ਵੀ ਡਿਪੋਰਟੇਸ਼ਨ ਦਾ ਰਿਕਾਰਡ**

ਭਾਰਤ ਦੇ ਵਿਦੇਸ਼ ਮੰਤਰਾਲੇ ਮੁਤਾਬਕ 2025 ਵਿੱਚ 3,567 ਭਾਰਤੀ ਨਾਗਰਿਕਾਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਸੀ। ਇਹ ਗਿਣਤੀ 16 ਸਾਲਾਂ ਵਿੱਚ ਸਭ ਤੋਂ ਵੱਧ ਦੱਸੀ ਗਈ। 2026 ਵਿੱਚ ਜੂਨ ਤੱਕ 1,076 ਭਾਰਤੀਆਂ ਨੂੰ ਡਿਪੋਰਟ ਕੀਤੇ ਜਾਣ ਦੀ ਜਾਣਕਾਰੀ ਦਿੱਤੀ ਗਈ ਸੀ।

ਹਿਊਮਨ ਰਾਈਟਸ ਫਰਸਟ ਦੇ ਅਨੁਸਾਰ ਭਾਰਤੀਆਂ ਨੂੰ ਓਮਾਨੀ ਏਅਰਵੇਜ਼ ਰਾਹੀਂ ਟੈਕਸਾਸ ਦੇ ਹਾਰਲਿੰਗ ਤੋਂ ਲਗਭਗ 20 ਘੰਟਿਆਂ ਦੀ ਉਡਾਣ ਰਾਹੀਂ ਨਵੀਂ ਦਿੱਲੀ ਭੇਜਿਆ ਜਾ ਰਿਹਾ ਹੈ। ਪਿਛਲੇ ਸਾਲ ਅਮਰੀਕਾ ਨੇ ਡਿਪੋਰਟੇਸ਼ਨ ਲਈ ਹਰਕਿਊਲਿਸ ਫੌਜੀ ਜਹਾਜ਼ ਦੀ ਵਰਤੋਂ ਕੀਤੀ ਸੀ।

**ਛੋਟੀਆਂ ਉਲੰਘਣਾਵਾਂ 'ਤੇ ਵੀ ਕਾਰਵਾਈ ਦੇ ਦਾਅਵੇ**

ਦਿੱਤੀ ਗਈ ਜਾਣਕਾਰੀ ਮੁਤਾਬਕ ਕੁਝ ਮਾਮਲਿਆਂ ਵਿੱਚ ਟ੍ਰੈਫਿਕ ਨਿਯਮ ਤੋੜਨ ਅਤੇ ਸੋਸ਼ਲ ਮੀਡੀਆ 'ਤੇ ਟਰੰਪ ਸਰਕਾਰ ਦੀ ਆਲੋਚਨਾ ਕਰਨ ਵਾਲੇ ਵਿਦਿਆਰਥੀਆਂ ਖ਼ਿਲਾਫ਼ ਵੀ ਕਾਰਵਾਈ ਹੋਈ ਹੈ। ਇੱਕ H-1B ਵੀਜ਼ਾ ਧਾਰਕ ਦੀ ਨੌਕਰੀ ਜਾਣ ਤੋਂ ਬਾਅਦ ਨਵੀਂ ਨੌਕਰੀ ਲੱਭਣ ਲਈ ਮਿਲੇ 60 ਦਿਨਾਂ ਦੇ ਸਮੇਂ ਦੌਰਾਨ ਵੀ ਕਾਰਵਾਈ ਦਾ ਮਾਮਲਾ ਸਾਹਮਣੇ ਆਇਆ।

5 ਫਰਵਰੀ 2025 ਨੂੰ ਅਮਰੀਕਾ ਨੇ ਪਹਿਲੀ ਵਾਰ ਫੌਜੀ ਜਹਾਜ਼ ਰਾਹੀਂ 104 ਭਾਰਤੀਆਂ ਨੂੰ ਅੰਮ੍ਰਿਤਸਰ ਭੇਜਿਆ ਸੀ। ਇਸ ਦੌਰਾਨ ਕੁਝ ਲੋਕਾਂ ਨੂੰ ਹੱਥਕੜੀਆਂ ਅਤੇ ਪੈਰਾਂ ਵਿੱਚ ਬੇੜੀਆਂ ਲਗਾਈਆਂ ਗਈਆਂ ਸਨ, ਜਿਸ ਦੀਆਂ ਤਸਵੀਰਾਂ ਸਾਹਮਣੇ ਆਉਣ ਤੋਂ ਬਾਅਦ ਦੇਸ਼ ਵਿੱਚ ਵਿਵਾਦ ਹੋਇਆ ਸੀ।

## ਅਮਰੀਕਾ 'ਚ 189...

ਐਫ਼.ਬੀ.ਆਈ. ਦੇ ਅੰਕੜਿਆਂ ਦੀ ਘੋਖ ਕਰਦਿਆਂ ਦੱਸਿਆ ਕਿ 2024 ਦੌਰਾਨ ਸਿੱਖਾਂ ਵਿਰੁੱਧ ਨਫ਼ਰਤੀ ਹਮਲੇ ਦੀਆਂ 142 ਵਾਰਦਾਤਾਂ ਸਾਹਮਣੇ ਆਈਆਂ ਜਦਕਿ ਧਾਰਮਿਕ ਨਫ਼ਰਤ ਨਾਲ ਸਬੰਧਤ 2,703 ਮਾਮਲੇ ਦਰਜ ਕੀਤੇ ਗਏ। ਸਿੱਖ ਕੋਲੀਸ਼ਨ ਦੀ ਸੀਨੀਅਰ ਫ਼ੈਡਰਲ ਪੌਲਿਸੀ ਮੈਨੇਜਰ ਮਨਨਿਰਮਲ ਕੌਰ ਲੇ ਦੱਸਿਆ ਕਿ ਸਿੱਖਾਂ ਉਤੇ ਹਮਲਿਆਂ ਦੀ ਗਿਣਤੀ ਵਧਣਾ ਆਪਣੇ ਵਿਚ ਗੰਭੀਰ ਮਸਲਾ ਹੈ ਅਤੇ ਭਾਈਚਾਰੇ ਅੰਦਰ ਖੌਫ਼ ਪੈਦਾ ਕਰਦਾ ਹੈ। ਜਥੇਬੰਦੀ ਵੱਲੋਂ ਸੰਗਤ ਅਤੇ ਗੁਰਦਵਾਰਾ ਸਾਹਿਬਾਨ ਦਰਮਿਆਨ ਤਾਲਮੇਲ 'ਤੇ ਜ਼ੋਰ ਦਿਤਾ ਜਾ ਰਿਹਾ ਹੈ ਤਾਕਿ ਇਸ ਸਮੱਸਿਆ ਨਾਲ ਤਕੜੇ ਹੋ ਕੇ ਨਜਿੱਠਿਆ ਜਾ ਸਕੇ।

REXDALE
Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਕੈਨੇਡਾ 'ਚ ਪੰਜਾਬੀ ਵਿਦਿਆਰਥੀਆਂ 'ਤੇ ਬਾਰਡਰ ਏਜੰਟਾਂ ਦਾ ਦੂਜਾ ਛਾਪਾ

## ਐਡਮਿੰਟਨ ਦੇ ਮਿਲ ਵੁੱਡਜ਼ ਇਲਾਕੇ 'ਚ ਪੁੱਛ-ਪੜਤਾਲ ਦੀ ਰਿਪੋਰਟ

ਐਡਮਿੰਟਨ : ਕੈਨੇਡਾ ਵਿਚ ਪੰਜਾਬੀ ਵਿਦਿਆਰਥੀਆਂ ਉਤੇ ਬਾਰਡਰ ਏਜੰਟਾਂ ਦਾ ਦੂਜਾ ਛਾਪਾ ਐਡਮਿੰਟਨ ਸ਼ਹਿਰ ਵਿਚ ਵੱਜਣ ਦੀ ਰਿਪੋਰਟ ਹੈ ਅਤੇ ਬਾਰਡਰ ਅਫ਼ਸਰਾਂ ਵੱਲੋਂ ਘੱਟੋ 7 ਪੰਜਾਬੀ ਨੌਜਵਾਨਾਂ ਨੂੰ ਰੋਕ ਕੇ ਇੰਮੀਗ੍ਰੇਸ਼ਨ ਸਟੇਟਸ ਬਾਰੇ ਪੁੱਛ-ਪੜਤਾਲ ਕੀਤੀ ਗਈ। ਦੂਜੇ ਪਾਸੇ ਕੁਝ ਰਿਪੋਰਟਾਂ ਦਾ ਕਹਿਣਾ ਹੈ ਕਿ ਐਡਮਿੰਟਨ ਦੇ ਮਿਲ ਵੁੱਡਜ਼ ਇਲਾਕੇ ਵਿਚ ਪੋਸਟ ਗ੍ਰੈਜੁਏਟ ਵਰਕ ਪਰਮਿਟ ਦੀ ਮੰਗ ਕਰਦਿਆਂ ਲੱਗਾ ਧਰਨਾ ਪਹਿਲਾਂ ਹੀ ਚੁੱਕਾ ਦਿਤਾ ਗਿਆ।



ਦੱਸ ਦੇਈਏ ਕਿ ਪੋਰਟੇਜ ਕਾਲਜ ਦੇ ਵਿਦਿਆਰਥੀਆਂ ਨੇ ਪੜ੍ਹਾਈ ਖ਼ਤਮ ਹੋਣ ਮਗਰੋਂ ਵਰਕ ਪਰਮਿਟ ਲਾ ਮਿਲਣ ਦੇ ਰੋਸ ਵਜੋਂ ਕੈਲਗਰੀ ਅਤੇ ਐਡਮਿੰਟਨ ਵਿਖੇ ਧਰਨਾ ਲਾਉਂਦਿਆਂ ਲੜੀਵਾਰ ਭੁੱਖ ਹੜਤਾਲ ਅਰੰਭੀ ਪਰ ਕੈਲਗਰੀ ਵਾਲੇ ਧਰਨੇ 'ਤੇ ਛਾਪੇ ਦੌਰਾਨ 12 ਜਣਿਆਂ ਨੂੰ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵਾਲਿਆਂ ਨੇ ਨੋਟਿਸ ਟੂ ਅਪੀਅਰ ਜਾਰੀ ਕਰ ਦਿਤੇ। ਇਸ ਮਗਰੋਂ ਕੈਲਗਰੀ ਦਾ ਧਰਨਾ ਖ਼ਤਮ ਕਰ ਦਿਤਾ ਗਿਆ ਅਤੇ ਐਡਮਿੰਟਨ ਵਿਖੇ ਗਿਣਤੀ ਘਟਣ ਦੀ ਰਿਪੋਰਟ ਸਾਹਮਣੇ ਆਈ। ਮੰਗਲਵਾਰ ਦੇਰ ਸ਼ਾਮ ਬਾਰਡਰ ਅਫ਼ਸਰਾਂ ਦੇ ਮਿਲ ਵੁੱਡਜ਼ ਪੁੱਜਣ ਅਤੇ ਵਿਦਿਆਰਥੀਆਂ ਤੋਂ ਪੁੱਛ ਪੜਤਾਲ ਕੀਤੇ ਜਾਣ ਦੇ ਵੇਰਵੇ ਸਾਹਮਣੇ ਆਏ ਹਨ।

# ਅਮਰੀਕੀ ਟੈਰਿਫ 3 ਦਿਨਾਂ ਲਈ ਮੁਲਤਵੀ:

## ਕੈਨੇਡੀਅਨ ਪੀ.ਐੱਮ ਮਾਰਕ ਕਾਰਨੀ ਨੇ ਕਿਹਾ, 'ਮਹੱਤਵਪੂਰਨ ਪ੍ਰਗਤੀ ਹੋਈ'



ਓਟਾਵਾ (ਕੈਨੇਡਾ) : ਕੈਨੇਡੀਅਨ ਵਸਤੂਆਂ ਦੀਆਂ ਚੁਣਵੀਆਂ ਸ਼੍ਰੇਣੀਆਂ 'ਤੇ ਪ੍ਰਸਤਾਵਿਤ 50 ਫੀਸਦੀ ਅਮਰੀਕੀ ਟੈਰਿਫ ਨੂੰ ਲੈ ਕੇ ਓਟਾਵਾ ਅਤੇ ਵਾਸ਼ਿੰਗਟਨ ਵਿਚਾਲੇ ਚੱਲ ਰਹੀ ਗੱਲਬਾਤ ਦੌਰਾਨ ਵੱਡੀ ਖਬਰ ਸਾਹਮਣੇ ਆਈ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਐਲਾਨ ਕੀਤਾ ਹੈ ਕਿ ਇਨ੍ਹਾਂ ਟੈਰਿਫਾਂ ਨੂੰ ਲਾਗੂ ਕਰਨ ਦੀ ਮਿਤੀ 21 ਅਗਸਤ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਇੱਕ ਪੱਤਰ ਸਾਂਝਾ ਕਰਦਿਆਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦੱਸਿਆ ਕਿ ਵਾਸ਼ਿੰਗਟਨ ਨਾਲ ਸਖ਼ਤ ਆਰਥਿਕ ਅਤੇ ਵਪਾਰਕ ਚਰਚਾ ਜਾਰੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁੱਝ ਹਫ਼ਤਿਆਂ ਦੌਰਾਨ ਕੈਨੇਡਾ ਨੇ ਵਪਾਰਕ ਮੁੱਦਿਆਂ ਨੂੰ ਸੁਲਝਾਉਣ ਅਤੇ ਆਪਣੇ ਕਾਰੋਬਾਰੀਆਂ, ਕਾਮਿਆਂ, ਕਿਸਾਨਾਂ ਅਤੇ ਪਰਿਵਾਰਾਂ ਲਈ ਨਿਸ਼ਚਤਤਾ ਯਕੀਨੀ ਬਣਾਉਣ ਲਈ ਅਮਰੀਕਾ ਨਾਲ ਗੰਭੀਰ ਗੱਲਬਾਤ ਕੀਤੀ ਹੈ।

ਕਾਰਨੀ ਨੇ ਸਪੱਸ਼ਟ ਕੀਤਾ ਕਿ ਗੱਲਬਾਤ ਵਿੱਚ ਮਹੱਤਵਪੂਰਨ ਪ੍ਰਗਤੀ ਹੋਈ ਹੈ, ਹਾਲਾਂਕਿ ਅਜੇ ਵੀ ਕੁੱਝ ਅਹਿਮ ਕੰਮ ਬਾਕੀ ਹੈ। ਗੱਲਬਾਤ ਜਾਰੀ ਰਹਿਣ ਦੇ ਮੱਦੇਨਜ਼ਰ, ਅਮਰੀਕਾ 1930 ਦੇ ਯੂ.ਐੱਸ. ਟੈਰਿਫ ਐਕਟ ਦੀ ਧਾਰਾ 338 ਦੇ ਤਹਿਤ ਕੈਨੇਡੀਅਨ ਵਸਤੂਆਂ 'ਤੇ ਲਗਾਏ ਜਾਣ ਵਾਲੇ 50% ਟੈਰਿਫ ਨੂੰ 21 ਅਗਸਤ ਦੇ ਅੰਤ ਤੱਕ ਮੁਲਤਵੀ ਕਰਨ ਲਈ ਸਹਿਮਤ ਹੋ ਗਿਆ ਹੈ। ਕੈਨੇਡੀਅਨ ਜਨਤਕ ਪ੍ਰਸਾਰਕ ਸੀ.ਬੀ.ਸੀ. (CBC) ਅਨੁਸਾਰ, ਇਹ ਅਮਰੀਕੀ ਟੈਰਿਫ 28 ਬਿਲੀਅਨ ਅਮਰੀਕੀ ਡਾਲਰ ਤੋਂ ਵੱਧ ਮੁੱਲ ਦੇ ਸੈਂਕੜੇ ਉਤਪਾਦਾਂ 'ਤੇ ਲਾਗੂ ਹੋਣੇ ਸਨ, ਜਿਸ ਵਿੱਚ ਪਲਾਈਵੁੱਡ, ਸੀਮੈਂਟ, ਵਾਈਨ ਅਤੇ ਹਾਕੀ ਸਟਿਕਸ ਵਰਗੀਆਂ ਵਸਤੂਆਂ ਸ਼ਾਮਲ ਹਨ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਪੋਸਟ ਕਰਦਿਆਂ ਕਿਹਾ ਸੀ ਕਿ ਦੋਵੇਂ ਦੇਸ਼ ਦਸਤਾਵੇਜ਼ਾਂ ਨੂੰ ਅੰਤਿਮ ਰੂਪ ਦੇਣ ਦੇ ਨੇੜੇ ਹਨ, ਜਿਸ ਦੇ ਆਧਾਰ 'ਤੇ ਤਿੰਨ ਦਿਨਾਂ ਦੀ ਰੋਕ ਲਗਾਈ ਗਈ ਹੈ। ਇਸ 3 ਦਿਨਾਂ ਦੀ ਮੋਹਲਤ ਨਾਲ ਦੋਵਾਂ ਦੇਸ਼ਾਂ ਦੀਆਂ ਵਪਾਰਕ ਟੀਮਾਂ ਨੂੰ ਬਕਾਇਆ ਮੁੱਦਿਆਂ ਨੂੰ ਅੰਤਿਮ ਰੂਪ ਦੇਣ ਲਈ ਹੋਰ ਸਮਾਂ ਮਿਲੇਗਾ।

# ਦਿੱਲੀ ਕੂਚ ਤੋਂ ਪਹਿਲਾਂ ਕੇਂਦਰ ਨੇ ਕਿਸਾਨਾਂ ਨੂੰ ਗੱਲਬਾਤ ਲਈ ਭੇਜਿਆ ਸੱਦਾ, 3 ਕੇਂਦਰੀ ਮੰਤਰੀ ਹੋਣਗੇ ਸ਼ਾਮਲ

ਚੰਡੀਗੜ੍ਹ: ਖਨੌਰੀ ਬਾਰਡਰ 'ਤੇ ਅੰਦੋਲਨ ਕਰ ਰਹੇ ਪੰਜਾਬ ਦੇ ਕਿਸਾਨਾਂ ਨੂੰ ਕੇਂਦਰ ਸਰਕਾਰ ਵੱਲੋਂ ਮੀਟਿੰਗ ਦਾ ਸੱਦਾ ਮਿਲ ਗਿਆ ਹੈ। ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚਾਲੇ 4 ਸਤੰਬਰ ਨੂੰ ਗੱਲਬਾਤ ਹੋਵੇਗੀ। ਇਸ ਮੀਟਿੰਗ ਵਿੱਚ ਤਿੰਨ ਕੇਂਦਰੀ ਮੰਤਰੀ ਸ਼ਾਮਲ ਹੋਣਗੇ, ਜਿਨ੍ਹਾਂ ਵਿੱਚ ਮਨੋਹਰ ਲਾਲ ਖੱਟਰ ਵੀ ਮੌਜੂਦ ਰਹਿਣਗੇ। ਹਾਲਾਂਕਿ ਮੀਟਿੰਗ ਕਿੱਥੇ ਹੋਵੇਗੀ, ਇਸ ਬਾਰੇ ਅਜੇ ਫ਼ੈਸਲਾ ਨਹੀਂ ਹੋਇਆ।

### ਦਿੱਲੀ ਕੂਚ ਦਾ ਕੀਤਾ ਸੀ ਐਲਾਨ

ਕਿਸਾਨਾਂ ਨੇ ਅੱਜ ਅਰਧ-ਨਗਨ ਹੋ ਕੇ ਹਰਿਆਣਾ ਦੇ ਰਸਤੇ ਦਿੱਲੀ ਵੱਲ ਕੂਚ ਕਰਨ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਕੇਂਦਰ ਨਾਲ ਗੱਲਬਾਤ ਲਈ ਮੀਟਿੰਗ ਤੈਅ ਕਰਵਾਈ ਗਈ। ਤਿੰਨ ਦਿਨ ਪਹਿਲਾਂ ਪੰਜਾਬ ਤੋਂ 55 ਕਿਸਾਨ ਦਿੱਲੀ ਵੱਲ ਰਵਾਨਾ ਹੋਏ ਸਨ। ਉਨ੍ਹਾਂ ਨੂੰ ਖਨੌਰੀ-ਦਾਤਾ ਸਿੰਘਵਾਲਾ ਬਾਰਡਰ 'ਤੇ ਹਰਿਆਣਾ ਪੁਲਿਸ ਨੇ ਰੋਕ ਦਿੱਤਾ ਸੀ। ਇਸ ਤੋਂ ਬਾਅਦ ਕਿਸਾਨਾਂ ਅਤੇ ਜੀਂਦ ਦੀ ਡਿਪਟੀ ਕਮਿਸ਼ਨਰ ਵੈਸ਼ਾਲੀ ਸ਼ਰਮਾ ਵਿਚਾਲੇ ਦੋ ਵਾਰ ਮੀਟਿੰਗ ਹੋਈ, ਪਰ ਇਨ੍ਹਾਂ ਬੈਠਕਾਂ ਵਿੱਚ ਕੋਈ ਹੱਲ ਨਹੀਂ ਨਿਕਲ ਸਕਿਆ।

# UK ਏਅਰਫੋਰਸ 'ਚ ਫਲਾਈਟ ਲੈਫਟੀਨੈਂਟ ਬਣਿਆ ਅਰਸ਼ਦੀਪ ਸਿੰਘ, ਜਥੇਦਾਰ ਗੜਗੱਜ ਨੇ ਦਿੱਤੀ ਵਧਾਈ



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਯੂਕੇ ਏਅਰ ਫੋਰਸ ਵਿੱਚ ਫਲਾਈਟ ਲੈਫਟੀਨੈਂਟ ਦਾ ਦਰਜਾ ਪ੍ਰਾਪਤ ਕਰਨ ਵਾਲੇ ਪੰਜਾਬੀ ਮੂਲ ਦੇ ਨੌਜਵਾਨ ਸਿੱਖ ਸਰਦਾਰ ਅਰਸ਼ਦੀਪ ਸਿੰਘ ਨੂੰ ਵਧਾਈ ਦਿੱਤੀ। ਉਨ੍ਹਾਂ ਅਰਸ਼ਦੀਪ ਸਿੰਘ ਦੇ ਮਾਪਿਆਂ, ਸਰਦਾਰ ਜਗਦੀਪ ਸਿੰਘ ਅਤੇ ਬੀਬੀ ਗਗਨਦੀਪ ਕੌਰ ਨੂੰ ਵੀ ਸ਼ੁਭਕਾਮਨਾਵਾਂ ਦਿੱਤੀਆਂ।

ਅਰਸ਼ਦੀਪ ਸਿੰਘ ਸਾਊਥਾਲ, ਯੂਕੇ ਵਿਚ ਰਹਿੰਦਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਦੂਜੀ ਵਿਸ਼ਵ ਜੰਗ ਤੋਂ ਬਾਅਦ ਲੰਬੇ ਸਮੇਂ ਬਾਅਦ ਇੱਕ ਸਿੱਖ ਨੇ ਯੂਕੇ ਏਅਰ ਫੋਰਸ ਵਿੱਚ ਉੱਚਾ ਅਹੁਦਾ ਪ੍ਰਾਪਤ ਕੀਤਾ ਹੈ। ਇਹ ਪ੍ਰਾਪਤੀ ਸਮੁੱਚੇ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

ਉਨ੍ਹਾਂ ਕਿਹਾ ਕਿ ਅਰਸ਼ਦੀਪ ਸਿੰਘ ਅਤੇ ਉਨ੍ਹਾਂ ਦਾ ਪਰਿਵਾਰ ਵਿਦੇਸ਼ਾਂ ਵਿੱਚ ਰਹਿਣ ਦੇ ਬਾਵਜੂਦ ਸਿੱਖ ਪਰੰਪਰਾਵਾਂ ਅਤੇ ਆਪਣੀ ਮਾਤ ਭਾਸ਼ਾ ਪੰਜਾਬੀ ਨਾਲ ਜੁੜੇ ਹੋਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ, "ਕਿਰਤ ਕਰੋ," "ਨਾਮ ਜਪੋ," ਅਤੇ "ਵੰਡ ਛਕੋ" ਦੀ ਪਾਲਣਾ ਕਰਦੇ ਹੋਏ ਸਿੱਖਾਂ ਨੇ ਦੁਨੀਆ ਭਰ ਦੇ ਵੱਖ-ਵੱਖ ਖੇਤਰਾਂ ਵਿੱਚ ਉੱਚੇ ਮੁਕਾਮ ਹਾਸਲ ਕੀਤੇ ਹਨ।

ਜਥੇਦਾਰ ਸਾਹਿਬ ਨੇ ਕਿਹਾ ਕਿ ਅਰਸ਼ਦੀਪ ਸਿੰਘ ਦੀ ਪ੍ਰਾਪਤੀ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਮਾਣ ਦਿਵਾਇਆ ਹੈ। ਉਨ੍ਹਾਂ ਸਿੱਖ ਨੌਜਵਾਨਾਂ ਨੂੰ ਅਰਸ਼ਦੀਪ ਸਿੰਘ ਤੋਂ ਪ੍ਰੇਰਨਾ ਲੈਣ ਅਤੇ ਸਖ਼ਤ ਮਿਹਨਤ ਅਤੇ ਚੰਗੀ ਸਿੱਖਿਆ ਰਾਹੀਂ ਜ਼ਿੰਦਗੀ ਵਿੱਚ ਉੱਚੀਆਂ ਉਚਾਈਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਗੁਰਬਾਣੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਮੇਸ਼ਾ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਯਤਨ ਅਤੇ ਉੱਦਮ ਨੂੰ ਉਤਸ਼ਾਹਿਤ ਕੀਤਾ। ਅਰਸ਼ਦੀਪ ਸਿੰਘ ਦੀ ਪ੍ਰਾਪਤੀ ਨੌਜਵਾਨਾਂ ਲਈ ਸਖ਼ਤ ਮਿਹਨਤ ਅਤੇ ਸਫਲਤਾ ਦੀ ਇੱਕ ਪ੍ਰੇਰਨਾਦਾਇਕ ਮਿਸਾਲ ਹਨ।

# ਸੁਰੱਖਿਆ ਕਾਰਨਾਂ ਕਰਕੇ ਫਿਲਹਾਲ ਬੰਦ ਰਹੇਗਾ ਕਰਤਾਰਪੁਰ ਲਾਂਘਾ: ਕੇਂਦਰ




ਸ੍ਰੀ ਕਰਤਾਰਪੁਰ ਸਾਹਿਬ ਲਾਂਘਾ (Kartarpur Corridor) ਖੋਲ੍ਹਣ ਅਤੇ ਸਿੱਖ ਸ਼ਰਧਾਲੂਆਂ ਲਈ ਵੀਜ਼ਾ ਕੋਟਾ ਵਧਾਉਣ ਦੀਆਂ ਉੱਠ ਰਹੀਆਂ ਮੰਗਾਂ ਵਿਚਾਲੇ ਭਾਰਤੀ ਵਿਦੇਸ਼ ਮੰਤਰਾਲੇ (MEA) ਨੇ ਆਪਣਾ ਰੁੱਖ ਸਪੱਸ਼ਟ ਕਰ ਦਿੱਤਾ ਹੈ। ਮੰਤਰਾਲੇ ਨੇ ਸਾਫ਼ ਕੀਤਾ ਹੈ ਕਿ ਮੌਜੂਦਾ ਸੁਰੱਖਿਆ ਹਾਲਾਤ ਨੂੰ ਦੇਖਦਿਆਂ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀਆਂ ਸੇਵਾਵਾਂ ਫਿਲਹਾਲ ਬੰਦ ਹੀ ਰਹਿਣਗੀਆਂ, ਜਦੋਂਕਿ ਦੋਹਾਂ ਦੇਸ਼ਾਂ ਵਿਚਾਲੇ ਸ਼ਰਧਾਲੂਆਂ ਦੀ ਯਾਤਰਾ ਪੁਰਾਣੇ ਦੋਪੱਖੀ ਸਮਝੌਤਿਆਂ ਅਧੀਨ ਹੀ ਚੱਲੇਗੀ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਇਹ ਟਿੱਪਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਵੱਲੋਂ ਪਾਕਿਸਤਾਨੀ ਡਿਪਲੋਮੈਟ ਨਾਲ ਕੀਤੀ ਮੁਲਾਕਾਤ ਤੋਂ ਬਾਅਦ ਦਿੱਤੀ ਹੈ। ਐੱਸ.ਜੀ.ਪੀ.ਸੀ. ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਦਿੱਲੀ 'ਚ ਪਾਕਿਸਤਾਨ ਦੇ ਚਾਰਜ ਡੀ ਅਫੇਅਰਜ਼ ਸਾਦ ਅਹਿਮਦ ਵੜੈਚ ਨਾਲ ਮੁਲਾਕਾਤ ਕਰਕੇ ਨਵੰਬਰ 2026 'ਚ ਆ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਲਈ 7,500 ਤੋਂ ਵੱਧ ਸ਼ਰਧਾਲੂਆਂ ਨੂੰ ਵੀਜ਼ੇ ਦੇਣ ਦੀ ਅਪੀਲ ਕੀਤੀ ਸੀ, ਜਦੋਂਕਿ ਆਮ ਤੌਰ 'ਤੇ ਇਹ ਕੋਟਾ ਲਗਭਗ 1,800 ਵੀਜ਼ਿਆਂ ਦਾ ਹੁੰਦਾ ਹੈ। ਲਾਂਘਾ ਖੋਲ੍ਹਣ ਦੇ ਮੁੱਦੇ 'ਤੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ 7 ਮਈ 2025 ਤੋਂ ਸੁਰੱਖਿਆ ਕਾਰਨਾਂ ਕਰਕੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀਆਂ ਸੇਵਾਵਾਂ ਮੁਅੱਤਲ ਕੀਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਮੌਜੂਦਾ ਸੁਰੱਖਿਆ ਸਥਿਤੀ ਨੂੰ ਦੇਖਦੇ ਹੋਏ ਇਹ ਸੇਵਾਵਾਂ ਅਜੇ ਵੀ ਬੰਦ ਰੱਖਣ ਦਾ ਫੈਸਲਾ ਬਰਕਰਾਰ ਹੈ। ਦੂਜੇ ਪਾਸੇ, ਐੱਸ.ਜੀ.ਪੀ.ਸੀ. ਨੇ ਕੇਂਦਰ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਉਹ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ ਇਸ ਲਾਂਘੇ ਨੂੰ ਜਲਦ ਤੋਂ ਜਲਦ ਬਹਾਲ ਕਰਵਾਏ।

# ਭਾਰਤੀ-ਅਮਰੀਕੀ Pia Dandiya ਨੇ ਫਲੋਰੀਡਾ ਦੇ 22ਵੇਂ ਕਾਂਗਰਸ ਹਲਕੇ ਤੋਂ ਡੈਮੋਕ੍ਰੇਟਿਕ ਨਾਮਜ਼ਦਗੀ ਜਿੱਤੀ



ਭਾਰਤੀ-ਅਮਰੀਕੀ ਸਾਬਕਾ ਸਕੂਲ ਪ੍ਰਿੰਸੀਪਲ ਪੀਆ ਡਾਂਡੀਆ Pia Dandiya ਨੇ ਫਲੋਰੀਡਾ ਦੇ 22ਵੇਂ ਕਾਂਗਰਸ ਹਲਕੇ ਲਈ ਡੈਮੋਕ੍ਰੇਟਿਕ ਪ੍ਰਾਇਮਰੀ ਜਿੱਤ ਲਈ ਹੈ, ਜਿਸ ਨਾਲ ਨਵੰਬਰ ਦੀਆਂ ਚੋਣਾਂ ਵਿੱਚ ਰਿਪਬਲਿਕਨ ਕੇਸੀ ਅਸਕਰ, ਇੱਕ ਵੈਟਰਨ ਮਰੀਨ, ਨਾਲ ਮੁਕਾਬਲਾ ਤੈਅ ਹੋ ਗਿਆ ਹੈ। ਡਾਂਡੀਆ ਨੇ 68.6 ਫੀਸਦੀ ਵੋਟਾਂ ਹਾਸਲ ਕਰਕੇ ਵਕੀਲ ਕਾਇਸੀ ਅਰਲੀ ਨੂੰ ਹਰਾਇਆ, ਜੋ 31.4 ਫੀਸਦੀ ਵੋਟਾਂ ਹੀ ਹਾਸਲ ਕਰ ਸਕੇ।

ਡਾਂਡੀਆ ਨੇ X 'ਤੇ ਇੱਕ ਸੁਨੇਹੇ ਵਿੱਚ ਕਿਹਾ, "ਤੁਹਾਡਾ ਧੰਨਵਾਦ, FL-22, ਇਸ ਮੁਹਿੰਮ ਵਿੱਚ ਵਿਸ਼ਵਾਸ ਰੱਖਣ ਲਈ। ਮੈਂ ਆਪਣੇ ਵਿਦਿਆਰਥੀਆਂ, ਆਪਣੇ ਪੁੱਤਰ ਅਤੇ ਇਸ ਹਲਕੇ ਵਿੱਚ ਵੱਡੇ ਹੋਣ ਵਾਲੇ ਹਰ ਉਸ ਬੱਚੇ ਲਈ ਇਸ ਚੋਣ ਮੈਦਾਨ ਵਿੱਚ ਉਤਰੀ ਹਾਂ ਜੋ ਇੱਕ ਬਿਹਤਰ ਭਵਿੱਖ ਦਾ ਹੱਕਦਾਰ ਹੈ।" ਉਨ੍ਹਾਂ ਕਿਹਾ, "ਅਸੀਂ ਇਕੱਠੇ ਮਿਲ ਕੇ ਲਾਗਤਾਂ ਨੂੰ ਘਟਾਉਣ, ਭ੍ਰਿਸ਼ਟਾਚਾਰ ਨੂੰ ਖਤਮ ਕਰਨ ਅਤੇ ਵਾਸ਼ਿੰਗਟਨ ਨੂੰ ਸਾਡੇ ਲਈ ਦੁਬਾਰਾ ਕੰਮ ਕਰਨ ਲਈ ਇੱਕ ਅੰਦਲੋਨ ਬਣਾਉਂਦੇ ਰਹਾਂਗੇ। ਮੈਂ ਤੁਹਾਡੇ ਸਾਰਿਆਂ ਨਾਲ ਮਿਲ ਕੇ ਇਹ ਕਰਨ ਲਈ ਸ਼ੁਕਰਗੁਜ਼ਾਰ ਹਾਂ।'' ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਨੇ ਪ੍ਰਾਇਮਰੀ ਚੋਣ ਵਿੱਚ ਜਿੱਤ ਲਈ ਡਾਂਡੀਆ ਨੂੰ ਵਧਾਈ ਦਿੱਤੀ। ਸਾਬਕਾ ਹਾਈ ਸਕੂਲ ਪ੍ਰਿੰਸੀਪਲ ਨੇ ਦੱਖਣੀ ਫਲੋਰੀਡਾ ਦੇ 22ਵੇਂ ਹਲਕੇ ਵਿੱਚ ਆਪਣਾ ਧਿਆਨ ਕੇਂਦਰਿਤ ਕੀਤਾ ਜਿਹੜਾ ਕਿ ਹਲਕਾਬੰਦੀ ਵਿੱਚ ਬਣਾਇਆ ਗਿਆ ਸੀ ਅਤੇ ਜਿੱਥੇ ਕੋਈ ਵੀ ਮੌਜੂਦਾ ਸੰਸਦ ਮੈਂਬਰ ਚੋਣ ਮੈਦਾਨ ਵਿੱਚ ਨਹੀਂ ਸੀ। ਡਾਂਡੀਆ ਇੱਕ ਪਹਿਲੀ ਪੀੜ੍ਹੀ ਦੀ ਅਮਰੀਕੀ ਹੈ ਜਿਸ ਨੇ ਆਪਣੀ ਮੁਹਿੰਮ ਦੀ ਵੈੱਬਸਾਈਟ ਦੇ ਅਨੁਸਾਰ, ਇੱਕ ਹਾਈ ਸਕੂਲ ਪ੍ਰਿੰਸੀਪਲ, ਨੀਤੀਗਤ ਨੇਤਾ ਅਤੇ ਤਕਨਾਲੋਜੀ ਇਨੋਵੇਟਰ ਵਜੋਂ ਭਾਈਚਾਰਿਆਂ ਨੂੰ ਮਜ਼ਬੂਤ ਕਰਨ ਲਈ ਆਪਣਾ ਕਰੀਅਰ ਸਮਰਪਿਤ ਕੀਤਾ ਹੈ। ਫਲੋਰੀਡਾ ਦੇ ਪਾਮ ਬੀਚ ਕਾਉਂਟੀ ਵਿੱਚ ਪੈਦਾ ਹੋਈ ਅਤੇ ਵੱਡੀ ਹੋਈ, ਡਾਂਡੀਆ ਨੇ ਇੱਕ ਅਧਿਆਪਕ ਵਜੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਅਤੇ ਹਾਰਲੇਮ ਵਿੱਚ ਇੱਕ ਹਾਈ ਸਕੂਲ ਪ੍ਰਿੰਸੀਪਲ ਸੀ। ਉਸਨੇ ਘੱਟ ਆਮਦਨ ਵਾਲੇ ਵਿਦਿਆਰਥੀਆਂ ਨੂੰ ਆਰਥਿਕ ਆਜ਼ਾਦੀ ਦੇ ਰਾਹ 'ਤੇ ਪਾ ਕੇ ਉਨ੍ਹਾਂ ਦੇ ਜੀਵਨ ਦੇ ਰਸਤੇ ਨੂੰ ਬਦਲਣ ਦੇ ਟੀਚੇ ਨਾਲ ਇੱਕ ਹਾਈ ਸਕੂਲ ਦੀ ਸਥਾਪਨਾ ਕੀਤੀ। ਉਸਦੇ ਹਾਈ ਸਕੂਲ ਦੇ ਹਰ ਇੱਕ ਗ੍ਰੈਜੂਏਟ ਨੇ ਕਾਲਜ ਵਿੱਚ ਦਾਖਲਾ ਪ੍ਰਾਪਤ ਕੀਤਾ, ਭਾਵ ਉਨ੍ਹਾਂ ਵਿੱਚੋਂ 86 ਫੀਸਦੀ ਘੱਟ ਆਮਦਨ ਵਾਲੇ ਘਰਾਂ ਵਿੱਚ ਰਹਿੰਦੇ ਸਨ। ਮੁਹਿੰਮ ਦੀ ਵੈੱਬਸਾਈਟ ਦੇ ਅਨੁਸਾਰ, ਉਹ 28 ਸਾਲ ਦੀ ਉਮਰ ਵਿੱਚ ਆਪਣੇ ਸਕੂਲ ਦੀ ਸੰਸਥਾਪਕ ਪ੍ਰਿੰਸੀਪਲ ਸੀ, ਜਿਸ ਨਾਲ ਉਹ ਦੇਸ਼ ਦੇ ਸਭ ਤੋਂ ਘੱਟ ਉਮਰ ਦੇ ਹਾਈ ਸਕੂਲ ਪ੍ਰਿੰਸੀਪਲਾਂ ਵਿੱਚੋਂ ਇੱਕ ਬਣ ਗਈ।















# ਪਹਿਲੀ ਵਾਰ ਔਰਤਾਂ ਕੋਲ ਆਪਣੀ ਮਰਜ਼ੀ ਨਾਲ ਪੈਸੇ ਖਰਚਣ ਦੀ ਆਜ਼ਾਦੀ ਹੈ-CM ਮਾਨ



ਫ਼ਿਰੋਜ਼ਪੁਰ: ਫਿਰੋਜ਼ਪੁਰ ਕੈਂਟ ਬੋਰਡ ਸਟੇਡੀਅਮ ਵਿਖੇ 80ਵੇਂ ਆਜ਼ਾਦੀ ਦਿਹਾੜੇ ਦੇ ਰਾਜ ਪੱਧਰੀ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਜ਼ਾਦੀ ਦਾ 80ਵਾਂ ਦਿਹਾੜਾ ਪੰਜਾਬ ਦੀਆਂ ਔਰਤਾਂ ਲਈ 'ਆਰਥਿਕ ਆਜ਼ਾਦੀ' ਦਾ ਸਾਲ ਹੋਵੇਗਾ। ਪਹਿਲੀ ਵਾਰ ਮਾਵਾਂ-ਧੀਆਂ ਨੂੰ ਆਪਣੀ ਮਰਜ਼ੀ ਅਨੁਸਾਰ ਪੈਸੇ ਖਰਚਣ ਦੀ ਆਜ਼ਾਦੀ ਮਿਲ ਰਹੀ ਹੈ, ਜਿਸ ਵਿੱਚ 'ਮਾਵਾਂ ਧੀਆਂ ਸਤਿਕਾਰ ਯੋਜਨਾ' ਤਹਿਤ ਰਜਿਸਟਰਡ 74.59 ਲੱਖ ਔਰਤਾਂ ਵਿੱਚੋਂ 65 ਲੱਖ ਤੋਂ ਵੱਧ ਔਰਤਾਂ ਨੂੰ ਸਨਮਾਨ ਰਾਸ਼ੀ ਮਿਲ ਚੁੱਕੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਹਾਨ ਰਾਸ਼ਟਰੀ ਨਾਇਕਾਂ ਦੇ ਪੂਰਨਿਆਂ 'ਤੇ ਚੱਲਦਿਆਂ ਉਨ੍ਹਾਂ ਦੀ ਸਰਕਾਰ ਲੋਕਾਂ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਕੇ ਸਾਰਿਆਂ ਦੀ ਭਲਾਈ ਅਤੇ ਖੁਸ਼ਹਾਲ 'ਰੰਗਲਾ ਪੰਜਾਬ' ਬਣਾਉਣ ਲਈ ਅਣਥੱਕ ਯਤਨ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਸ਼ਕਤੀਕਰਨ ਦੀ ਇਹ ਭਾਵਨਾ ਪੂਰੇ ਪੰਜਾਬ ਵਿੱਚ ਸਿੱਖਿਆ ਅਤੇ ਸਿਹਤ ਸੰਭਾਲ ਵਿੱਚ ਸੁਧਾਰ, ਨੌਜਵਾਨਾਂ ਲਈ ਰੋਜ਼ਗਾਰ, ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ, ਨਸ਼ਿਆਂ ਵਿਰੁੱਧ ਫੈਸਲਾਕੁੰਨ ਜੰਗ ਅਤੇ ਜਨਤਕ ਸੁਰੱਖਿਆ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਪੰਜਾਬ ਦੀ ਪਛਾਣ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖ ਕੇ ਵਧਾਈ ਜਾ ਰਹੀ ਹੈ।

ਇਸ ਸ਼ੁੱਭ ਦਿਹਾੜੇ ਦੀਆਂ ਕੁੱਝ ਝਲਕੀਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਕਸ 'ਤੇ ਲਿਖਿਆ: "ਅੱਜ 80ਵੇਂ ਆਜ਼ਾਦੀ ਦਿਹਾੜੇ ਦੇ ਮੌਕੇ 'ਤੇ ਫ਼ਿਰੋਜ਼ਪੁਰ ਦੀ ਪਵਿੱਤਰ ਧਰਤੀ ਹੁਸੈਨੀਵਾਲਾ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਜੀ ਅਤੇ ਹੋਰ ਰਾਸ਼ਟਰੀ ਨਾਇਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਅਸੀਂ ਸ਼ਹੀਦਾਂ ਦੇ ਸੁਪਨਿਆਂ ਦਾ 'ਰੰਗਲਾ ਪੰਜਾਬ' ਬਣਾਉਣ ਲਈ ਲਗਾਤਾਰ ਕੰਮ ਕਰ ਰਹੇ ਹਾਂ। 69,093 ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ, ਸੂਬੇ ਦੇ 88 ਫੀਸਦੀ ਖੇਤਾਂ ਨੂੰ ਹੁਣ ਨਹਿਰੀ ਪਾਣੀ ਮਿਲ ਰਿਹਾ ਹੈ ਅਤੇ ਸਿੱਖਿਆ ਤੇ ਸਿਹਤ ਕ੍ਰਾਂਤੀ ਦੇ ਨਾਲ-ਨਾਲ ਸੜਕ ਸੁਰੱਖਿਆ ਫੋਰਸ, ਪੰਜਾਬ ਦੇ ਵਿਕਾਸ ਅਤੇ ਸੁਰੱਖਿਆ ਨੂੰ ਮਜ਼ਬੂਤ ਕਰ ਰਹੀ ਹੈ। ਆਓ, ਮਿਲ ਕੇ ਪੰਜਾਬ ਦੀ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰੀਏ। ਸਾਰਿਆਂ ਨੂੰ ਆਜ਼ਾਦੀ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ। ਇਨਕਲਾਬ ਜ਼ਿੰਦਾਬਾਦ।"

ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਦੇਸ਼ ਆਪਣਾ 80ਵਾਂ ਆਜ਼ਾਦੀ ਦਿਹਾੜਾ ਮਨਾ ਰਿਹਾ ਹੈ ਅਤੇ ਇਸ ਪਵਿੱਤਰ ਮੌਕੇ 'ਤੇ ਮੈਂ ਸਾਰੇ ਦੇਸ਼ ਵਾਸੀਆਂ, ਖਾਸ ਕਰਕੇ ਪੰਜਾਬ ਦੇ ਲੋਕਾਂ ਨੂੰ ਹਾਰਦਿਕ ਵਧਾਈ ਦਿੰਦਾ ਹਾਂ। ਮੈਂ ਸ਼ਹੀਦਾਂ ਦੀ ਪਵਿੱਤਰ ਧਰਤੀ ਫ਼ਿਰੋਜ਼ਪੁਰ ਨੂੰ ਸਿਜਦਾ ਕਰਦਾ ਹਾਂ, ਜਿਸ ਦਾ ਨਾਂ ਭਾਰਤ ਦੇ ਆਜ਼ਾਦੀ ਸੰਘਰਸ਼ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ। ਮੈਂ ਸਾਰਾਗੜ੍ਹੀ ਦੀ ਜੰਗ ਦੇ 21 ਬਹਾਦਰ ਸਿੱਖ ਸ਼ਹੀਦਾਂ ਨੂੰ ਵੀ ਯਾਦ ਕਰਦਾ ਹਾਂ, ਜਿਨ੍ਹਾਂ ਦੀ ਯਾਦ ਵਿੱਚ ਇੱਥੇ ਇਤਿਹਾਸਕ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਸੁਸ਼ੋਭਿਤ ਹੈ।"

ਹੁਸੈਨੀਵਾਲਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਸਤਲੁਜ ਦੇ ਕੰਢੇ 'ਤੇ ਵਸਿਆ ਹੁਸੈਨੀਵਾਲਾ ਸਾਡੇ ਕੌਮੀ ਸ਼ਹੀਦਾਂ ਦੀ ਮਹਾਨ ਵਿਰਾਸਤ ਹੈ ਅਤੇ ਇਹ ਪਵਿੱਤਰ ਧਰਤੀ ਸਾਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੇ ਜੀਵਨ ਅਤੇ ਕੁਰਬਾਨੀਆਂ ਦੀ ਯਾਦ ਦਿਵਾਉਂਦੀ ਹੈ। ਮਹਾਨ ਇਨਕਲਾਬੀ ਬੁਟਕੇਸ਼ਵਰ ਦੱਤ ਅਤੇ ਸਰਦਾਰ ਭਗਤ ਸਿੰਘ ਜੀ ਦੇ ਮਾਤਾ ਵਿਦਿਆਵਤੀ ਜੀ ਦਾ ਅੰਤਿਮ ਸੰਸਕਾਰ ਵੀ ਇੱਥੇ ਹੀ ਕੀਤਾ ਗਿਆ ਸੀ। ਹੁਸੈਨੀਵਾਲਾ ਵਿਖੇ ਸ਼ਹੀਦਾਂ ਦੀ ਯਾਦ ਵਿੱਚ 25 ਕਰੋੜ ਰੁਪਏ ਦੀ ਲਾਗਤ ਨਾਲ 'ਵਿਰਾਸਤੀ ਕੰਪਲੈਕਸ' ਬਣਾਇਆ ਜਾ ਰਿਹਾ ਹੈ। ਮੈਂ ਇਸ ਸਰਹੱਦੀ ਜ਼ਿਲ੍ਹੇ ਦੇ ਬਹਾਦਰ ਲੋਕਾਂ ਨੂੰ ਸਲਾਮ ਕਰਦਾ ਹਾਂ ਜੋ ਸਰਹੱਦ ਪਾਰ ਤੋਂ ਦੁਸ਼ਮਣਾਂ ਦੇ ਮਨਸੂਬਿਆਂ, ਕੁਦਰਤੀ ਆਫ਼ਤਾਂ ਅਤੇ ਹੋਰ ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰਦੇ ਹਨ।"

ਪੰਜਾਬ ਦੇ ਸਰਹੱਦੀ ਲੋਕਾਂ ਦੇ ਯੋਗਦਾਨ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ, "ਸਰਹੱਦ 'ਤੇ ਰਹਿਣ ਵਾਲੇ ਲੋਕਾਂ ਵੱਲੋਂ ਦੇਸ਼ ਅਤੇ ਪੰਜਾਬ ਲਈ ਦਿੱਤੀਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਅੱਜ ਜਦੋਂ ਪੂਰਾ ਦੇਸ਼ ਆਜ਼ਾਦੀ ਦਿਹਾੜਾ ਮਨਾ ਰਿਹਾ ਹੈ, ਮੈਂ ਦੇਸ਼ ਭਗਤਾਂ ਅਤੇ ਯੋਧਿਆਂ ਦੇ ਵਿਸ਼ਾਲ ਯੋਗਦਾਨ ਨੂੰ ਵੀ ਯਾਦ ਕਰਦਾ ਹਾਂ। ਦੇਸ਼ ਨੂੰ ਆਜ਼ਾਦੀ ਪ੍ਰਾਪਤ ਕਰਨ ਲਈ ਲੰਮਾ ਅਤੇ ਔਖਾ ਸੰਘਰਸ਼ ਕਰਨਾ ਪਿਆ ਅਤੇ 1947 ਵਿੱਚ ਦੇਸ਼ ਦੀ ਵੰਡ ਦੀ ਸਭ ਤੋਂ ਵੱਡੀ ਕੀਮਤ ਪੰਜਾਬ ਨੇ ਤਾਰੀ।" ਵੰਡ ਦੇ ਦਰਦ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਲੱਖਾਂ ਪਰਿਵਾਰਾਂ ਨੂੰ ਆਪਣੇ ਘਰ-ਬਾਰ ਛੱਡਣ ਲਈ ਮਜਬੂਰ ਹੋਣਾ ਪਿਆ। ਅੱਜ ਵੀ ਹਰ ਪੰਜਾਬੀ ਸਰਹੱਦ ਪਾਰ ਰਹਿ ਗਏ ਸਾਡੇ ਪਵਿੱਤਰ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਲਈ ਅਰਦਾਸ ਕਰਦਾ ਹੈ। ਮਨੁੱਖੀ ਇਤਿਹਾਸ ਵਿੱਚ ਅਜਿਹਾ ਵੱਡਾ ਉਜਾੜਾ ਸ਼ਾਇਦ ਹੀ ਕਦੇ ਦੇਖਣ ਨੂੰ ਮਿਲਿਆ ਹੋਵੇ। ਸ਼ਬਦਾਂ ਵਿੱਚ ਇਹ ਇੱਕ ਦੇਸ਼ ਦੀ ਵੰਡ ਹੋ ਸਕਦੀ ਹੈ, ਪਰ ਅਸਲ ਵਿੱਚ ਇਹ ਪਰਿਵਾਰਾਂ, ਰਿਸ਼ਤਿਆਂ ਅਤੇ ਜਜ਼ਬਾਤਾਂ ਦੀ ਸਾਂਝ ਦੀ ਵੰਡ ਸੀ।

# BJP ਨੇ ਨਵੀਂ ਟੀਮ ਦਾ ਕੀਤਾ ਐਲਾਨ: ਮਨਪ੍ਰੀਤ ਬਾਦਲ ਅਤੇ ਸਮ੍ਰਿਤੀ ਇਰਾਨੀ ਸਮੇਤ ਕਈ ਆਗੂਆਂ ਨੂੰ ਮਿਲੀ ਥਾਂ



ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਸੋਮਵਾਰ ਨੂੰ ਅਹੁਦੇਦਾਰਾਂ ਦੀ ਇੱਕ ਨਵੀਂ ਟੀਮ ਦਾ ਐਲਾਨ ਕੀਤਾ, ਜਿਸ ਵਿੱਚ ਪੁਰਾਣੇ ਅਤੇ ਨੌਜਵਾਨ ਆਗੂਆਂ ਦੇ ਸੁਮੇਲ ਨੂੰ ਯਕੀਨੀ ਬਣਾਇਆ ਗਿਆ ਹੈ।

ਇਸ ਬਦਲਾਅ ਤਹਿਤ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਸੀਨੀਅਰ ਆਰ ਐੱਸ ਐੱਸ ਨੇਤਾ ਰਾਮ ਮਾਧਵ ਨੂੰ 13 ਨਵੇਂ ਮੀਤ ਪ੍ਰਧਾਨਾਂ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਸੂਚੀ ਵਿੱਚ ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਦੀ ਥਾਂ ਨੂੰ ਬਰਕਰਾਰ ਰੱਖਿਆ ਗਿਆ ਹੈ ਅਤੇ ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਤੀਰਥ ਸਿੰਘ ਰਾਵਤ ਨੂੰ ਸ਼ਾਮਲ ਕੀਤਾ ਗਿਆ ਹੈ। ਨਵੇਂ ਜਨਰਲ ਸਕੱਤਰਾਂ ਵਿੱਚ, ਸਾਬਕਾ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਦੀ ਵਾਪਸੀ ਹੋਈ ਹੈ। ਪੰਜਾਬ ਮਾਮਲਿਆਂ ਦੇ ਮੌਜੂਦਾ ਆਬਜ਼ਰਵਰ ਸਤੀਸ਼ ਪੂਨੀਆ ਅਤੇ ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਦੇ ਕਰੀਬੀ ਰਾਜ ਸਭਾ ਮੈਂਬਰ ਸੰਜੇ ਭਾਟੀਆ ਨੂੰ ਨਵੇਂ ਜਨਰਲ ਸਕੱਤਰਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ, ਜਦੋਂ ਕਿ ਵਿਨੋਦ ਤਾਵੜੇ ਅਤੇ ਸੁਨੀਲ ਬਾਂਸਲ ਜਨਰਲ ਸਕੱਤਰਾਂ ਵਜੋਂ ਸੂਚੀ ਵਿੱਚ ਬਣੇ ਹੋਏ ਹਨ।

ਇਸ ਸੂਚੀ ਦੀ ਖ਼ਾਸ ਗੱਲ ਵਣਜ ਮੰਤਰੀ ਪੀਯੂਸ਼ ਗੋਇਲ ਦੀ ਭਾਜਪਾ ਦੇ ਖ਼ਜ਼ਾਨਚੀ ਵਜੋਂ ਨਿਯੁਕਤੀ ਹੈ। ਇਹ ਦੇਖਣਾ ਬਾਕੀ ਹੈ ਕਿ ਕੀ ਗੋਇਲ ਨੂੰ ਭਾਜਪਾ ਦੇ 'ਇੱਕ ਵਿਅਕਤੀ ਇੱਕ ਅਹੁਦਾ' ਨਿਯਮ ਦੇ ਤਹਿਤ ਕੇਂਦਰੀ ਕੈਬਨਿਟ ਤੋਂ ਹਟਾਇਆ ਜਾਵੇਗਾ ਜਾਂ ਨਹੀਂ।

ਇਸ ਤੋਂ ਇਲਾਵਾ, ਉਤਰਾਖੰਡ ਤੋਂ ਲੋਕ ਸਭਾ ਮੈਂਬਰ ਅਨਿਲ ਬਲੂਨੀ ਮੀਡੀਆ ਮੁਖੀ ਵਜੋਂ ਬਣੇ ਰਹਿਣਗੇ। ਉੱਥੇ ਹੀ ਤਰੁਣ ਚੁੱਘ ਨੂੰ ਜਨਰਲ ਸਕੱਤਰ ਦੇ ਅਹੁਦੇ ਤੋਂ ਹਟਾ ਕੇ ਭਾਜਪਾ ਦੇ ਕੇਂਦਰੀ ਦਫ਼ਤਰ ਦਾ ਇੰਚਾਰਜ ਬਣਾ ਦਿੱਤਾ ਗਿਆ ਹੈ। ਜਦਕਿ ਆਰ ਐੱਸ ਐੱਸ ਦੇ ਸੀਨੀਅਰ ਆਗੂ ਬੀ ਐੱਲ ਸੰਤੋਸ਼ ਸੰਗਠਨ ਦੇ ਜਨਰਲ ਸਕੱਤਰ ਵਜੋਂ ਬਣੇ ਰਹਿਣਗੇ। ਨਵੀਂ ਸੂਚੀ ਵਿੱਚ 13 ਮੀਤ ਪ੍ਰਧਾਨ ਅਤੇ ਅੱਠ ਜਨਰਲ ਸਕੱਤਰ ਹਨ, ਜਦੋਂ ਕਿ ਅਰੁਣ ਸਿੰਘ, ਦੁਸ਼ਯੰਤ ਗੌਤਮ ਅਤੇ ਰਾਧਾ ਮੋਹਨ ਅਗਰਵਾਲ ਨੂੰ ਜਨਰਲ ਸਕੱਤਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਇਹ ਟੀਮ ਅਗਲੇ ਸਾਲ ਹੋਣ ਵਾਲੀਆਂ ਪੰਜ ਸੂਬਿਆਂ ਦੀਆਂ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਗਈ ਹੈ। ਨਿਤਿਨ ਨਬੀਨ ਦੀ ਅੱਜ ਦੀ ਸੂਚੀ ਵਿੱਚ ਪੰਜਾਬ, ਯੂਪੀ ਅਤੇ ਉਤਰਾਖੰਡ ਨੂੰ ਚੰਗੀ ਨੁਮਾਇੰਦਗੀ ਮਿਲੀ ਹੈ। ਇਨ੍ਹਾਂ ਸੂਬਿਆਂ ਵਿੱਚ ਅਗਲੇ ਸਾਲ ਚੋਣਾਂ ਹੋਣੀਆਂ ਹਨ।

LEGAL SERVICES & IMMIGRATION MATTERS

ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter

THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa

Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
ROKU
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਕੌਮੀ ਇਨਸਾਫ ਮੋਰਚੇ ਦਾ ਰੋਸ ਮਾਰਚ:

## ਗਵਰਨਰ ਹਾਊਸ ਵੱਲ ਕੂਚ ਤੋਂ ਪਹਿਲਾਂ ਸਿਮਰਨਜੀਤ ਮਾਨ ਹਿਰਾਸਤ 'ਚ



ਮੋਹਾਲੀ: ਬੰਦੀ ਸਿੰਘਾਂ ਦੀ ਰਿਹਾਈ ਅਤੇ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਦੀ ਮੰਗ ਨੂੰ ਲੈ ਕੇ ਕੌਮੀ ਇਨਸਾਫ਼ ਮੋਰਚਾ ਅੱਜ ਪੰਜਾਬ ਦੇ ਗਵਰਨਰ ਹਾਊਸ ਵੱਲ ਕੂਚ ਕਰ ਰਿਹਾ ਹੈ। ਮੋਰਚੇ ਦੇ ਮੈਂਬਰ ਮੋਹਾਲੀ ਦੇ YPS ਚੌਂਕ ਤੋਂ ਚੰਡੀਗੜ੍ਹ ਵੱਲ ਜਾਣ ਵਾਲੇ ਰਸਤੇ 'ਤੇ ਇਕੱਠੇ ਹੋ ਰਹੇ ਹਨ।

ਫਿਲਹਾਲ ਮੋਰਚੇ ਵੱਲੋਂ ਚੰਡੀਗੜ੍ਹ ਜਾਣ ਲਈ ਕੋਈ ਨਿਰਧਾਰਤ ਰੂਟ ਤੈਅ ਨਹੀਂ ਕੀਤਾ ਗਿਆ। ਇਸ ਦੌਰਾਨ ਅੰਮ੍ਰਿਤਸਰ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਚੰਡੀਗੜ੍ਹ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ। ਉਹ ਗਵਰਨਰ ਹਾਊਸ ਦੇ ਨੇੜੇ ਪਹੁੰਚ ਗਏ ਸਨ।

**ਚੰਡੀਗੜ੍ਹ ਦੇ ਰਸਤਿਆਂ 'ਤੇ ਪੁਲਿਸ ਦੀ ਬੈਰੀਕੇਡਿੰਗ**

29 ਜੁਲਾਈ ਨੂੰ ਚੰਡੀਗੜ੍ਹ-ਮੋਹਾਲੀ ਸਰਹੱਦ 'ਤੇ ਵਾਰਿਸ ਪੰਜਾਬ ਦੇ ਦੇ ਪ੍ਰਦਰਸ਼ਨ ਦੌਰਾਨ ਹੋਏ ਹੰਗਾਮੇ ਤੋਂ ਬਾਅਦ ਪੁਲਿਸ ਇਸ ਵਾਰ ਪਹਿਲਾਂ ਨਾਲੋਂ ਵਧੇਰੇ ਚੌਕਸ ਹੈ। ਮੋਹਾਲੀ ਤੋਂ ਚੰਡੀਗੜ੍ਹ ਜਾਣ ਵਾਲੇ ਕਈ ਰਸਤਿਆਂ 'ਤੇ ਪੁਲਿਸ ਨੇ ਬੈਰੀਕੇਡ ਲਗਾ ਦਿੱਤੇ ਹਨ।

ਮੋਰਚੇ ਦੇ ਸਮਰਥਕਾਂ ਦੇ ਚੰਡੀਗੜ੍ਹ ਵੱਲ ਵਧਣ ਦੀ ਸੰਭਾਵਨਾ ਨੂੰ ਦੇਖਦਿਆਂ ਪ੍ਰਮੁੱਖ ਮਾਰਗਾਂ 'ਤੇ ਵਾਧੂ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ। ਬੈਰੀਕੇਡਿੰਗ ਕਾਰਨ ਸ਼ਹਿਰ ਦੀ ਆਵਾਜਾਈ ਵੀ ਪ੍ਰਭਾਵਿਤ ਹੋਈ ਹੈ।

**ਹਵਾਰਾ ਦੀ ਵੀਡੀਓ 'ਚ ਸ਼ਾਂਤੀ ਦੀ ਅਪੀਲ**

ਰੋਸ ਮਾਰਚ ਤੋਂ ਠੀਕ ਪਹਿਲਾਂ ਜੇਲ੍ਹ ਵਿੱਚ ਬੰਦ ਜਗਤਾਰ ਸਿੰਘ ਹਵਾਰਾ ਦੀ ਇੱਕ ਵੀਡੀਓ ਵੀ ਸਾਹਮਣੇ ਆਈ। ਹਵਾਰਾ ਨੇ ਅਪੀਲ ਕੀਤੀ ਕਿ 15 ਅਗਸਤ ਦਾ ਪ੍ਰੋਗਰਾਮ ਸ਼ਾਂਤੀਪੂਰਨ ਢੰਗ ਨਾਲ ਰੱਖਿਆ ਜਾਵੇ ਅਤੇ ਸ਼ਰਾਰਤੀ ਤੱਤਾਂ ਤੋਂ ਸਾਵਧਾਨ ਰਹਿੰਦੇ ਹੋਏ ਨੌਜਵਾਨ ਵਾਲੰਟੀਅਰ ਬਣ ਕੇ ਪ੍ਰਬੰਧ ਸੰਭਾਲਣ।

**29 ਜੁਲਾਈ ਦੀ ਘਟਨਾ ਤੋਂ ਬਾਅਦ ਪੁਲਿਸ ਸਖ਼ਤ**

29 ਜੁਲਾਈ ਨੂੰ ਚੰਡੀਗੜ੍ਹ-ਮੋਹਾਲੀ ਸਰਹੱਦ 'ਤੇ ਵਾਰਿਸ ਪੰਜਾਬ ਦੇ ਅਤੇ ਅਕਾਲੀ ਦਲ ਪੁਨਰਸੁਰਜੀਤ ਦੇ ਵਰਕਰਾਂ ਨੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ ਸੀ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਬੈਰੀਕੇਡ ਤੋੜ ਦਿੱਤੇ ਸਨ ਅਤੇ ਵਾਟਰ ਕੈਨਨ ਵਾਹਨ 'ਤੇ ਵੀ ਚੜ੍ਹ ਗਏ ਸਨ।

ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਾਲੇ ਹੋਈ ਝੜਪ ਵਿੱਚ ਕਈ ਸੁਰੱਖਿਆ ਕਰਮਚਾਰੀ ਜ਼ਖਮੀ ਹੋਏ ਸਨ। ਇਸੇ ਘਟਨਾ ਨੂੰ ਦੇਖਦਿਆਂ ਅੱਜ ਦੇ ਕੂਚ ਨੂੰ ਲੈ ਕੇ ਪੁਲਿਸ ਵੱਲੋਂ ਵਾਧੂ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

**ਧਰਨੇ ਵਾਲੀ ਥਾਂ 'ਤੇ ਲੱਗੇ ਬੰਦੀ ਸਿੰਘਾਂ ਦੇ ਪੋਸਟਰ**

ਮੋਰਚੇ ਵਿੱਚ ਸ਼ਾਮਲ ਹੋਣ ਲਈ ਨਿਹੰਗ ਵੀ ਪਹੁੰਚ ਰਹੇ ਹਨ। ਧਰਨੇ ਵਾਲੀ ਥਾਂ 'ਤੇ ਬੰਦੀ ਸਿੰਘਾਂਨਾਲ ਸਬੰਧਤ ਪੋਸਟਰ ਵੀ ਲਗਾਏ ਗਏ ਹਨ।

# "ਜਲਦੀ ਹੀ ਹਾਰਮੁਜ਼ 'ਤੇ ਕਬਜ਼ਾ ਕਰ ਲਵਾਂਗੇ"-

## ਟਰੰਪ ਦੇ ਜ਼ੋਰ ਪਾਉਣ 'ਤੇ ਈਰਾਨ ਦੀ ਚੇਤਾਵਨੀ: "ਝੂਠੇ ਸੁਪਨੇ ਦੇਖਣੇ ਬੰਦ ਕਰੋ"



ਈਰਾਨ ਨੇ ਕਿਹਾ ਕਿ ਟਰੰਪ ਨੂੰ 'ਹੋਰਮੁਜ਼ ਜਲ-ਡਮਰੂ' (Strait of Hormuz) ਬਾਰੇ ਕਲਪਨਾ ਕਰਨੀ ਬੰਦ ਕਰ ਦੇਣੀ ਚਾਹੀਦੀ ਹੈ। ਇਹ ਜਲ-ਮਾਰਗ "ਈਰਾਨ ਦਾ ਸੀ, ਈਰਾਨ ਦਾ ਹੈ ਅਤੇ ਈਰਾਨ ਦਾ ਹੀ ਰਹੇਗਾ।" ਈਰਾਨ ਦਾ ਇਹ ਬਿਆਨ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਦਾਅਵੇ ਤੋਂ ਬਾਅਦ ਆਇਆ ਹੈ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਅਮਰੀਕਾ "ਜਲਦੀ ਹੀ ਹੋਰਮੁਜ਼ ਜਲ-ਡਮਰੂ ਨੂੰ ਅਮਰੀਕੀ ਖੇਤਰ ਦਾ ਹਿੱਸਾ ਐਲਾਨ ਦੇਵੇਗਾ।" ਇਸ ਤੋਂ ਬਾਅਦ, ਈਰਾਨ ਦੇ ਉਪ ਵਿਦੇਸ਼ ਮੰਤਰੀ ਕਾਜ਼ੇਮ ਘਰੀਬਾਬਾਦੀ ਨੇ ਜ਼ੋਰ ਦੇ ਕੇ ਕਿਹਾ ਕਿ ਹੋਰਮੁਜ਼ ਜਲ-ਡਮਰੂ ਨੂੰ ਬੰਦ ਜਾਂ ਖੋਲ੍ਹਣ ਦਾ ਫੈਸਲਾ ਸਿਰਫ਼ ਈਰਾਨ ਦੇ ਹੁਕਮ 'ਤੇ ਹੀ ਕੀਤਾ ਜਾਵੇਗਾ।

'ਐਕਸ' (X) 'ਤੇ ਇੱਕ ਪੋਸਟ ਵਿੱਚ ਉਨ੍ਹਾਂ ਕਿਹਾ, "ਟਰੰਪ ਨੇ ਕਿਹਾ ਹੈ ਕਿ ਈਰਾਨ ਦੀ ਹਾਰ ਤੋਂ ਬਾਅਦ ਉਹ ਜਲਦੀ ਹੀ ਹਾਰਮੁਜ਼ ਨੂੰ ਅਮਰੀਕੀ ਖੇਤਰ ਐਲਾਨ ਦੇਣਗੇ। ਹਾਰਮੁਜ਼ 'ਤੇ ਕਬਜ਼ਾ ਟਵੀਟਾਂ, ਜੰਗੀ ਬੇੜਿਆਂ, ਕਾਰਜਕਾਰੀ ਹੁਕਮਾਂ ਜਾਂ ਚੋਣ ਭਾਸ਼ਣਾਂ ਰਾਹੀਂ ਨਹੀਂ ਕੀਤਾ ਜਾ ਸਕਦਾ।" ਉਨ੍ਹਾਂ ਅੱਗੇ ਕਿਹਾ, "ਇਸ ਸੱਚਾਈ ਨੂੰ ਇੱਕ ਵਾਰ ਅਤੇ ਹਮੇਸ਼ਾ ਲਈ ਸਵੀਕਾਰ ਕਰ ਲਵੋ ਕਿ ਤੁਹਾਨੂੰ ਇੱਕ ਰਣਨੀਤਕ ਅਤੇ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ... ਜਦੋਂ ਤੱਕ ਤੁਸੀਂ ਆਪਣੀ ਹਾਰ ਦੀ ਹਕੀਕਤ ਨੂੰ ਨਹੀਂ ਮੰਨਦੇ ਅਤੇ ਆਪਣੀਆਂ ਭਰਮ-ਭੁਲੇਖੇ ਵਾਲੀਆਂ ਧਾਰਨਾਵਾਂ ਨੂੰ ਨਹੀਂ ਛੱਡਦੇ, ਈਰਾਨ ਨਾਕਾਬੰਦੀ ਜਾਰੀ ਰੱਖੇਗਾ।"

ਅਸਲ ਵਿੱਚ, ਨਿਊਯਾਰਕ ਦੀ ਇੱਕ ਪੁਲਿਸ ਅਕੈਡਮੀ ਵਿੱਚ ਆਯੋਜਿਤ ਸਿਆਸੀ ਰੈਲੀ ਦੌਰਾਨ ਹੱਸਦੇ ਹੋਏ ਟਰੰਪ ਨੇ ਕਿਹਾ, "ਈਰਾਨ ਨੂੰ ਪੂਰੀ ਤਰ੍ਹਾਂ ਹਰਾਉਣ ਤੋਂ ਬਾਅਦ—ਜੋ ਕਿ ਕਰਾਰੀ ਹਾਰ ਦਾ ਸਾਹਮਣਾ ਕਰ ਰਿਹਾ ਹੈ—ਮੈਂ ਜਲਦੀ ਹੀ ਹਾਰਮੁਜ਼ ਨੂੰ ਸੰਯੁਕਤ ਰਾਜ ਅਮਰੀਕਾ ਦਾ ਖੇਤਰ ਐਲਾਨ ਦੇਵਾਂਗਾ, ਅਤੇ ਇਹੀ ਸੱਚ ਹੈ।" ਇਹ ਯਕੀਨੀ ਬਣਾਉਣ ਲਈ ਕਿ "ਇੱਕ ਬਹੁਤ ਹੀ ਮਾੜੇ ਦੇਸ਼" ਕੋਲ ਪ੍ਰਮਾਣੂ ਹਥਿਆਰ ਨਾ ਹੋਣ, ਪੈਟਰੋਲ ਲਈ ਥੋੜ੍ਹੀ ਜਿਹੀ ਵਾਧੂ ਕੀਮਤ ਚੁਕਾਉਣੀ ਜਾਇਜ਼ ਹੈ। ਹਾਲਾਂਕਿ, ਵ੍ਹਾਈਟ ਹਾਊਸ ਦੇ ਇੱਕ ਅਣਦੱਸੇ ਅਧਿਕਾਰੀ ਨੇ ਬਾਅਦ ਵਿੱਚ ਸਪੱਸ਼ਟ ਕੀਤਾ ਕਿ ਟਰੰਪ ਮਜ਼ਾਕ ਕਰ ਰਹੇ ਸਨ। 'ਟਰੂਥ ਸੋਸ਼ਲ' (Truth Social) 'ਤੇ ਕੀਤੀ ਇੱਕ ਪੋਸਟ ਵਿੱਚ, ਡੋਨਾਲਡ ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕਾ ਦਾ "ਹੋਰਮੁਜ਼ ਦੀ ਖਾੜੀ (Strait of Hormuz) 'ਤੇ ਪੂਰਾ ਕੰਟਰੋਲ ਹੈ। ਮੈਨੂੰ ਲੱਗਦਾ ਹੈ ਕਿ ਅਸੀਂ ਇਸਨੂੰ ਆਪਣੇ ਕੰਟਰੋਲ ਹੇਠ ਰੱਖਾਂਗੇ।" ਉਨ੍ਹਾਂ ਅੱਗੇ ਕਿਹਾ, "ਹਰ ਕੋਈ ਸਾਡੀ ਜਲ-ਨਾਕੇਬੰਦੀ ਨੂੰ 'ਇਸਪਾਤ ਦੀ ਕੰਧ' (A WALL OF STEEL) ਕਹਿ ਰਿਹਾ ਹੈ, ਅਤੇ ਈਰਾਨ ਇਸ ਬਾਰੇ ਕੁਝ ਨਹੀਂ ਕਰ ਸਕਦਾ।"

# ਟਰੰਪ ਦਾ ਅਮਰੀਕੀ ਨੇਵੀ ਲਈ ਵੱਡਾ ਫ਼ੈਸਲਾ

## ਵਿਦੇਸ਼ਾਂ 'ਚ ਬਣਾਏ ਜਾਣਗੇ ਜੰਗੀ ਜਹਾਜ਼



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਨੇਵੀ ਨੂੰ ਲੈ ਕੇ ਵੱਡਾ ਫੈਸਲਾ ਲਿਆ ਹੈ। ਵ੍ਹਾਈਟ ਹਾਊਸ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਟਰੰਪ ਨੇ ਅਮਰੀਕੀ ਨੇਵੀ ਨੂੰ ਵਿਦੇਸ਼ੀ ਸ਼ਿਪਯਾਰਡਜ਼ ਵਿੱਚ ਆਪਣੇ ਜਹਾਜ਼ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ।

ਇਸ ਦੇ ਨਾਲ ਹੀ ਰਾਸ਼ਟਰਪਤੀ ਨੇ ਇੱਕ ਨੈਸ਼ਨਲ ਸਕਿਓਰਿਟੀ ਮੈਮੋਰੈਂਡਮ 'ਤੇ ਦਸਤਖ਼ਤ ਕੀਤੇ ਹਨ। ਇਸ ਤਹਿਤ ਏਅਰਕ੍ਰਾਫਟ ਕੈਰੀਅਰਜ਼ 'ਤੇ ਜੈੱਟ ਫਾਈਟਰ ਜਹਾਜ਼ਾਂ ਨੂੰ ਲਾਂਚ ਕਰਨ ਲਈ ਵਰਤੀ ਜਾਣ ਵਾਲੀ ਤਕਨੀਕ ਵਿੱਚ ਵੀ ਵੱਡਾ ਬਦਲਾਅ ਕੀਤਾ ਗਿਆ ਹੈ।

**EMALS ਦੀ ਥਾਂ ਮੁੜ ਆਵੇਗੀ ਸਟੀਮ ਕੈਟਾਪੁਲਟ**

ਨਵੇਂ ਹੁਕਮ ਤੋਂ ਬਾਅਦ ਜੇਰਾਲਡ ਆਰ. ਫੋਰਡ ਕਲਾਸ ਦੇ ਚੌਥੇ ਏਅਰਕ੍ਰਾਫਟ ਕੈਰੀਅਰ 'ਤੇ ਇਲੈਕਟ੍ਰੋਮੈਗਨੈਟਿਕ ਏਅਰਕ੍ਰਾਫਟ ਲਾਂਚ ਸਿਸਟਮ ਯਾਨੀ EMALS ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਇਸ ਦੀ ਥਾਂ ਪੁਰਾਣੀ ਸਟੀਮ ਕੈਟਾਪੁਲਟ ਤਕਨੀਕ ਨੂੰ ਮੁੜ ਵਰਤਣ ਦਾ ਫੈਸਲਾ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਇਸ ਕਲਾਸ ਦੇ ਤਿੰਨ ਜਹਾਜ਼ਾਂ ਵਿੱਚ EMALS ਤਕਨੀਕ ਦੀ ਵਰਤੋਂ ਕੀਤੀ ਜਾ ਚੁੱਕੀ ਹੈ। ਮਾਹਿਰਾਂ ਅਤੇ ਰਿਪੋਰਟਾਂ ਮੁਤਾਬਕ ਡਿਜ਼ਾਈਨ ਦੇ ਇਸ ਪੜਾਅ 'ਤੇ ਇੰਨਾ ਵੱਡਾ ਬਦਲਾਅ ਕਰਨ ਨਾਲ ਅਮਰੀਕੀ ਟੈਕਸਦਾਤਿਆਂ 'ਤੇ ਵਾਧੂ ਖਰਚ ਦਾ ਬੋਝ ਪੈ ਸਕਦਾ ਹੈ।

**EMALS ਨੂੰ ਲੈ ਕੇ ਟਰੰਪ ਪਹਿਲਾਂ ਤੋਂ ਆਲੋਚਕ**

ਡੋਨਲਡ ਟਰੰਪ ਲੰਬੇ ਸਮੇਂ ਤੋਂ ਨੇਵੀ ਦੇ ਇਲੈਕਟ੍ਰੋਮੈਗਨੈਟਿਕ ਲਾਂਚ ਸਿਸਟਮ ਦੇ ਆਲੋਚਕ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਨਵਾਂ ਇਲੈਕਟ੍ਰੋਮੈਗਨੈਟਿਕ ਸਿਸਟਮ ਪੁਰਾਣੀ ਸਟੀਮ ਕੈਟਾਪੁਲਟ ਤਕਨੀਕ ਦੇ ਮੁਕਾਬਲੇ ਕਾਫ਼ੀ ਮਹਿੰਗਾ ਹੈ ਅਤੇ ਇਸ ਦੀ ਕਾਰਗੁਜ਼ਾਰੀ ਵੀ ਉਮੀਦ ਮੁਤਾਬਕ ਨਹੀਂ ਹੈ।

ਟਰੰਪ ਨੇ ਹਾਲ ਹੀ ਵਿੱਚ ਪੈਨਸਿਲਵੇਨੀਆ ਵਿੱਚ ਹੋਏ ਇੱਕ ਸਮਿੱਟ ਦੌਰਾਨ ਵੀ ਇਸ ਸਿਸਟਮ 'ਤੇ ਸਵਾਲ ਚੁੱਕੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਇਲੈਕਟ੍ਰਿਕ ਕੈਟਾਪੁਲਟ 'ਤੇ ਅਰਬਾਂ ਡਾਲਰ ਵੱਧ ਖਰਚ ਕੀਤੇ ਗਏ ਹਨ, ਪਰ ਉਹ ਉਨ੍ਹਾਂ ਦੇ ਮੁਤਾਬਕ ਉੱਨੇ ਚੰਗੇ ਨਹੀਂ ਹਨ ਅਤੇ ਕਾਫ਼ੀ ਜਟਿਲ ਹਨ।

**EMALS ਬਣਾਉਣ ਵਾਲੀ ਕੰਪਨੀ ਨੇ ਜਤਾਈ ਚਿੰਤਾ**

ਦੂਜੇ ਪਾਸੇ EMALS ਬਣਾਉਣ ਵਾਲੀ ਕੰਪਨੀ ਜਨਰਲ ਐਟੋਮਿਕਸ ਨੇ ਟਰੰਪ ਦੇ ਫੈਸਲੇ 'ਤੇ ਚਿੰਤਾ ਜ਼ਾਹਰ ਕੀਤੀ ਹੈ। ਕੰਪਨੀ ਨੇ ਕਿਹਾ ਹੈ ਕਿ ਡੋਰਿਸ ਮਿਲਰ ਏਅਰਕ੍ਰਾਫਟ ਕੈਰੀਅਰ 'ਤੇ ਇਸ ਸਿਸਟਮ ਦੀ ਵਰਤੋਂ ਰੋਕਣ ਦੇ ਫੈਸਲੇ 'ਤੇ ਸਰਕਾਰ ਨੂੰ ਗੰਭੀਰਤਾ ਨਾਲ ਮੁੜ ਵਿਚਾਰ ਕਰਨ ਦੀ ਲੋੜ ਹੈ।

# ਮਿਸ਼ਿਗਨ 'ਚ ਖ਼ੂਨੀ ਵਾਰਦਾਤ

## ਦੋ ਘਰਾਂ 'ਚ ਗੋਲੀਬਾਰੀ ਤੋਂ ਬਾਅਦ 6 ਮੌਤਾਂ



ਮਿਸ਼ਿਗਨ: ਅਮਰੀਕਾ ਦੇ ਮਿਸ਼ਿਗਨ ਸੂਬੇ ਵਿੱਚ ਗੋਲੀਬਾਰੀ ਦੀ ਇੱਕ ਗੰਭੀਰ ਘਟਨਾ ਸਾਹਮਣੇ ਆਈ ਹੈ। ਮਿਸ਼ਿਗਨ ਦੇ ਮਿਸ਼ਿਗੀ ਕਾਉਂਟੀ ਵਿੱਚ ਦੋ ਵੱਖ-ਵੱਖ ਘਰਾਂ ਵਿੱਚ ਹੋਈ ਗੋਲੀਬਾਰੀ ਦੌਰਾਨ 6 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ ਵਿੱਚ ਕਥਿਤ ਸ਼ੱਕੀ ਹਮਲਾਵਰ ਵੀ ਸ਼ਾਮਲ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਫਿਲਹਾਲ ਗੋਲੀਬਾਰੀ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ।

**ਪਹਿਲੇ ਘਰ 'ਚ 3 ਲੋਕਾਂ ਦੀ ਮੌਤ**

ਪੁਲਿਸ ਮੁਤਾਬਕ ਦੁਪਹਿਰ ਦੇ ਸਮੇਂ ਇੱਕ ਘਰ ਵਿੱਚ ਗੋਲੀਬਾਰੀ ਦੀ ਸੂਚਨਾ ਮਿਲੀ। ਜਦੋਂ ਪੁਲਿਸ ਮੌਕੇ 'ਤੇ ਪਹੁੰਚੀ ਤਾਂ ਉੱਥੇ 3 ਲੋਕ ਮ੍ਰਿਤਕ ਮਿਲੇ, ਜਦਕਿ ਇੱਕ ਵਿਅਕਤੀ ਜ਼ਖਮੀ ਹਾਲਤ ਵਿੱਚ ਸੀ। ਜ਼ਖਮੀ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਪੁਲਿਸ ਨੇ ਸ਼ੱਕੀ ਦੀ ਪਛਾਣ 39 ਸਾਲਾ ਚੈਡ ਹਿਕਮੈਨ ਵਜੋਂ ਕੀਤੀ। ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਉਹ ਮੌਕੇ ਤੋਂ ਫਰਾਰ ਹੋ ਗਿਆ ਸੀ। ਇਸ ਤੋਂ ਬਾਅਦ ਪੁਲਿਸ ਨੇ ਉਸ ਦੀ ਭਾਲ ਲਈ ਮੁਹਿੰਮ ਸ਼ੁਰੂ ਕਰ ਦਿੱਤੀ।

**ਦੂਜੇ ਘਰ 'ਚ ਵੀ ਹੋਈ ਗੋਲੀਬਾਰੀ**

ਸ਼ੱਕੀ ਦੀ ਭਾਲ ਦੌਰਾਨ ਇੱਕ ਹੋਰ ਘਰ ਵਿੱਚ ਵੀ ਗੋਲੀਬਾਰੀ ਹੋਈ, ਜਿਸ ਵਿੱਚ ਇੱਕ ਹੋਰ ਵਿਅਕਤੀ ਦੀ ਮੌਤ ਹੋ ਗਈ। ਇਸ ਤੋਂ ਬਾਅਦ ਪੁਲਿਸ ਨੇ ਲੋਕਾਂ ਨੂੰ ਚੌਕਸ ਕਰਦਿਆਂ ਕਿਹਾ ਕਿ ਸ਼ੱਕੀ ਹਥਿਆਰਬੰਦ ਅਤੇ ਖ਼ਤਰਨਾਕ ਹੋ ਸਕਦਾ ਹੈ। ਲੋਕਾਂ ਨੂੰ ਉਸ ਤੋਂ ਦੂਰ ਰਹਿਣ ਅਤੇ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਗਈ।

**ਜੰਗਲ 'ਚੋਂ ਮਿਲੀ ਸ਼ੱਕੀ ਦੀ ਕਾਰ**

ਜਾਂਚ ਦੌਰਾਨ ਪੁਲਿਸ ਨੂੰ ਸ਼ੱਕੀ ਦੀ ਕਾਰ ਜੰਗਲ ਵਾਲੇ ਇਲਾਕੇ ਵਿੱਚ ਮਿਲੀ। ਕਾਰ ਦੀ ਜਾਂਚ ਤੋਂ ਬਾਅਦ ਉੱਥੋਂ ਕੁਝ ਦੂਰੀ 'ਤੇ ਸ਼ੱਕੀ ਅਤੇ ਇੱਕ ਹੋਰ ਵਿਅਕਤੀ ਦੀਆਂ ਲਾਸ਼ਾਂ ਵੀ ਮਿਲੀਆਂ। ਇਸ ਨਾਲ ਕੁੱਲ ਮੌਤਾਂ ਦੀ ਗਿਣਤੀ 6 ਹੋ ਗਈ।

**ਪੁਲਿਸ ਕਰ ਰਹੀ ਮਾਮਲੇ ਦੀ ਜਾਂਚ**

ਪੁਲਿਸ ਹੁਣ ਗੋਲੀਬਾਰੀ ਦੇ ਪਿੱਛੇ ਦੀ ਵਜ੍ਹਾ ਦਾ ਪਤਾ ਲਗਾਉਣ ਵਿੱਚ ਜੁਟੀ ਹੋਈ ਹੈ। ਇਸ ਦੇ ਨਾਲ ਹੀ ਇਹ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਮਰਨ ਵਾਲੇ ਲੋਕਾਂ ਦਾ ਆਪਸ ਵਿੱਚ ਕੋਈ ਸਬੰਧ ਸੀ ਜਾਂ ਨਹੀਂ। ਪੁਲਿਸ ਨੇ ਘਟਨਾ ਨੂੰ ਬੇਹੱਦ ਦੁਖਦਾਈ ਦੱਸਦਿਆਂ ਲੋਕਾਂ ਨੂੰ ਘਟਨਾ ਵਾਲੀਆਂ ਥਾਵਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ। ਮ੍ਰਿਤਕਾਂ ਦੀ ਪਛਾਣ ਹਾਲੇ ਜਨਤਕ ਨਹੀਂ ਕੀਤੀ ਗਈ।

# 'ਜਿਨ੍ਹਾਂ ਦੀ ਉਮਰ 30 ਸਾਲ ਤੋਂ ਉੱਤੇ ਹੋ ਗਈ ਉਨ੍ਹਾਂ ਦੇ ਵਿਆਹ ਕਰੋ, ਰਿਸ਼ਤੇ ਕਰਵਾਓ ਪਰ ਭਾਨੀ ਨਹੀਂ ਮਾਰਨੀ' : ਜਥੇਦਾਰ ਗੜਗੱਜ




ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਸਮਾਜ ਵਿਚ ਨੌਜਵਾਨਾਂ ਦੇ ਵਿਆਹ ਤੇ ਪਰਿਵਾਰ ਨੂੰ ਲੈ ਕੇ ਅਹਿਮ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੋ ਲੜਕੇ-ਲੜਕੀਆਂ 30 ਸਾਲ ਤੋਂ ਵੱਧ ਉਮਰ ਦੇ ਹੋ ਚੁੱਕੇ ਹਨ ਉਨ੍ਹਾਂ ਦੇ ਵਿਆਹ ਲਈ ਪਰਿਵਾਰਾਂ ਨੂੰ ਪਹਿਲ ਕਰਨੀ ਚਾਹੀਦੀ ਹੈ। ਚੰਗੇ ਰਿਸ਼ਤੇ ਕਰਵਾਓ, ਭਾਨੀ ਨਹੀਂ ਮਾਰੋ। ਜਥੇਦਾਰ ਨੇ ਕਿਹਾ ਕਿ ਰਿਸ਼ਤੇ ਕਰਵਾਉਣ ਵਿਚ ਕਿਸੇ ਤਰ੍ਹਾਂ ਦੀ ਰੋਕ-ਟੋਕ ਜਾਂ ਝਿਜਕ ਨਹੀਂ ਹੋਣੀ ਚਾਹੀਦੀ। ਉਨ੍ਹਾਂ ਇਹ ਵੀ ਕਿਹਾ ਕਿ ਨੌਜਵਾਨਾਂ ਦੇ ਮਾਮਲੇ ਵਿਚ ਲੋੜ ਤੋਂ ਵੱਧ ਸੰਕੋਚ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਸਿਰਫ ਵਿਅਕਤੀਗਤ ਨਹੀਂ ਸਗੋਂ ਪੰਥਕ ਮੁੱਦਾ ਵੀ ਹੈ। ਉਨ੍ਹਾਂ ਸਿੱਖ ਪਰਿਵਾਰਾਂ ਵਿਚ ਵਧ ਬੱਚੇ ਹੋਣ ਦੀ ਗੱਲ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਘੱਟੋ ਤਿੰਨ ਬੱਚੇ ਹੋਣੇ ਚਾਹੀਦੇ ਹਨ ਜਦੋਂ ਕਿ ਇਸ ਤੋ ਵਧ ਬੱਚਿਆਂ ਨੂੰ ਲੈ ਕੇ ਗੁਰੂ ਦੀ ਮਰਜ਼ੀ ਸਭ ਤੋਂ ਉਪਰ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਜ਼ਿਆਦਾ ਬੱਚੇ ਹੋਣਾ ਸ਼ਰਮ ਦੀ ਗੱਲ ਨਹੀਂ ਹੈ।

ਆਪਣੇ ਸੰਦੇਸ਼ ਵਿਚ ਜਥੇਦਾਰ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਨੂੰ ਗੁਰੂ ਦੇ ਨਾਲ ਜੋੜਨ, ਧਰਮ ਤੇ ਗੁਰਬਾਣੀ ਨਾਲ ਜੋੜਨ। ਉਨ੍ਹਾ ਕਿਹਾ ਕਿ ਪਰਿਵਾਰ ਤੇ ਸਮਾਜ ਨੂੰ ਮਿਲ ਜੁਲ ਕੇ ਰਹਿਣਾ ਚਾਹੀਦਾ ਹੈ ਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿ ਕੇ ਅੱਗੇ ਵਧਣਾ ਚਾਹੀਦਾ ਹੈ। ਜਥੇਦਾਰ ਦਾ ਇਹ ਸੰਦੇਸ਼ ਮੁੱਖ ਤੌਰ ਤੋਂ ਸਿੱਖ ਸਮਾਜ ਵਿਚ ਵਿਆਹ ਦੀ ਉਮਰ, ਪਰਿਵਾਰ ਨੂੰ ਮਜ਼ਬੂਤ ਕਰਨ, ਬੱਚਿਆਂ ਦੀ ਗਿਣਤੀ ਵਧਾਉਣ ਤੇ ਨਵੀਂ ਪੀੜ੍ਹੀ ਨੂੰ ਧਰਮ ਤੇ ਗੁਰਬਾਣੀ ਨਾਲ ਜੋੜਨ 'ਤੇ ਕੇਂਦਰਿਤ ਰਿਹਾ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market
20 Red Maple Dr, Brampton
Indian Food Land
45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.
Guaranteed Issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ ਕੈਨੇਡਾ ਦਾ ਵੀਜਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਣਨ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
PUNJABSTAR.COM

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjar
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਜੇਲ੍ਹ ਭਰੋ ਤੋਂ ਮਰਨ ਵਰਤ ਤੱਕ—ਆਜ਼ਾਦੀ ਦੇ ਸਫ਼ਰ ਦੀ ਵਿਡੰਬਨਾ ਕੀ ਹੈ?



ਬੁੱਧ ਸਿੰਘ ਨੀਲੋਂ
94643 70823

ਆਜ਼ਾਦੀ ਸਿਰਫ਼ ਇੱਕ ਤਾਰੀਖ ਨਹੀਂ ਹੁੰਦੀ। ਆਜ਼ਾਦੀ ਇੱਕ ਲੰਮਾ ਸੁਪਨਾ, ਇੱਕ ਸੰਘਰਸ਼ ਅਤੇ ਇੱਕ ਵਾਅਦਾ ਹੁੰਦੀ ਹੈ। ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਲੋਕਾਂ ਨੇ ਇਹ ਵਾਅਦਾ ਆਪਣੇ ਖੂਨ, ਕੈਦ, ਭੁੱਖ, ਲਾਠੀਆਂ ਅਤੇ ਕੁਰਬਾਨੀਆਂ ਨਾਲ ਲਿਖਿਆ ਸੀ। ਜੇਲ੍ਹ ਭਰੋ ਅੰਦੋਲਨ, ਸਤਿਆਗ੍ਰਹਿ, ਭੁੱਖ ਹੜਤਾਲ, ਬਾਈਕਾਟ ਅਤੇ ਕੁਰਬਾਨੀ ਉਸ ਸੰਘਰਸ਼ ਦੇ ਅਜਿਹੇ ਢੰਗ ਸਨ, ਜਿਨ੍ਹਾਂ ਰਾਹੀਂ ਆਮ ਲੋਕਾਂ ਨੇ ਇੱਕ ਸਾਮਰਾਜੀ ਹਕੂਮਤ ਨੂੰ ਚੁਣੌਤੀ ਦਿੱਤੀ।

ਪਰ ਅੱਜ, ਆਜ਼ਾਦੀ ਦੇ ਦਹਾਕਿਆਂ ਬਾਅਦ, ਜਦੋਂ ਕੋਈ ਨਾਗਰਿਕ ਆਪਣੇ ਹੱਕ ਲਈ ਧਰਨਾ, ਜੇਲ੍ਹ ਭਰੋ, ਭੁੱਖ ਹੜਤਾਲ ਜਾਂ ਮਰਨ ਵਰਤ ਵਰਗੇ ਕਠੋਰ ਵਿਰੋਧੀ ਰਾਹਾਂ ਵੱਲ ਜਾਂਦਾ ਹੈ ਤਾਂ ਇੱਕ ਬੁਨਿਆਦੀ ਸਵਾਲ ਸਾਡੇ ਸਾਹਮਣੇ ਖੜ੍ਹਾ ਹੁੰਦਾ ਹੈ—

ਕੀ ਆਜ਼ਾਦੀ ਨੇ ਸਿਰਫ਼ ਹਾਕਮ ਬਦਲੇ ਹਨ ਜਾਂ ਹਾਕਮ ਅਤੇ ਲੋਕਾਂ ਦੇ ਰਿਸ਼ਤੇ ਦੀ ਪ੍ਰਕਿਰਤੀ ਵੀ ਬਦਲੀ ਹੈ?

**ਗੁਲਾਮੀ ਵੇਲੇ ਵਿਰੋਧ ਦਾ ਨਿਸ਼ਾਨਾ ਸਪਸ਼ਟ ਸੀ**

ਅੰਗਰੇਜ਼ੀ ਰਾਜ ਵਿੱਚ ਵਿਰੋਧ ਕਰਨ ਵਾਲੇ ਨੂੰ ਪਤਾ ਸੀ ਕਿ ਉਸਦੀ ਲੜਾਈ ਕਿਸ ਤਾਕਤ ਨਾਲ ਹੈ। ਹਕੂਮਤ ਵਿਦੇਸ਼ੀ ਸੀ ਅਤੇ ਉਸਦਾ ਮੂਲ ਉਦੇਸ਼ ਭਾਰਤੀਆਂ ਦੀ ਸਹਿਮਤੀ ਨਾਲ ਲੋਕਤੰਤਰ ਚਲਾਉਣਾ ਨਹੀਂ ਸੀ।

ਇਸ ਲਈ ਜਦੋਂ ਕੋਈ ਸਤਿਆਗ੍ਰਹੀ ਜੇਲ੍ਹ ਜਾਂਦਾ ਸੀ ਤਾਂ ਉਸਦੀ ਕੈਦ ਸਿਰਫ਼ ਵਿਅਕਤੀ ਦੀ ਕੈਦ ਨਹੀਂ ਰਹਿੰਦੀ ਸੀ। ਉਹ ਸਿਆਸੀ ਵਿਰੋਧ ਦਾ ਪ੍ਰਤੀਕ ਬਣ ਜਾਂਦੀ ਸੀ। ਜੇਲ੍ਹਾਂ ਭਰਨਾ ਇੱਕ ਤਰ੍ਹਾਂ ਨਾਲ ਇਹ ਐਲਾਨ ਸੀ—

"ਤੁਸੀਂ ਸਾਨੂੰ ਕਿੰਨੇ ਕੁ ਲੋਕ ਕੈਦ ਕਰੋਗੇ? ਲੋਕ ਤਾਂ ਕਰੋੜਾਂ ਹਨ।" ਇਸ ਵਿਰੋਧ ਵਿੱਚ ਸਰੀਰ ਨੂੰ ਹਥਿਆਰ ਬਣਾਇਆ ਗਿਆ, ਪਰ ਮਕਸਦ ਜੀਵਨ ਨੂੰ ਖਤਮ ਕਰਨਾ ਨਹੀਂ, ਸਗੋਂ ਅਨਿਆਇ ਦੇ ਵਿਰੁੱਧ ਨੈਤਿਕ ਦਬਾਅ ਪੈਦਾ ਕਰਨਾ ਸੀ।

**ਫਿਰ ਆਜ਼ਾਦੀ ਤੋਂ ਬਾਅਦ ਕੀ ਬਦਲਿਆ?**

1947 ਤੋਂ ਬਾਅਦ ਹਕੂਮਤ ਦੀ ਵੈਧਤਾ ਦਾ ਸਰੋਤ ਬਦਲ ਗਿਆ। ਹੁਣ ਹਕੂਮਤ ਵਿਦੇਸ਼ੀ ਤਾਜ ਦੀ ਨਹੀਂ, ਲੋਕਾਂ ਦੀ ਵੋਟ ਦੀ ਨੁਮਾਇੰਦਗੀ ਕਰਨ ਵਾਲੀ ਬਣੀ। ਸੰਵਿਧਾਨ ਨੇ ਨਾਗਰਿਕਾਂ ਨੂੰ ਅਧਿਕਾਰ ਦਿੱਤੇ। ਚੋਣਾਂ, ਵਿਧਾਨ ਸਭਾਵਾਂ, ਸੰਸਦ, ਅਦਾਲਤਾਂ, ਪ੍ਰੈੱਸ ਅਤੇ ਸ਼ਾਂਤਮਈ ਵਿਰੋਧ—ਇਹ ਸਭ ਲੋਕਤੰਤਰ ਦੇ ਸੰਸਥਾਗਤ ਰਸਤੇ ਬਣੇ।

ਇਸ ਲਈ ਆਜ਼ਾਦ ਦੇਸ਼ ਵਿੱਚ ਵਿਰੋਧ ਦੀ ਲੋੜ ਖਤਮ ਨਹੀਂ ਹੋਈ, ਪਰ ਵਿਰੋਧ ਦੀ ਲੋੜ ਪੈਦਾ ਕਰਨ ਵਾਲੀਆਂ ਸਥਿਤੀਆਂ ਘੱਟ ਹੋਣੀਆਂ ਚਾਹੀਦੀਆਂ ਸਨ। ਪਰ ਜੇ ਕਿਸੇ ਨਾਗਰਿਕ ਨੂੰ ਆਪਣੀ ਗੱਲ ਸਰਕਾਰ ਤੱਕ ਪਹੁੰਚਾਉਣ ਲਈ ਵਾਰ-ਵਾਰ ਸੜਕ ਉੱਤੇ ਆਉਣਾ ਪਵੇ, ਜੇ ਧਰਨੇ ਤੋਂ ਬਾਅਦ ਵੀ ਗੱਲ ਨਾ ਸੁਣੀ ਜਾਵੇ, ਜੇ ਪ੍ਰਤੀਨਿਧੀ ਸੰਵਾਦ ਦੀ ਥਾਂ ਟਕਰਾਅ ਚੁਣਨ ਅਤੇ ਅਖੀਰਕਾਰ ਕੋਈ ਵਿਅਕਤੀ ਆਪਣੀ ਸਿਹਤ ਤੱਕ ਦਾਅ 'ਤੇ ਲਾਉਣ ਨੂੰ ਮਜਬੂਰ ਹੋਵੇ—ਤਾਂ ਇਹ ਸਿਰਫ਼ ਉਸ ਵਿਅਕਤੀ ਦਾ ਸਵਾਲ ਨਹੀਂ ਰਹਿੰਦਾ। ਇਹ ਲੋਕਤੰਤਰ ਦੇ ਸੰਵਾਦੀ ਢਾਂਚੇ ਦੀ ਜਾਂਚ ਬਣ ਜਾਂਦਾ ਹੈ। ਜੇਲ੍ਹ ਭਰੋ ਤੋਂ ਮਰਨ ਵਰਤ ਤੱਕ ਇੱਥੇ ਇੱਕ ਡੂੰਘੀ ਵਿਡੰਬਨਾ ਹੈ। ਗੁਲਾਮੀ ਦੇ ਦੌਰ ਵਿੱਚ ਲੋਕ ਕਹਿੰਦੇ ਸਨ— "ਸਾਨੂੰ ਜੇਲ੍ਹਾਂ ਵਿੱਚ ਪਾਓ, ਅਸੀਂ ਜੇਲ੍ਹਾਂ ਭਰ ਦਿਆਂਗੇ।" ਅੱਜ ਲੋਕਤੰਤਰ ਵਿੱਚ ਸਵਾਲ ਬਣ ਗਿਆ ਹੈ।

"ਸਾਨੂੰ ਸੁਣੋ, ਤਾਂ ਜੋ ਸਾਨੂੰ ਆਪਣੀ ਜਾਨ ਅਤੇ ਸਿਹਤ ਨੂੰ ਦਾਅ 'ਤੇ ਨਾ ਲਾਉਣਾ ਪਵੇ।" ਇਹ ਤਬਦੀਲੀ ਸਿਰਫ਼ ਅੰਦੋਲਨ ਦੇ ਤਰੀਕੇ ਦੀ ਨਹੀਂ। ਇਹ ਰਾਜ ਅਤੇ ਨਾਗਰਿਕ ਵਿਚਕਾਰ ਭਰੋਸੇ ਦੇ ਸੰਕਟ ਵੱਲ ਇਸ਼ਾਰਾ ਕਰ ਸਕਦੀ ਹੈ। ਲੋਕਤੰਤਰ ਦੀ ਖੂਬਸੂਰਤੀ ਇਹ ਨਹੀਂ ਕਿ ਲੋਕ ਹਰ ਪੰਜ ਸਾਲ ਬਾਅਦ ਵੋਟ ਪਾ ਦੇਣ। ਲੋਕਤੰਤਰ ਦੀ ਅਸਲ ਪਰਖ ਤਾਂ ਉਸ ਵੇਲੇ ਹੁੰਦੀ ਹੈ ਜਦੋਂ ਲੋਕ ਆਪਣੀ ਸਰਕਾਰ ਨਾਲ ਅਸਹਿਮਤ ਹੁੰਦੇ ਹਨ।

**ਕੀ ਸਰਕਾਰ ਉਨ੍ਹਾਂ ਨੂੰ ਸੁਣਦੀ ਹੈ?**

ਕੀ ਵਿਰੋਧ ਨੂੰ ਦੁਸ਼ਮਨੀ ਸਮਝਿਆ ਜਾਂਦਾ ਹੈ? ਕੀ ਮੰਗਾਂ ਦਾ ਤੱਥਾਂ ਨਾਲ ਜਵਾਬ ਦਿੱਤਾ ਜਾਂਦਾ ਹੈ? ਕੀ ਗੱਲਬਾਤ ਲਈ ਦਰਵਾਜ਼ੇ ਖੁੱਲ੍ਹੇ ਰਹਿੰਦੇ ਹਨ? ਇਹੀ ਸਵਾਲ ਲੋਕਤੰਤਰ ਦੀ ਗੁਣਵੱਤਾ ਦੱਸਦੇ ਹਨ। ਆਜ਼ਾਦੀ ਦਾ ਅਰਥ ਕੀ ਸੀ? ਆਜ਼ਾਦੀ ਦਾ ਅਰਥ ਸਿਰਫ਼ ਇਹ ਨਹੀਂ ਸੀ ਕਿ ਲਾਲ ਕਿਲ੍ਹੇ ਉੱਤੇ ਆਪਣਾ ਝੰਡਾ ਲਹਿਰ ਜਾਵੇ। ਆਜ਼ਾਦੀ ਦਾ ਵੱਡਾ ਅਰਥ ਸੀ ਕਿ ਆਮ ਮਨੁੱਖ ਦੀ ਜ਼ਿੰਦਗੀ ਵਿੱਚ ਆਜ਼ਾਦੀ ਉਤਰੇ। ਉਸਨੂੰ ਇਨਸਾਫ਼ ਮਿਲੇ। ਉਸਦੇ ਬੱਚਿਆਂ ਨੂੰ ਸਿੱਖਿਆ ਮਿਲੇ। ਨੌਜਵਾਨ ਨੂੰ ਰੋਜ਼ਗਾਰ ਮਿਲੇ। ਕਿਸਾਨ ਨੂੰ ਆਪਣੀ ਮਿਹਨਤ ਦਾ ਉਚਿਤ ਮੁੱਲ ਮਿਲੇ। ਮਜ਼ਦੂਰ ਨੂੰ ਸਨਮਾਨ ਅਤੇ ਸੁਰੱਖਿਆ ਮਿਲੇ। ਔਰਤ ਨੂੰ ਬਰਾਬਰੀ ਮਿਲੇ। ਗਰੀਬ ਨੂੰ ਕਾਨੂੰਨ ਅੱਗੇ ਬਰਾਬਰ ਦਾ ਹੱਕ ਮਿਲੇ। ਅਤੇ ਹਰ ਨਾਗਰਿਕ ਨੂੰ ਇਹ ਭਰੋਸਾ ਹੋਵੇ ਕਿ ਉਸਦੀ ਆਵਾਜ਼ ਸੁਣੀ ਜਾ ਸਕਦੀ ਹੈ।

ਜੇ ਇਹਨਾਂ ਵਿੱਚੋਂ ਕੋਈ ਹੱਕ ਅਧੂਰਾ ਰਹਿ ਜਾਂਦਾ ਹੈ ਤਾਂ ਸੰਵਿਧਾਨਕ ਆਜ਼ਾਦੀ ਅਤੇ ਸਮਾਜਿਕ ਆਜ਼ਾਦੀ ਵਿਚਕਾਰ ਇੱਕ ਫ਼ਾਸਲਾ ਪੈਦਾ ਹੁੰਦਾ ਹੈ।

ਪਰ ਕੀ ਹਰ ਮਰਨ ਵਰਤ ਲੋਕਤੰਤਰ ਦੀ ਨਾਕਾਮੀ ਹੈ? ਇੱਥੇ ਇੱਕ ਹੋਰ ਪੱਖ ਵੀ ਸਮਝਣਾ ਜ਼ਰੂਰੀ ਹੈ।

ਹਰ ਭੁੱਖ ਹੜਤਾਲ ਜਾਂ ਮਰਨ ਵਰਤ ਨੂੰ ਆਪਣੇ ਆਪ ਲੋਕਤੰਤਰ ਦੀ ਨਾਕਾਮੀ ਕਹਿ ਦੇਣਾ ਵੀ ਠੀਕ ਨਹੀਂ। ਲੋਕਤੰਤਰ ਵਿੱਚ ਵਿਰੋਧ ਕਰਨ ਦਾ ਹੱਕ ਜਿੰਨਾ ਮਹੱਤਵਪੂਰਨ ਹੈ, ਉਨਾ ਹੀ ਮਹੱਤਵਪੂਰਨ ਹੈ ਕਿ ਸਰਕਾਰ ਅਤੇ ਸਮਾਜ ਤੱਥਾਂ, ਕਾਨੂੰਨ ਅਤੇ ਜਨਹਿੱਤ ਦੇ ਆਧਾਰ 'ਤੇ ਮੰਗਾਂ ਨੂੰ ਪਰਖਣ। ਕਿਸੇ ਮੰਗ ਦਾ ਜਾਇਜ਼ ਹੋਣਾ ਸਿਰਫ਼ ਇਸ ਗੱਲ ਨਾਲ ਸਾਬਤ ਨਹੀਂ ਹੁੰਦਾ ਕਿ ਕੋਈ ਵਿਅਕਤੀ ਕਿੰਨਾ ਕਠੋਰ ਵਿਰੋਧ ਕਰ ਰਿਹਾ ਹੈ।

ਇਸ ਲਈ ਦੋਵੇਂ ਪਾਸਿਆਂ ਦੀ ਜ਼ਿੰਮੇਵਾਰੀ ਹੈ—

ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਵਿਰੋਧ ਦੀ ਆਵਾਜ਼ ਸੁਣੇ। ਅੰਦੋਲਨਕਾਰੀਆਂ ਦੀ ਜ਼ਿੰਮੇਵਾਰੀ ਹੈ ਕਿ ਮਸਲੇ ਨੂੰ ਤੱਥ, ਤਰਕ ਅਤੇ ਸ਼ਾਂਤਮਈ ਲੋਕਤੰਤਰਕ ਢੰਗ ਨਾਲ ਰੱਖਣ। ਅਸਲ ਸੰਕਟ ਵਿਰੋਧ ਨਹੀਂ, ਸੰਵਾਦ ਦੀ ਕਮੀ ਹੈ ਵਿਰੋਧ ਲੋਕਤੰਤਰ ਦਾ ਦੁਸ਼ਮਣ ਨਹੀਂ।

ਵਿਰੋਧ ਨੂੰ ਸੁਣਨ ਤੋਂ ਇਨਕਾਰ ਕਰਨਾ ਲੋਕਤੰਤਰ ਲਈ ਖ਼ਤਰਨਾਕ ਹੋ ਸਕਦਾ ਹੈ।

ਸਰਕਾਰ ਨੂੰ ਇਹ ਸਮਝਣਾ ਪਵੇਗਾ ਕਿ ਹਰ ਧਰਨਾ ਸਰਕਾਰ ਵਿਰੋਧੀ ਸਾਜ਼ਿਸ਼ ਨਹੀਂ ਹੁੰਦਾ। ਕਈ ਵਾਰ ਧਰਨਾ ਉਸ ਨਾਗਰਿਕ ਦੀ ਆਖਰੀ ਆਵਾਜ਼ ਹੁੰਦਾ ਹੈ ਜਿਸਨੇ ਦਫ਼ਤਰਾਂ ਦੇ ਦਰਵਾਜ਼ੇ ਖੜਕਾਏ, ਅਰਜ਼ੀਆਂ ਦਿੱਤੀਆਂ, ਅਧਿਕਾਰੀਆਂ ਨੂੰ ਮਿਲਿਆ ਅਤੇ ਅਦਾਲਤਾਂ ਦੇ ਦਰਵਾਜ਼ੇ ਤੱਕ ਪਹੁੰਚਿਆ ਹੋਵੇ।

ਉਸੇ ਤਰ੍ਹਾਂ ਅੰਦੋਲਨਕਾਰੀਆਂ ਨੂੰ ਵੀ ਇਹ ਸਮਝਣਾ ਪਵੇਗਾ ਕਿ ਲੋਕਤੰਤਰ ਵਿੱਚ ਸਰਕਾਰ ਨਾਲ ਅਸਹਿਮਤੀ ਦਾ ਅਰਥ ਸਰਕਾਰ ਨੂੰ ਅਮਾਨਵੀ ਜਾਂ ਦੁਸ਼ਮਣ ਘੋਸ਼ਿਤ ਕਰਨਾ ਨਹੀਂ। ਸੰਵਾਦ ਅਤੇ ਅਸਹਿਮਤੀ ਇਕੱਠੇ ਚੱਲ ਸਕਦੇ ਹਨ।

**ਆਜ਼ਾਦੀ ਦੀ ਸਭ ਤੋਂ ਵੱਡੀ ਪਰਖ**

ਅਸੀਂ ਹਰ ਸਾਲ ਆਜ਼ਾਦੀ ਦਿਵਸ ਮਨਾਉਂਦੇ ਹਾਂ। ਝੰਡੇ ਲਹਿਰਾਉਂਦੇ ਹਾਂ, ਭਾਸ਼ਣ ਹੁੰਦੇ ਹਨ, ਦੇਸ਼ਭਗਤੀ ਦੇ ਗੀਤ ਗਾਏ ਜਾਂਦੇ ਹਨ। ਪਰ ਆਜ਼ਾਦੀ ਦੀ ਅਸਲ ਪਰਖ ਸਮਾਰੋਹਾਂ ਵਿੱਚ ਨਹੀਂ ਹੁੰਦੀ। ਉਹ ਤਾਂ ਉਸ ਵੇਲੇ ਹੁੰਦੀ ਹੈ ਜਦੋਂ ਕਿ ਗਰੀਬ ਮਨੁੱਖ ਸਰਕਾਰੀ ਦਫ਼ਤਰ ਵਿੱਚ ਜਾਂਦਾ ਹੈ। ਕਿਸਾਨ ਆਪਣੀ ਮੰਗ ਲੈ ਕੇ ਹਕੂਮਤ ਦੇ ਸਾਹਮਣੇ ਖੜ੍ਹਾ ਹੁੰਦਾ ਹੈ। ਬੇਰੁਜ਼ਗਾਰ ਨੌਜਵਾਨ ਆਪਣਾ ਭਵਿੱਖ ਪੁੱਛਦਾ ਹੈ। ਮਜ਼ਦੂਰ ਆਪਣੇ ਹੱਕ ਦੀ ਮੰਗ ਕਰਦਾ ਹੈ। ਇੱਕ ਨਾਗਰਿਕ ਸਰਕਾਰ ਦੇ ਫ਼ੈਸਲੇ ਨਾਲ ਅਸਹਿਮਤ ਹੁੰਦਾ ਹੈ। ਉਸ ਵੇਲੇ ਰਾਜ ਉਸ ਨਾਲ ਕਿਵੇਂ ਵਿਹਾਰ ਕਰਦਾ ਹੈ—ਇਹੀ ਆਜ਼ਾਦੀ ਦੀ ਅਸਲ ਪਰਖ ਹੈ।

**ਜੇਲ੍ਹ ਨਹੀਂ, ਸੰਵਾਦ ਭਰੋ**

ਸ਼ਾਇਦ ਅੱਜ ਸਾਨੂੰ ਜੇਲ੍ਹਾਂ ਭਰਨ ਵਾਲੇ ਨਾਅਰੇ ਤੋਂ ਅੱਗੇ ਵਧ ਕੇ ਇੱਕ ਨਵਾਂ ਲੋਕਤੰਤਰਕ ਨਾਅਰਾ ਬਣਾਉਣ ਦੀ ਲੋੜ ਹੈ—

"ਜੇਲ੍ਹਾਂ ਨਹੀਂ, ਸੰਵਾਦ ਭਰੋ।" ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਵਾਲੇ ਦਫ਼ਤਰ ਭਰੋ। ਲੋਕਾਂ ਨਾਲ ਮਿਲਣ ਵਾਲੇ ਪ੍ਰਤੀਨਿਧੀ ਭਰੋ। ਵਿਧਾਨ ਸਭਾਵਾਂ ਵਿੱਚ ਅਸਲ ਬਹਿਸ ਭਰੋ। ਪ੍ਰਸ਼ਾਸਨ ਵਿੱਚ ਜਵਾਬਦੇਹੀ ਭਰੋ। ਸੰਸਥਾਵਾਂ ਵਿੱਚ ਪਾਰਦਰਸ਼ਤਾ ਭਰੋ। ਅਤੇ ਲੋਕਾਂ ਦੇ ਮਨ ਵਿੱਚ ਇਹ ਭਰੋਸਾ ਭਰੋ ਕਿ ਉਨ੍ਹਾਂ ਦੀ ਆਵਾਜ਼ ਦੀ ਕੋਈ ਕੀਮਤ ਹੈ।

ਕਿਉਂਕਿ ਜਿਸ ਲੋਕਤੰਤਰ ਵਿੱਚ ਨਾਗਰਿਕ ਦੀ ਗੱਲ ਸੁਣਨ ਲਈ ਉਸਨੂੰ ਆਪਣੀ ਸਿਹਤ ਜਾਂ ਜ਼ਿੰਦਗੀ ਨੂੰ ਦਾਅ 'ਤੇ ਲਾਉਣ ਦੀ ਲੋੜ ਪੈਣ ਲੱਗੇ, ਉੱਥੇ ਸਾਨੂੰ ਸਿਰਫ਼ ਅੰਦੋਲਨਕਾਰੀ ਨੂੰ ਨਹੀਂ, ਆਪਣੀਆਂ ਲੋਕਤੰਤਰਕ ਸੰਸਥਾਵਾਂ ਨੂੰ ਵੀ ਸਵਾਲ ਪੁੱਛਣਾ ਚਾਹੀਦਾ ਹੈ।

ਅੰਤ ਵਿੱਚ ਗੁਲਾਮੀ ਵਿੱਚ ਜੇਲ੍ਹ ਜਾਣਾ ਆਜ਼ਾਦੀ ਦੀ ਕੀਮਤ ਸੀ। ਆਜ਼ਾਦੀ ਵਿੱਚ ਆਪਣੀ ਗੱਲ ਸੁਣਵਾਉਣ ਲਈ ਜੇਲ੍ਹ ਜਾਣਾ ਲੋਕਤੰਤਰ ਲਈ ਚੇਤਾਵਨੀ ਹੈ।

ਭੁੱਖ ਹੜਤਾਲ ਅਤੇ ਮਰਨ ਵਰਤ ਕਿਸੇ ਵੀ ਸਮਾਜ ਲਈ ਮਾਣ ਦੀ ਸਥਿਤੀ ਨਹੀਂ ਹੋਣੀ ਚਾਹੀਦੀ। ਇੱਕ ਜਾਗਰੂਕ ਲੋਕਤੰਤਰ ਦੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਮਸਲਾ ਮਰਨ ਵਰਤ ਤੱਕ ਪਹੁੰਚਣ ਤੋਂ ਪਹਿਲਾਂ ਹੀ ਮੇਜ਼ 'ਤੇ ਆ ਜਾਵੇ ਅਤੇ ਗੱਲਬਾਤ ਨਾਲ ਹੱਲ ਹੋ ਜਾਵੇ।

ਆਜ਼ਾਦੀ ਦਾ ਅਸਲ ਮਤਲਬ ਇਹ ਨਹੀਂ ਕਿ ਹਾਕਮ ਆਪਣਾ ਹੋ ਗਿਆ।

ਆਜ਼ਾਦੀ ਦਾ ਅਸਲ ਮਤਲਬ ਹੈ—ਹਾਕਮ ਲੋਕਾਂ ਦਾ ਹੋਵੇ, ਸੰਵਿਧਾਨ ਲੋਕਾਂ ਦੇ ਹੱਕਾਂ ਦੀ ਰੱਖਿਆ ਕਰੇ ਅਤੇ ਲੋਕਾਂ ਨੂੰ ਆਪਣੀ ਗੱਲ ਕਹਿਣ ਲਈ ਆਪਣੀ ਜਾਨ ਦਾਅ 'ਤੇ ਨਾ ਲਾਉਣੀ ਪਵੇ।

ਇਸ ਲਈ ਅੱਜ ਦਾ ਸਭ ਤੋਂ ਵੱਡਾ ਸਵਾਲ ਇਹ ਨਹੀਂ ਕਿ "ਮਰਨ ਵਰਤ ਕਿਉਂ ਹੋ ਰਿਹਾ ਹੈ?"

ਵੱਡਾ ਸਵਾਲ ਇਹ ਹੈ—

"ਉਹ ਮਸਲਾ ਸੰਵਾਦ ਦੀ ਮੇਜ਼ ਤੱਕ ਸਮੇਂ ਸਿਰ ਕਿਉਂ ਨਹੀਂ ਪਹੁੰਚਿਆ?"

ਇਹੀ ਸਵਾਲ ਆਜ਼ਾਦੀ ਦੀ ਅਸਲੀ ਕੀਮਤ ਅਤੇ ਲੋਕਤੰਤਰ ਦੀ ਅਸਲੀ ਪਰਖ ਦੋਵਾਂ ਨੂੰ ਸਾਹਮਣੇ ਲਿਆਉਂਦਾ ਹੈ।




## ਮਿੰਨੀ ਕਹਾਣੀ–
# ਸ਼ਿਫਾਰਸੀ ਕਾਰਡ

ਮੋਗੇ ਜਗਿੰਦਰ ਸਿੰਘ ਚੌਂਕ ਵਿੱਚ ਖੜੇ ਥਾਣੇਦਾਰ ਨੇ ਜਬਰਜੰਗ ਸਿੰਘ ਨੂੰ ਲਾਲ ਬੱਤੀ ਹੋਣ ਦੇ ਬਾਵਜੂਦ ਮੋਟਰ ਸਾਈਕਲ ਨੂੰ ਭਜਾ ਕੇ ਲੰਘਣ ਲੱਗੇ ਨੂੰ ਰੋਕਿਆ ਤੇ ਕਾਗਜ਼ ਵਿਖਾਉਣ ਲਈ ਕਿਹਾ। "ਮੈਨੂੰ ਤਾਂ ਅੱਜ ਤੱਕ ਕਿਸੇ ਸ਼ਿਪਾਟੇ ਨੇ ਕਾਗਜ਼ ਵਿਖਾਉਣ ਲਈ ਨਹੀਂ ਕਿਹਾ ਤੇ ਨਾਂ ਹੀ ਕਦੇ ਮੈਂ ਕਾਗਜ਼ ਵਿਖਾਏ ਐ। ਜਬਰਜੰਗ ਆਕੜਿਆ ਖੜ੍ਹਾ ਸੀ" ਸਰਦਾਰ ਜੀ ਕਾਪੀ ਕੱਢੋ, ਜੇ ਕਦੇ ਨਹੀਂ ਵਿਖਾਏ ਤਾਂ ਹੁਣ ਵਿਖਾਉ ਥਾਣੇਦਾਰ ਨੇ ਕਿਹਾ।

ਜਬਰਜੰਗ ਨੇ ਧੌਣ ਅਕੜਾ ਕੇ ਮੋਟਰ ਸਾਈਕਲ ਦੀ ਕਾਪੀ ਫੜਾ ਦਿੱਤੀ। "ਸਰਦਾਰ ਸਾਹਿਬ ਤੁਹਾਡੀ ਕਾਪੀ ਤਾਂ ਰੀਨਿਊ ਕਰਾਉਣ ਵਾਲੀ ਹੈ, ਬੀਮਾ ਵੀ ਨਹੀਂ ਕਰਾਇਆ ਤੇ ਪੋਲੂਸ਼ਨ ਸਰਟੀਫਿਕੇਟ ਵੀ ਨਹੀਂ ਹੈ ਤੇ ਲਾਲ ਬੱਤੀ ਹੋਣ ਤੇ ਵੀ ਤੁਸੀਂ ਨਹੀਂ ਰੁਕੇ, ਤੁਹਾਡਾ ਚਲਾਣ ਕੱਟਣਾ ਪਵੇਗਾ "ਥਾਣੇਦਾਰ ਨੇ ਕਾਪੀ ਵੇਖਕੇ ਕਿਹਾ। ਜਬਰਜੰਗ ਭਲਵਾਨੀ ਅੰਦਾਜ ਵਿੱਚ ਬੋਲਿਆ," ਉਏ ਤੇਰਾ ਬੈਲਟ ਨੰਬਰ ਕੀ ਐ ਦੱਸ ਮੈਨੂੰ ਛੇਤੀ ਕਰ ਕੱਢਾਂ ਤੇਰੀ ਠਾਣੇਦਾਰੀ"।

"ਸਰਦਾਰ ਜੀ ਤੁਸੀਂ ਹੋ ਕੌਣ ਪੁਲਿਸ ਦੀ ਡਿਉਟੀ ਵਿੱਚ ਭੰਗਣਾ ਪਾਉਣ ਵਾਲੇ" ਆਖਕੇ ਕੱਛ ਵਿਚੋਂ ਡੰਡਾ ਕੱਢ ਕੇ ਜਬਰਜੰਗ ਦੇ ਢਿੱਡ ਨਾਲ ਲਾਇਆ। "ਉਏ ਤੈਨੂੰ ਪਤਾ ਨਹੀਂ ਮੈਂ ਤਲਵੰਡੀ ਪਿੰਡ ਦਾ ਪੰਚਾਇਤ ਮੈਂਬਰ ਹਾਂ, ਆਹ ਵੇਖ ਸਾਬਕਾ ਐਮ ਐਲ ਏ ਬੂਝਾ ਸਿੰਘ ਦਾ ਕਾਰਡ" ਕਹਿ ਕੇ ਜੇਬ ਚੋਂ ਅਲਾਦੀਨ ਦੇ ਚਿਰਾਗ ਵਾਂਗ ਕਾਰਡ ਕੱਢਿਆ। ਦਰਅਸਲ ਬੂਝਾ ਸਿੰਘ ਨੇ ਉਨਾਂ ਦੇ ਰਾਜ ਵੇਲੇ ਥਾਣੇਦਾਰ ਨੂੰ ਦੋ ਵਾਰ ਸਸਪੈਂਡ ਕਰਾਇਆ ਸੀ।

"ਬੱਲੇ ਉਏ ਚਲਾਕ ਸੱਜਣਾ ਤੇ ਚਮਚਿਆ, ਮੈਂ ਤਾਂ ਤੇਰੇ ਵਰਗਿਆਂ ਨੂੰ ਭਾਲਦਾ ਫਿਰਦਾ ਹਾਂ ਜਿਵੇਂ ਬਿੱਲੀ ਖੁੱਡ ਚੋਂ ਚੂਹਾ, ਤੂੰ ਇਹ ਕਵਿਤਾ ਸੁਣੀ ਹੈ":–

"ਜਿਹੜੀ ਟੁੱਕ ਸੀ ਦਹੀਂ ਨਾ ਦਿੰਦੀ, ਉਹ ਮਾਂ ਮਰ ਗਈ ਏ,

ਕੁੱਜੀ ਦਹੀਂ ਦੇ ਵਾਲੀ ਹੋਰਾਂ ਹੱਥ ਧਰ ਗਈ ਏ"।

"ਉਏ ਲਿਆ ਨੀਲਿਆ ਚਲਾਣ ਵਾਲੀ ਕਾਪੀ, ਫਸ ਗਈ ਮੱਛੀ ਆਪਣੇ ਆਪ" ਥਾਣੇਦਾਰ ਨੇ ਕੋਲ ਖੜੇ ਹੌਲਦਾਰ ਨੂੰ ਕਿਹਾ ਤੇ ਵੱਡਾ ਚਲਾਣ ਕੱਟਕੇ ਜਬਰਜੰਗ ਦੇ ਹੱਥ ਫੜਾਇਆ। ਜਬਰਜੰਗ ਕਹਿੰਦਾ ਹਾਏ ਉਏ ਬੂੱਝਿਆ ਚੱਲੇ ਕਾਰਤੂਸਾ, ਤੇਰਾ ਕਾਰਡ ਕੰਮ ਨਾ ਆਇਆ।

Sarwan Singh Patang

# ਪਰਵਾਸ ਦੀ ਦਾਸਤਾਨ

ਜਦੋਂ ਮੇਰੀ ਪੀ.ਆਰ. ਕੈਨੇਡਾ ਦੀ ਆਈ,
ਇੱਕ ਨਿਵੇਕਲੀ ਖੁਸ਼ੀ ਨੂਰਾਨੀ ਚਿਹਰੇ 'ਤੇ ਛਾਈ।
ਪਰਦੇਸ ਜਾਣ ਦਾ ਚਾਅ ਸੀ ਮਨ ਵਿੱਚ,
ਪਰ ਪਰਿਵਾਰ ਤੋਂ ਦੂਰ ਹੋਣ ਦੀ ਉਦਾਸੀ ਵੀ ਆਈ।
ਹੱਸਦੇ ਚਿਹਰੇ ਪਿੱਛੇ ਗ਼ਮ ਦਾ ਸਮੁੰਦਰ ਸੀ,
ਜਦੋਂ ਅੱਖਾਂ ਵਿੱਚੋਂ ਨੀਰ ਦੀ ਧਾਰਾ ਵਹਿ ਤੁਰ ਆਈ।

ਮਾਂ ਨੇ ਚੁੰਮ ਕੇ ਮੱਥਾ ਦਿੱਤੀਆਂ ਅਸੀਸਾਂ,
ਬਾਬਲ ਨੇ ਵੀ ਲਾਡ ਲਡਾਏ ਸੀ।
ਵੀਰੇ ਦੇ ਮੁੱਖ 'ਤੇ ਹਾਸਾ ਤਾਂ ਸੀ,
ਪਰ ਅੰਦਰੋਂ ਹੰਝੂ ਡੁੱਲ੍ਹ ਆਏ ਸੀ।

ਸੁਪਨੇ ਸਾਕਾਰ ਹੋਣ ਦੀ ਖੁਸ਼ੀ ਤਾਂ ਹੈ,
ਪਰ ਪਿੰਡ ਦੀਆਂ ਗਲੀਆਂ ਚੇਤੇ ਆਉਣਗੀਆਂ।
ਜਹਾਜ਼ ਚੜ੍ਹਨ ਵੇਲੇ ਮਨ ਭਰ ਆਉਣਾ,
ਜਦੋਂ ਅਣਜਾਣ ਰਾਹਾਂ ਪੈਰ ਪਾਉਣਗੀਆਂ।

ਨਵੇਂ ਦੇਸ਼ ਵਿੱਚ ਨਵੀਂ ਸ਼ੁਰੂਆਤ ਹੋਊ,
ਮਿਹਨਤ ਨਾਲ ਆਪਣਾ ਨਾਮ ਚਮਕਾਵਾਂਗੇ।
ਭਾਵੇਂ ਦੂਰ ਹਾਂ ਅੱਜ ਆਪਣੇ ਵਤਨ ਤੋਂ,
ਇੱਕ ਦਿਨ ਉੱਚੀਆਂ ਮੰਜ਼ਿਲਾਂ ਪਾਵਾਂਗੇ।

ਪਰਮਬੀਰ ਕੌਰ ਰਿਆੜ

# ਪੰਜਾਬ: ਇੱਕ ਅਜਿਹੀ ਧਰਤੀ ਜੋ ਅਜੇ ਵੀ ਸਾਹ ਲੈਂਦੀ ਹੈ, ਪਰ ਸਿਰਫ਼ ਸਾਹਾਂ ਵਿੱਚ– ਸਤਨਾਮ ਸਿੰਘ ਚਾਹਲ

ਪੰਜਾਬ ਨੂੰ ਕਿਸੇ ਸਮੇਂ ਪੰਜ ਦਰਿਆਵਾਂ, ਉਪਜਾਊ ਖੇਤਾਂ, ਖੁੱਲ੍ਹੇ ਦਿਲਾਂ ਅਤੇ ਨਿਡਰ ਲੋਕਾਂ ਦੀ ਧਰਤੀ ਕਿਹਾ ਜਾਂਦਾ ਸੀ। ਅੱਜ ਵੀ ਦਰਿਆ ਵਗਦੇ ਹਨ, ਖੇਤ ਅਜੇ ਵੀ ਖੜ੍ਹੇ ਹਨ ਅਤੇ ਨਾਅਰੇ ਅਜੇ ਵੀ ਗੂੰਜਦੇ ਹਨ–ਪਰ ਪੰਜਾਬ ਅੰਦਰ ਕੁਝ ਚੁੱਪ–ਚਾਪ ਮਰ ਰਿਹਾ ਹੈ।

ਕਈ ਦਰਿਆਵਾਂ ਨੇ ਪੰਜਾਬ ਨੂੰ ਮੇਰੇ,
ਕਿ ਸਾਹ ਵੀ ਹੁਣ ਸਿਸਕੀਆਂ ਭਰਦੇ ਨੇ।

ਮੇਰਾ ਪੰਜਾਬ ਇੰਨੇ ਦਰਦਾਂ ਨਾਲ ਘਿਰਿਆ ਹੋਇਆ ਹੈ ਕਿ ਹੁਣ ਸਾਹ ਵੀ ਸਾਹਾਂ ਵਾਂਗ ਨਿਕਲਦੇ ਹਨ। ਇਹ ਹੁਣ ਸਿਰਫ਼ ਕਵਿਤਾ ਨਹੀਂ ਹੈ। ਇਹ ਪੰਜਾਬ ਦੀ ਰੋਜ਼ਾਨਾ ਹਕੀਕਤ ਦੇ ਵਰਨਣ ਵਾਂਗ ਮਹਿਸੂਸ ਹੁੰਦਾ ਹੈ। ਵਿਅੰਗਾਤਮਕ ਲਗਭਗ ਬੇਰਹਿਮ ਹੈ. ਹਰ ਚੋਣ ਬਦਲਾਵ ਦੇ ਵਾਅਦੇ ਲੈ ਕੇ ਆਉਂਦੀ ਹੈ। ਹਰ ਸਰਕਾਰ ਇੱਕ ਨਵਾਂ ਨਾਅਰਾ ਲੈ ਕੇ ਆਉਂਦੀ ਹੈ। ਹਰ ਨੇਤਾ ਵਿਕਾਸ, ਖੁਸ਼ਹਾਲੀ, ਨੌਕਰੀਆਂ, ਸੁਰੱਖਿਆ ਅਤੇ ਉੱਜਵਲ ਭਵਿੱਖ ਦਾ ਵਾਅਦਾ ਕਰਦਾ ਹੈ। ਅਤੇ ਹਰ ਚੋਣ ਤੋਂ ਬਾਅਦ, ਪੰਜਾਬ ਨੂੰ ਇੱਕ ਹੋਰ ਪ੍ਰੈਸ ਕਾਨਫਰੰਸ, ਇੱਕ ਹੋਰ ਕਮੇਟੀ, ਇੱਕ ਹੋਰ ਐਲਾਨ ਅਤੇ ਇੱਕ ਹੋਰ ਨੀਂਹ ਪੱਥਰ ਦਿੱਤਾ ਜਾਂਦਾ ਹੈ। ਨੀਂਹ ਪੱਥਰ ਵਧ ਰਹੇ ਹਨ।

ਹਾਲਾਂਕਿ, ਪੂਰੇ ਹੋਏ ਪ੍ਰੋਜੈਕਟ ਲੁਕੇ ਹੋਏ ਜਾਪਦੇ ਹਨ। ਪੰਜਾਬ ਇੱਕ ਅਜੀਬ ਜਗ੍ਹਾ ਬਣ ਗਿਆ ਹੈ ਜਿੱਥੇ ਸਰਕਾਰਾਂ ਮਾਣ ਨਾਲ ਨੌਕਰੀਆਂ ਦਾ ਐਲਾਨ ਕਰਦੀਆਂ ਹਨ ਜਦੋਂ ਕਿ ਨੌਜਵਾਨ ਮਾਣ ਨਾਲ ਆਪਣੇ ਜਾਣ ਦਾ ਐਲਾਨ ਕਰਦੇ ਹਨ। ਮੰਤਰੀ ਰੁਜ਼ਗਾਰ ਬਾਰੇ ਗੱਲ ਕਰਦੇ ਹਨ ਜਦੋਂ ਕਿ ਪਰਿਵਾਰ ਆਈਈਐਲਟੀਐਸ, ਸਟੱਡੀ ਪਰਮਿਟ, ਵਰਕ ਪਰਮਿਟ ਅਤੇ ਫਲਾਈਟ ਟਿਕਟਾਂ ਬਾਰੇ ਗੱਲ ਕਰਦੇ ਹਨ। ਬਹੁਤ ਸਾਰੇ ਪੰਜਾਬੀ ਘਰਾਂ ਵਿੱਚ ਸਭ ਤੋਂ ਵੱਡਾ ਕਰੀਅਰ ਕਾਉਂਸਲਿੰਗ ਸੈਂਟਰ ਹੁਣ ਪਾਸਪੋਰਟ ਦਫਤਰ ਹੈ। ਸਾਡੇ ਪਿੰਡ ਸਰਕਾਰੀ ਇਸ਼ਤਿਹਾਰਾਂ ਨਾਲੋਂ ਜ਼ਿਆਦਾ ਇਮਾਨਦਾਰੀ ਨਾਲ ਕਹਾਣੀ ਦੱਸਦੇ ਹਨ।

ਮਹਿੰਗੇ ਗੇਟਾਂ ਵਾਲੇ ਘਰ ਹਨ ਪਰ ਬੰਦ ਦਰਵਾਜ਼ਿਆਂ ਵਾਲੇ ਹਨ। ਸੁੰਦਰ ਮੁਰੰਮਤ ਕੀਤੇ ਘਰ ਹਨ ਜਿਨ੍ਹਾਂ ਦੇ ਮਾਲਕ ਹਜ਼ਾਰਾਂ ਕਿਲੋਮੀਟਰ ਦੂਰ ਰਹਿੰਦੇ ਹਨ। ਅਜਿਹੀਆਂ ਗਲੀਆਂ ਹਨ ਜਿੱਥੇ ਦਾਦਾ–ਦਾਦੀ ਪੋਤੇ–ਪੋਤੀਆਂ ਤੋਂ ਵੀਡੀਓ ਕਾਲਾਂ ਦੀ ਉਡੀਕ ਕਰਦੇ ਹਨ ਜੋ ਉਹ ਹਰ ਕੁਝ ਸਾਲਾਂ ਵਿੱਚ ਇੱਕ ਵਾਰ ਦੇਖ ਸਕਦੇ ਹਨ। ਪੰਜਾਬ ਨੇ ਉਨ੍ਹਾਂ ਬੱਚਿਆਂ ਲਈ ਮਹਿਲ ਬਣਾਏ ਜਿਨ੍ਹਾਂ ਨੂੰ ਕਿਤੇ ਹੋਰ ਜ਼ਿੰਦਗੀ ਬਣਾਉਣ ਲਈ ਮਜਬੂਰ ਕੀਤਾ ਗਿਆ ਸੀ। ਅਤੇ ਫਿਰ ਅਸੀਂ ਬਹੁਤ ਗੰਭੀਰਤਾ ਨਾਲ ਪੁੱਛਦੇ ਹਾਂ ਕਿ ਨੌਜਵਾਨ ਕਿਉਂ ਜਾ ਰਹੇ ਹਨ।

ਜੁਆਨੀ ਰੂਲਾਲ ਨਿਕਲਿਆ ਪਰਦੇਸ਼ ਦੀ ਯਾਦ ਵਿੱਚ,
ਉਜੜੇ ਨੇ ਪਿੰਡ ਉਜੜੀਆਂ ਨੇ।

ਨੌਜਵਾਨ ਵਿਦੇਸ਼ਾਂ ਦੀ ਜ਼ਿੰਦਗੀ ਦੀ ਭੁੱਖ ਨਾਲ ਖਿੱਲਰ ਗਏ ਹਨ; ਪਿੰਡ ਖਾਲੀ ਹੋ ਗਏ ਹਨ, ਇੱਥੋਂ ਤੱਕ ਕਿ ਉਨ੍ਹਾਂ ਦੇ ਪਰਛਾਵੇਂ ਵੀ ਉਜਾੜ ਜਾਪਦੇ ਹਨ। ਦੁਖਾਂਤ ਸਿਰਫ਼ ਪਰਵਾਸ ਨਹੀਂ ਹੈ। ਪਰਵਾਸ ਇੱਕ ਮੌਕਾ ਹੋ ਸਕਦਾ ਹੈ। ਤ੍ਰਾਸਦੀ ਉਦੋਂ ਹੁੰਦੀ ਹੈ ਜਦੋਂ ਛੱਡਣਾ ਹੀ ਅਜਿਹਾ ਮੌਕਾ ਬਣ ਜਾਂਦਾ ਹੈ ਜੋ ਲੋਕ ਦੇਖ ਸਕਦੇ ਹਨ। ਇਸ ਦੌਰਾਨ, ਪੰਜਾਬ ਦੀ ਖੇਤੀ – ਜੋ ਕਦੇ ਇਸ ਦਾ ਮਾਣ ਸੀ – ਕਰਜ਼ੇ, ਅਨਿਸ਼ਚਿਤਤਾ, ਵਾਤਾਵਰਣ ਦੇ ਤਣਾਅ ਅਤੇ ਸੁੰਗੜਦੇ ਰਿਟਰਨ ਦਾ ਆਪਣਾ ਬੋਝ ਚੁੱਕ ਰਹੀ ਹੈ। ਕਿਸਾਨ ਲੱਖਾਂ ਦਾ ਪੇਟ ਪਾਲਦਾ ਹੈ, ਫਿਰ ਵੀ ਬਹੁਤ ਸਾਰੇ ਕਿਸਾਨ ਪਰਿਵਾਰ ਕੱਲ੍ਹ ਦੀ ਚਿੰਤਾ ਵਿੱਚ ਫਸੇ ਰਹਿੰਦੇ ਹਨ।

ਹਵਾਵਾਂ ਵਿੱਚ ਨੇਤਾਵਾਂ ਤੇ ਉਦਾਸ ਨੇ
ਲੂਣ ਨਾਲ ਰੰਗ ਦੀਆਂ ਨਿੱਕੀਆਂ ਨਿੱਕੀਆਂ।

ਹਵਾਵਾਂ ਵਿੱਚ ਜ਼ਹਿਰ ਹੈ ਅਤੇ ਫਸਲਾਂ ਉਦਾਸ ਹਨ; ਅੱਜ ਘਰਾਂ ਨੂੰ ਜਾਣ ਵਾਲੀਆਂ ਸੜਕਾਂ ਖੂਨ ਨਾਲ ਰੰਗੀਆਂ ਜਾਪਦੀਆਂ ਹਨ। ਹਵਾ ਪ੍ਰਦੂਸ਼ਿਤ ਹੈ। ਧਰਤੀ ਹੇਠਲਾ ਪਾਣੀ ਦਬਾਅ ਹੇਠ ਹੈ। ਨਸ਼ੇ ਪਰਿਵਾਰਾਂ ਨੂੰ ਤੰਗ ਕਰਦੇ ਰਹਿੰਦੇ ਹਨ। ਅਪਰਾਧ ਡਰ ਪੈਦਾ ਕਰਦਾ ਹੈ। ਸਿਆਸੀ ਦੁਸ਼ਮਣੀ ਕੁੜੱਤਣ ਪੈਦਾ ਕਰਦੀ ਹੈ। ਵਿਰੋਧ ਟਕਰਾਅ ਪੈਦਾ ਕਰਦੇ ਹਨ। ਅਤੇ ਅਕਸਰ, ਪ੍ਰਸ਼ਾਸਨ ਦੀ ਪਹਿਲੀ ਪ੍ਰਵਿਰਤੀ ਇਹ ਦਿਖਾਈ ਦਿੰਦੀ ਹੈ ਕਿ ਪ੍ਰਦਰਸ਼ਨ ਪਿੱਛੇ ਦਰਦ ਨੂੰ ਸਮਝਣ ਦੀ ਬਜਾਏ ਕਿਵੇਂ ਕਾਬੂ ਕੀਤਾ ਜਾਵੇ। ਇੱਕ ਨਾਗਰਿਕ ਆਵਾਜ਼ ਉਠਾਉਂਦਾ ਹੈ। ਸਰਕਾਰ ਬੈਰੀਕੇਡ ਖੜ੍ਹੀ ਕਰਦੀ ਹੈ। ਨਾਗਰਿਕ ਧਰਨੇ 'ਤੇ ਬੈਠਦਾ ਹੈ। ਸਰਕਾਰ ਪੁਲਿਸ ਭੇਜਦੀ ਹੈ।

ਨਾਗਰਿਕ ਸਵਾਲ ਪੁੱਛਦਾ ਹੈ। ਸਰਕਾਰ ਪ੍ਰੈਸ ਕਾਨਫਰੰਸ ਕਰਦੀ ਹੈ। ਅਤੇ ਮਾਈਕ੍ਰੋਫ਼ੋਨ ਅਤੇ ਬੈਰੀਕੇਡ ਦੇ ਵਿਚਕਾਰ ਕਿਤੇ, ਅਸਲ ਸਮੱਸਿਆ ਗਾਇਬ ਹੋ ਜਾਂਦੀ ਹੈ। ਇਹ ਪੰਜਾਬ ਦੀ ਨਵੀਂ ਰਾਜਨੀਤਿਕ ਜਾਦੂਈ ਚਾਲ ਹੈ: ਜਨਤਕ ਸ਼ਿਕਾਇਤ ਨੂੰ ਕਾਨੂੰਨ ਵਿਵਸਥਾ ਦੀ ਸਮੱਸਿਆ ਵਿੱਚ ਬਦਲ ਦਿਓ। ਨਿਆਂ ਦੀ ਮੰਗ ਕਰੋ ਅਤੇ ਤੁਹਾਨੂੰ ਵਿਘਨਕਾਰੀ ਕਿਹਾ ਜਾ ਸਕਦਾ ਹੈ। ਨੌਕਰੀਆਂ ਦੀ ਮੰਗ ਕਰੋ ਅਤੇ ਤੁਹਾਨੂੰ ਰਾਜਨੀਤਿਕ ਕਿਹਾ ਜਾ ਸਕਦਾ ਹੈ। ਸਵਾਲ ਖਰਚੇ ਅਤੇ ਤੁਹਾਨੂੰ ਸਰਕਾਰ ਵਿਰੋਧੀ ਕਿਹਾ ਜਾ ਸਕਦਾ ਹੈ। ਸ਼ਾਂਤਮਈ ਢੰਗ ਨਾਲ ਵਿਰੋਧ ਕਰੋ ਅਤੇ ਕਿਸੇ ਤਰ੍ਹਾਂ ਗੱਲਬਾਤ ਟ੍ਰੈਫਿਕ ਬਾਰੇ ਬਣ ਜਾਂਦੀ ਹੈ। ਪੰਜਾਬ ਨੂੰ ਸਵਾਲਾਂ ਨੂੰ ਚੁੱਪ ਕਰਾਉਣ ਦੇ ਹੋਰ ਤਰੀਕਿਆਂ ਦੀ ਲੋੜ ਨਹੀਂ ਹੈ। ਉਹਨਾਂ ਦੇ ਜਵਾਬ ਦੇਣ ਲਈ ਇਸਨੂੰ ਹੋਰ ਹਿੰਮਤ ਦੀ ਲੋੜ ਹੈ।

ਲੋਕਾਂ 'ਤੇ ਇੱਕ ਹੋਰ ਦਰਦਨਾਕ ਮਜ਼ਾਕ ਖੇਡਿਆ ਜਾ ਰਿਹਾ ਹੈ। ਸਰਕਾਰਾਂ ਕਹਿੰਦੀਆਂ ਹਨ ਕਿ ਉਹ ਭ੍ਰਿਸ਼ਟਾਚਾਰ ਨਾਲ ਲੜ ਰਹੀਆਂ ਹਨ। ਵਿਰੋਧੀ ਧਿਰ ਦੇ ਨੇਤਾ ਕਹਿੰਦੇ ਹਨ ਕਿ ਭ੍ਰਿਸ਼ਟਾਚਾਰ ਵੱਧ ਰਿਹਾ ਹੈ। ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ। ਕਮੇਟੀਆਂ ਬਣਾਈਆਂ ਜਾਂਦੀਆਂ ਹਨ। ਜਾਂਚਾਂ ਦਾ ਐਲਾਨ ਕੀਤਾ ਜਾਂਦਾ ਹੈ। ਭਾਸ਼ਣ ਉੱਚੇ ਹੋ ਜਾਂਦੇ ਹਨ। ਅਤੇ ਆਮ ਨਾਗਰਿਕ ਅਜੇ ਵੀ ਉਹੀ ਪੁਰਾਣਾ ਸਵਾਲ ਪੁੱਛਦਾ ਹੈ: "ਕੀ ਮੈਂ ਆਪਣਾ ਕੰਮ ਬਿਨਾਂ ਪ੍ਰਭਾਵ ਤੋਂ ਕਰਵਾਵਾਂਗਾ?"ਇਹ ਸਵਾਲ ਦਸ ਭ੍ਰਿਸ਼ਟਾਚਾਰ ਵਿਰੋਧੀ ਭਾਸ਼ਣਾਂ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ।

ਪੰਜਾਬ ਦੀ ਰਾਜਨੀਤੀ ਨੇ ਵੀ ਵਿਸ਼ੇ ਨੂੰ ਬਦਲਣ ਲਈ ਇੱਕ ਸ਼ਾਨਦਾਰ ਪ੍ਰਤਿਭਾ ਵਿਕਸਤ ਕੀਤੀ ਹੈ। ਜਦੋਂ ਬੇਰੁਜ਼ਗਾਰੀ ਬੇਆਰਾਮ ਹੋ ਜਾਂਦੀ ਹੈ, ਨਿਵੇਸ਼ ਬਾਰੇ ਗੱਲ ਕਰੋ। ਜਦੋਂ ਅਪਰਾਧ ਬੇਆਰਾਮ ਹੋ ਜਾਂਦਾ ਹੈ, ਪ੍ਰਾਪਤੀਆਂ ਬਾਰੇ ਗੱਲ ਕਰੋ। ਜਦੋਂ ਕਰਜ਼ਾ ਬੇਆਰਾਮ ਹੋ ਜਾਂਦਾ ਹੈ, ਵਿਕਾਸ ਬਾਰੇ ਗੱਲ ਕਰੋ। ਜਦੋਂ ਵਿਰੋਧ ਪ੍ਰਦਰਸ਼ਨ ਬੇਆਰਾਮ ਹੋ ਜਾਂਦੇ ਹਨ, ਤਾਂ ਸਾਜ਼ਿਸ਼ ਬਾਰੇ ਗੱਲ ਕਰੋ।

**ਅਤੇ ਜਦੋਂ ਸਭ ਕੁਝ ਬੇਆਰਾਮ ਹੋ ਜਾਂਦਾ ਹੈ—**

ਇੱਕ ਹੋਰ ਯੋਜਨਾ ਦਾ ਐਲਾਨ ਕਰੋ। ਹਾਲਾਂਕਿ, ਲੋਕ ਮੂਰਖ ਨਹੀਂ ਹਨ। ਉਹ ਖਾਲੀ ਫੈਕਟਰੀਆਂ ਦੇਖ ਸਕਦੇ ਹਨ। ਉਹ ਛੱਡੇ ਹੋਏ ਪਿੰਡ ਦੇਖ ਸਕਦੇ ਹਨ। ਉਹ ਨੌਜਵਾਨਾਂ ਨੂੰ ਜਾਂਦੇ ਹੋਏ ਦੇਖ ਸਕਦੇ ਹਨ। ਉਹ ਨਸ਼ਿਆਂ ਦੀ ਲਤ ਨੂੰ ਪਰਿਵਾਰਾਂ ਨੂੰ ਤਬਾਹ ਕਰਦੇ ਦੇਖ ਸਕਦੇ ਹਨ। ਉਹ ਪ੍ਰਦੂਸ਼ਿਤ ਪਾਣੀ ਦੇਖ ਸਕਦੇ ਹਨ। ਉਹ ਟੁੱਟੇ ਹੋਏ ਵਿਸ਼ਵਾਸ ਨੂੰ ਦੇਖ ਸਕਦੇ ਹਨ। ਉਹ ਰਾਜਨੀਤਿਕ ਥੀਏਟਰ ਦੇਖ ਸਕਦੇ ਹਨ। ਸਭ ਤੋਂ ਮਹੱਤਵਪੂਰਨ, ਉਹ ਭਾਸ਼ਣ ਅਤੇ ਗਲੀ ਵਿਚਕਾਰ ਦੂਰੀ ਦੇਖ ਸਕਦੇ ਹਨ। ਪੰਜਾਬ ਨੇ ਕਦੇ ਆਪਣੇ ਪੁੱਤਰਾਂ ਅਤੇ ਧੀਆਂ ਨੂੰ ਵਿਸ਼ਵਾਸ ਨਾਲ ਦੁਨੀਆ ਭਰ ਵਿੱਚ ਭੇਜਿਆ ਸੀ। ਅੱਜ, ਬਹੁਤ ਸਾਰੇ ਮਾਪੇ ਉਨ੍ਹਾਂ ਨੂੰ ਹੰਝੂਆਂ ਨਾਲ ਭੇਜਦੇ ਹਨ। ਪੰਜਾਬ ਨੇ ਕਦੇ ਖੁਸ਼ਹਾਲੀ ਘਰ ਲਿਆਉਣ ਦਾ ਸੁਪਨਾ ਦੇਖਿਆ ਸੀ।




ਅੱਜ, ਬਹੁਤ ਸਾਰੇ ਪਰਿਵਾਰ ਸਿਰਫ਼ ਆਪਣੇ ਬੱਚਿਆਂ ਨੂੰ ਸੁਰੱਖਿਅਤ ਬਾਹਰ ਕੱਢਣ ਦਾ ਸੁਪਨਾ ਦੇਖਦੇ ਹਨ। ਅਤੇ ਇਹ ਸਭ ਤੋਂ ਦੁਖਦਾਈ ਦੋਸ਼ ਹੋ ਸਕਦਾ ਹੈ। ਇੱਕ ਸਰਕਾਰ ਆਰਥਿਕ ਵਿਕਾਸ ਦਾ ਦਾਅਵਾ ਕਰ ਸਕਦੀ ਹੈ। ਇੱਕ ਸਿਆਸਤਦਾਨ ਪ੍ਰਸਿੱਧੀ ਦਾ ਦਾਅਵਾ ਕਰ ਸਕਦਾ ਹੈ। ਇੱਕ ਵਿਭਾਗ ਪ੍ਰਾਪਤੀਆਂ ਦਾ ਦਾਅਵਾ ਕਰ ਸਕਦਾ ਹੈ। ਇੱਕ ਪਾਰਟੀ ਜਿੱਤ ਦਾ ਦਾਅਵਾ ਕਰ ਸਕਦੀ ਹੈ। ਪਰ ਜੇਕਰ ਕੋਈ ਨੌਜਵਾਨ ਪੰਜਾਬੀ ਆਪਣੇ ਵਤਨ ਵੱਲ ਵੇਖਦਾ ਹੈ ਅਤੇ ਕਹਿੰਦਾ ਹੈ, "ਇੱਥੇ ਮੇਰਾ ਕੋਈ ਭਵਿੱਖ ਨਹੀਂ ਹੈ," ਤਾਂ ਕੁਝ ਬਹੁਤ ਗਲਤ ਹੋ ਗਿਆ ਹੈ। ਪੰਜਾਬ ਨੂੰ ਹਮਦਰਦੀ ਦੀ ਲੋੜ ਨਹੀਂ ਹੈ। ਪੰਜਾਬ ਨੂੰ ਇਮਾਨਦਾਰੀ ਦੀ ਲੋੜ ਹੈ।

ਇਸਨੂੰ ਅਜਿਹੀਆਂ ਨੌਕਰੀਆਂ ਦੀ ਲੋੜ ਹੈ ਜੋ ਸਿਰਫ਼ ਇਸ਼ਤਿਹਾਰਾਂ ਵਿੱਚ ਮੌਜੂਦ ਨਾ ਹੋਣ। ਇਸਨੂੰ ਪੁਲਿਸਿੰਗ ਦੀ ਲੋੜ ਹੈ ਜੋ ਸਿਰਫ਼ ਅਸਹਿਮਤੀ ਦਾ ਪ੍ਰਬੰਧਨ ਕਰਨ ਦੀ ਬਜਾਏ ਨਾਗਰਿਕਾਂ ਦੀ ਰੱਖਿਆ ਕਰੇ। ਇਸਨੂੰ ਖੇਤੀਬਾੜੀ ਦੀ ਲੋੜ ਹੈ ਜੋ ਕਿਸਾਨਾਂ ਨੂੰ ਮਾਣ–ਸਨਮਾਨ ਦੇਵੇ, ਨਾ ਕਿ ਸਦੀਵੀ ਅਨਿਸ਼ਚਿਤਤਾ। ਇਸਨੂੰ ਸੰਸਥਾਵਾਂ ਦੀ ਲੋੜ ਹੈ ਜੋ ਸਵਾਲਾਂ ਤੋਂ ਬਚਣ ਦੀ ਬਜਾਏ ਜਵਾਬ ਦੇਣ। ਇਸਨੂੰ ਅਜਿਹੇ ਨੇਤਾਵਾਂ ਦੀ ਲੋੜ ਹੈ ਜੋ ਸਮਝਦੇ ਹਨ ਕਿ ਜਨਤਕ ਪੈਸਾ ਪਾਰਟੀ ਦਾ ਪੈਸਾ ਨਹੀਂ ਹੈ, ਸਰਕਾਰੀ ਦਫ਼ਤਰ ਨਿੱਜੀ ਜਾਇਦਾਦ ਨਹੀਂ ਹੈ, ਅਤੇ ਆਲੋਚਨਾ ਦੇਸ਼ਧ੍ਰੋਹ ਨਹੀਂ ਹੈ। ਸਭ ਤੋਂ ਵੱਧ, ਪੰਜਾਬ ਨੂੰ ਆਪਣੀ ਇੱਜ਼ਤ ਵਾਪਸ ਚਾਹੀਦੀ ਹੈ। ਕਿਉਂਕਿ ਪੰਜਾਬ ਸਿਰਫ਼ ਦਰਿਆਵਾਂ ਦੇ ਵਿਚਕਾਰ ਜ਼ਮੀਨ ਦਾ ਟੁਕੜਾ ਨਹੀਂ ਹੈ। ਪੰਜਾਬ ਯਾਦਦਾਸ਼ਤ ਹੈ। ਪੰਜਾਬ ਕੁਰਬਾਨੀ ਹੈ। ਪੰਜਾਬ ਸੂਰਜ ਚੜ੍ਹਨ ਤੋਂ ਪਹਿਲਾਂ ਖੇਤ ਵਿੱਚ ਖੜ੍ਹਾ ਕਿਸਾਨ ਹੈ।

ਪੰਜਾਬ ਉਹ ਮਾਂ ਹੈ ਜੋ ਵਿਦੇਸ਼ ਤੋਂ ਫ਼ੋਨ ਆਉਣ ਦੀ ਉਡੀਕ ਕਰ ਰਹੀ ਹੈ। ਪੰਜਾਬ ਉਹ ਬਜ਼ੁਰਗ ਪਿਤਾ ਹੈ ਜੋ ਇੱਕ ਵੱਡੇ ਘਰ ਵਿੱਚ ਇਕੱਲਾ ਬੈਠਾ ਹੈ ਜੋ ਉਨ੍ਹਾਂ ਬੱਚਿਆਂ ਲਈ ਬਣਾਇਆ ਗਿਆ ਹੈ ਜੋ ਕਦੇ ਵਾਪਸ ਨਹੀਂ ਆਏ। ਪੰਜਾਬ ਇੱਕ ਬੇਰੁਜ਼ਗਾਰ ਗ੍ਰੈਜੂਏਟ ਹੈ ਜਿਸਦੇ ਇੱਕ ਹੱਥ ਵਿੱਚ ਡਿਗਰੀ ਹੈ ਅਤੇ ਦੂਜੇ ਹੱਥ ਵਿੱਚ ਪਾਸਪੋਰਟ ਅਰਜ਼ੀ ਹੈ। ਪੰਜਾਬ ਇੱਕ ਬੈਰੀਕੇਡ ਦੇ ਪਿੱਛੇ ਬੈਠਾ ਪ੍ਰਦਰਸ਼ਨਕਾਰੀ ਹੈ ਜੋ ਆਪਣੀ ਗੱਲ ਸੁਣਨ ਲਈ ਕਹਿੰਦਾ ਹੈ। ਪੰਜਾਬ ਦੂਜੇ ਪਾਸੇ ਖੜ੍ਹਾ ਪੁਲਿਸ ਵਾਲਾ ਹੈ, ਸ਼ਾਇਦ ਆਪਣੀਆਂ ਜਵਾਬ ਨਾ ਦੇਣ ਵਾਲੀਆਂ ਸ਼ਿਕਾਇਤਾਂ ਲੈ ਕੇ। ਪੰਜਾਬ ਉਹ ਸਭ ਕੁਝ ਹੈ।

**ਅਤੇ ਸ਼ਾਇਦ ਸਭ ਤੋਂ ਦੁਖਦਾਈ ਵਿਅੰਗਾਤਮਕ ਇਹ ਹੈ:**

ਜਿਹੜੀ ਧਰਤੀ ਕਦੇ ਦੁਨੀਆਂ ਨੂੰ ਭੋਜਨ ਦਿੰਦੀ ਸੀ ਉਹ ਅੱਜ ਆਪਣੇ ਬੱਚਿਆਂ ਨੂੰ ਰਹਿਣ ਲਈ ਜੱਦੋਜਹਿਦ ਕਰ ਰਹੀ ਹੈ। ਇਸ ਲਈ ਸਿਆਸੀ ਭਾਸ਼ਣ ਜਾਰੀ ਰਹਿਣ ਦਿਓ। ਨਾਅਰੇ ਚੱਲਦੇ ਰਹਿਣ ਦਿਓ। ਉਦਘਾਟਨ ਹੁੰਦੇ ਰਹਿਣ ਦਿਓ। ਫੋਟੋਆਂ ਲੱਗਦੀਆਂ ਰਹਿਣ ਦਿਓ। ਪਰ ਕੈਮਰਿਆਂ ਤੋਂ ਅੱਗੇ ਕਿਤੇ ਪੰਜਾਬ ਚੀਕ ਰਿਹਾ ਹੈ:

ਕਈ ਦਰਿਆਵਾਂ ਨੇ ਪੰਜਾਬ ਨੂੰ ਮੇਰੇ,
ਕਿ ਸਾਹ ਵੀ ਹੁਣ ਸਿਸਕੀਆਂ ਭਰਦੇ ਨੇ।

ਮੇਰਾ ਪੰਜਾਬ ਇੰਨੀਆਂ ਪੀੜਾਂ ਨਾਲ ਘਿਰਿਆ ਹੋਇਆ ਹੈ ਕਿ ਹੁਣ ਇਸ ਦੇ ਸਾਹ ਵੀ ਰੁੱਕ ਜਾਂਦੇ ਹਨ। ਸਵਾਲ ਹੁਣ ਇਹ ਨਹੀਂ ਰਿਹਾ ਕਿ ਪੰਜਾਬ ਦੁਖੀ ਹੈ ਜਾਂ ਨਹੀਂ। ਸਵਾਲ ਇਹ ਹੈ ਕਿ ਪੰਜਾਬ ਕਦੋਂ ਤੱਕ ਦੁਖੀ ਰਹੇਗਾ ਜਦੋਂ ਕਿ ਸੱਤਾਧਾਰੀ ਸਾਨੂੰ ਸਭ ਕੁਝ ਠੀਕ–ਠਾਕ ਦੱਸਦੇ ਰਹਿੰਦੇ ਹਨ?

CANADIAN TRUCK TRAINING CENTRE






ਤਸੱਲੀਬਖਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਬਲੈਕ ਓਕ ਸੀਨੀਅਰਜ਼ ਕਲੱਬ ਵੱਲੋਂ ਸ਼ਾਨੋ-ਸ਼ੌਕਤ ਨਾਲ ਮਨਾਇਆ ਭਾਰਤ ਦਾ 80ਵਾਂ ਆਜ਼ਾਦੀ ਦਿਵਸ




ਬਰੈਂਪਟਨ : ਬਲੈਕ ਓਕ ਸੀਨੀਅਰਜ਼ ਕਲੱਬ ਬਰੈਂਪਟਨ ਵੱਲੋਂ ਭਾਰਤ ਦਾ 80ਵਾਂ ਆਜ਼ਾਦੀ ਦਿਵਸ ਬਲੂ ਓਕ ਪਾਰਕ ਵਿਖੇ ਬੜੇ ਸ਼ਾਨੋ-ਸ਼ੌਕਤ, ਦੇਸ਼-ਭਗਤੀ ਅਤੇ ਭਾਈਚਾਰਕ ਸਾਂਝ ਨਾਲ ਮਨਾਇਆ ਗਿਆ। ਸਮਾਗਮ ਵਿੱਚ ਭਾਈਚਾਰੇ ਦੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਹਾਜ਼ਰੀ ਭਰੀ। ਮਾਪਿਆਂ ਦੇ ਨਾਲ ਬੱਚਿਆਂ ਨੇ ਵੀ ਸਮਾਗਮ ਵਿੱਚ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਸਮਾਗਮ ਦੀ ਪ੍ਰਧਾਨਗੀ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਬਰਾੜ ਨੇ ਕੀਤੀ। ਇਸ ਮੌਕੇ ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਭਾਰਤੀ ਭਾਈਚਾਰੇ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ ਅਤੇ ਭਾਰਤ ਦੀ ਆਜ਼ਾਦੀ ਦੀ 80ਵੀਂ ਵਰ੍ਹੇਗੰਢ ਦੇ ਮੌਕੇ ਆਪਣੀਆਂ ਸ਼ੁਭਕਾਮਨਾਵਾਂ ਸਾਂਝੀਆਂ ਕੀਤੀਆਂ। ਕਲੱਬ ਵੱਲੋਂ ਡਿਪਟੀ ਮੇਅਰ ਨੂੰ ਇੱਕ ਮੰਗ-ਪੱਤਰ ਵੀ ਸੌਂਪਿਆ ਗਿਆ, ਜਿਸ ਵਿੱਚ ਪਾਰਕ ਦੇ ਵਾਕਵੇਅ ਦੀ ਸਹੀ ਦੇਖਭਾਲ ਅਤੇ ਮੁਰੰਮਤ ਕਰਨ ਅਤੇ ਪਾਰਕ ਦੀਆਂ ਲਾਈਟਾਂ ਦੀ ਨਿਯਮਤ ਮੁਰੰਮਤ ਤੇ ਸੰਭਾਲ ਕਰਨ ਦੀ ਮੰਗ ਕੀਤੀ ਗਈ।

ਹਰਨੈਕ ਸਿੰਘ ਗਿੱਲ ਨੇ ਆਪਣੇ ਸੰਬੋਧਨ ਵਿੱਚ ਭਾਰਤ ਦੀ ਆਜ਼ਾਦੀ ਨਾਲ ਸਬੰਧਤ ਇਤਿਹਾਸਕ ਘਟਨਾਵਾਂ ਬਾਰੇ ਜਾਣਕਾਰੀ ਦਿੱਤੀ। ਹਰਜਿੰਦਰ ਸਿੰਘ ਬੁਲਾਰਾ, ਮੋਹਨ ਵਰਮਾ ਅਤੇ ਬੂਟਾ ਸਿੰਘ ਧਾਲੀਵਾਲ ਨੇ ਕਵਿਤਾਵਾਂ ਪੇਸ਼ ਕਰਕੇ ਸਮਾਗਮ ਨੂੰ ਹੋਰ ਵੀ ਰੰਗੀਨ ਬਣਾਇਆ। ਕਲੱਬ ਦੇ ਕੈਸ਼ੀਅਰ ਸ. ਕੁਲਵਿੰਦਰ ਸਿੰਘ ਬਿਨਿੰਗ ਨੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਭਾਰਤ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਸਾਰਿਆਂ ਨੂੰ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ। ਇਸ ਤੋਂ ਇਲਾਵਾ ਆਤਮਾ ਸਿੰਘ ਬਰਾੜ, ਗਜਨ ਸਿੰਘ, ਬਲਤੇਜ ਸਿੰਘ ਢਿੱਲੋਂ, ਹਰੀ ਸਿੰਘ, ਕ੍ਰਿਪਾਲ ਸਿੰਘ ਢਡਵਾੜ, ਬਲਜਿੰਦਰ ਸਿੰਘ ਬਰਾੜ, ਸੁਰਿੰਦਰ ਸਿੰਘ ਸੋਹਲ, ਡਾ. ਸੁਰਜੀਤ ਸਿੰਘ, ਹਾਕਮ ਸਿੰਘ ਬੁਗਰ ਅਤੇ ਉਨ੍ਹਾਂ ਦੀ ਧਰਮਪਤਨੀ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਵਿਸ਼ੇਸ਼ ਸਹਿਯੋਗ ਦਿੱਤਾ। ਫੋਟੋਗ੍ਰਾਫੀ ਦਾ ਕੰਮ ਰਾਮ ਦਿਆਲ ਵੱਲੋਂ ਕੀਤਾ ਗਿਆ। ਸਮਾਗਮ ਦੌਰਾਨ ਸਾਰੇ ਹਾਜ਼ਰੀਨ ਨੇ ਸਤਿਕਾਰ ਨਾਲ ਖੜ੍ਹੇ ਹੋ ਕੇ ਭਾਰਤ ਦਾ ਰਾਸ਼ਟਰੀ ਗੀਤ "ਜਨ ਗਣ ਮਨ" ਗਾਇਆ। ਇਸ ਤੋਂ ਇਲਾਵਾ ਗੁਰਨਾਮ ਸਿੰਘ , ਸੁਰਿੰਦਰ ਸਿੰਘ ਜੱਸਲ ਅਤੇ ਮਹੇਸ਼ ਇੰਦਰ ਸੈਣੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ । ਕਲੱਬ ਦੇ ਸਕੱਤਰ ਜਸਵੰਤ ਸਿੰਘ ਧਾਲੀਵਾਲ ਨੇ ਸਟੇਜ ਦੀ ਕਾਰਵਾਈ ਸੁਚੱਜੇ ਢੰਗ ਨਾਲ ਚਲਾਈ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਲੋਕਾਂ ਨੂੰ ਕੈਨੇਡਾ ਦੇ ਕਾਨੂੰਨਾਂ ਦੀ ਪਾਲਣਾ ਕਰਨ, ਅਨੁਸ਼ਾਸਨ ਬਣਾਈ ਰੱਖਣ, ਇੱਕ ਜ਼ਿੰਮੇਵਾਰ ਨਾਗਰਿਕ ਵਜੋਂ ਆਪਣੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਸੰਦੇਸ਼ ਦਿੱਤਾ। ਸਮਾਗਮ ਵਿੱਚ ਭਾਈਚਾਰੇ ਦੇ 150 ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਪੂਰੇ ਉਤਸ਼ਾਹ ਨਾਲ ਸਮਾਗਮ ਦਾ ਆਨੰਦ ਮਾਣਿਆ।

ਅੰਤ ਵਿੱਚ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਬਰਾੜ ਨੇ ਸਮੂਹ ਹਾਜ਼ਰੀਨ, ਮਹਿਮਾਨਾਂ ਅਤੇ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਸਭ ਨੂੰ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ। ਕਲੱਬ ਵੱਲੋਂ ਸਮਾਗਮ ਵਿੱਚ ਸ਼ਾਮਲ ਸਾਰੇ ਲੋਕਾਂ ਲਈ ਚਾਹ ਅਤੇ ਸਨੈਕਸ ਦਾ ਵੀ ਪ੍ਰਬੰਧ ਕੀਤਾ ਗਿਆ। ਬੱਚਿਆਂ, ਮਾਪਿਆਂ ਅਤੇ ਸਮੂਹ ਭਾਈਚਾਰੇ ਨੇ ਪਾਰਕ ਦੇ ਸੁਹਾਵਣੇ ਮਾਹੌਲ ਵਿੱਚ ਮਿਲ-ਜੁਲ ਕੇ ਇਸ ਸਮਾਗਮ ਦਾ ਆਨੰਦ ਮਾਣਿਆ। ਇਹ ਸਮਾਗਮ ਭਾਰਤੀ ਵਿਰਾਸਤ, ਦੇਸ਼-ਭਗਤੀ, ਭਾਈਚਾਰਕ ਏਕਤਾ ਅਤੇ ਕੈਨੇਡਾ ਵਿੱਚ ਵੱਖ-ਵੱਖ ਭਾਈਚਾਰਿਆਂ ਦੀ ਸਾਂਝ ਦਾ ਸੁੰਦਰ ਪ੍ਰਤੀਕ ਬਣਿਆ।

# ਜਗਤ ਪੰਜਾਬੀ ਸਭਾ ਵੱਲੋਂ ਵਰਲਡ ਪੰਜਾਬੀ ਕਾਨਫਰੰਸ ਦੀ ਸਫ਼ਲਤਾ 'ਤੇ ਜਸ਼ਨ ਸਮਾਗਮ ਆਯੋਜਿਤ

* 150 ਤੋਂ ਵੱਧ ਪੰਜਾਬੀ ਸ਼ਖਸੀਅਤਾਂ ਸ਼ਾਮਲ ਹੋਈਆਂ

* ਅਜੈਬ ਸਿੰਘ ਚੱਠਾ ਪੰਜਾਬ ਤੇ ਪੰਜਾਬੀ ਦੀ ਸੇਵਾ ਲਈ ਹਮੇਸ਼ਾ ਯਾਦ ਕੀਤੇ ਜਾਣਗੇ: ਬਲਮੁਕੰਦ ਸ਼ਰਮਾ

* ਸੈਂਚਰੀ ਗਾਰਡਨ, ਰਿਕਰੀਏਸ਼ਨ ਸੈਂਟਰ, ਬਰੈਂਪਟਨ, ਕੈਨੇਡਾ ਵਿਖੇ ਹੋਇਆ ਸਮਾਗਮ

* ਮਹਿਮਾਨਾਂ ਨੇ ਪੰਜਾਬੀ ਵਿਰਾਸਤ ਨੂੰ ਅੱਗੇ ਵਧਾਉਣ ਦਾ ਲਿਆ ਪ੍ਰਣ




ਹਰਦੇਵ ਚੌਹਾਨ

ਬਰੈਂਪਟਨ: ਜਗਤ ਪੰਜਾਬੀ ਸਭਾ, ਕੈਨੇਡਾ ਵੱਲੋਂ ਹਾਲ ਹੀ ਵਿੱਚ ਸਫਲਤਾਪੂਰਵਕ ਆਯੋਜਿਤ ਕੀਤੀ ਗਈ 12ਵੀਂ ਵਰਲਡ ਪੰਜਾਬੀ ਕਾਨਫਰੰਸ ਦੀ ਖੁਸ਼ੀ ਵਿੱਚ ਸੈਂਚਰੀ ਗਾਰਡਨ ਰਿਕਰੀਏਸ਼ਨ ਸੈਂਟਰ, ਬਰੈਂਪਟਨ ਵਿਖੇ ਵਿਸ਼ਾਲ ਜਸ਼ਨ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਇਸ ਸਮਾਗਮ ਦੀ ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ। ਇਸ ਮੌਕੇ ਸਰਦਾਰ ਅਮਰ ਸਿੰਘ ਭੁੱਲਰ, ਹਮਦਰਦ ਮੀਡੀਆ ਦੇ ਸੀਈਓ ਅਤੇ ਮਾਲਕ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਦੇ ਨਾਲ ਪ੍ਰੋ. ਦੇਵਿੰਦਰ ਸਿੰਘ ਸਿੱਧੂ ਵਾਈਸ ਚਾਂਸਲਰ, ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਅਤੇ ਤਰਲੋਚਨ ਸਿੰਘ ਅਟਵਾਲ ਸਮੇਤ ਹੋਰਨਾਂ ਨੇ ਦੀਪ ਜਗਾ ਕੇ ਸਮਾਗਮ ਦਾ ਉਦਘਾਟਨ ਕੀਤਾ। ਸ੍ਰੀ ਬਲਮੁਕੰਦ ਸ਼ਰਮਾ ਅਤੇ ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਕੰਚਨ ਸ਼ਰਮਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਵਿਸ਼ੇਸ਼ ਮਹਿਮਾਨਾਂ ਵਿੱਚ ਸਰਦਾਰ ਅਮਰੀਕ ਸਿੰਘ ਗੋਗਨਾ, ਹਰਦੇਵ ਚੌਹਾਨ, ਸਤਨਾਮ ਕੌਰ ਤੇ ਸਤਿੰਦਰ ਕੌਰ ਕਾਹਲੋਂ ਸ਼ਾਮਲ ਹੋਏ। ਸਮਾਗਮ ਦੌਰਾਨ ਚੇਅਰਮੈਨ ਫੂਡ ਕਾਰਪੋਰੇਸ਼ਨ ਪੰਜਾਬ ਸ਼੍ਰੀ ਬਾਲ ਮੁਕੰਦ ਸ਼ਰਮਾ ਨੇ ਚੋਣਵੀਆਂ ਸਖਸ਼ੀਆਂਤਾਂ ਨੂੰ ਸਨਮਾਨਤ ਕੀਤਾ। ਉਹਨਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਭੋਜਨ ਪਦਾਰਥਾਂ ਨੂੰ ਸੁਰੱਖਿਅਤ ਬਣਾਉਣ ਲਈ ਯਤਨਸ਼ੀਲ ਹੈ। ਸਕੂਲਾਂ ਵਿੱਚ ਵੀ ਭੋਜਨ ਪਦਾਰਥਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ, ਜਿਸ ਵਿੱਚ ਪੁਰਾਤਨ ਪੌਦੇ ਅਤੇ ਗੁਣਵੱਤਾ ਵਾਲੇ ਪੌਦਿਆਂ ਦੀ ਮਹਾਨਤਾ ਬਾਰੇ ਜਾਣਕਾਰੀ ਸ਼ਾਮਲ ਕੀਤੀ ਗਈ ਹੈ। ਉੱਨਾਂ ਨੇ ਕਿਹਾ ਕਿ ਸ. ਅਜੈਬ ਸਿੰਘ ਚੱਠਾ ਪੰਜਾਬ ਤੇ ਪੰਜਾਬੀ ਦੀ ਸੇਵਾ ਲਈ ਹਮੇਸ਼ਾ ਯਾਦ ਕੀਤੇ ਜਾਣਗੇ। ਡੇਢ ਸੌ ਦੇ ਕਰੀਬ ਪਤਵੰਤਿਆਂ ਨੇ ਵਰਲਡ ਪੰਜਾਬੀ ਕਾਨਫਰੰਸ ਦੀ ਸਫਲਤਾ ਲਈ ਆਪਣੇ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਨੇ ਆਪਣੇ ਸੰਬੋਧਨਾਂ ਵਿੱਚ ਕਿਹਾ ਕਿ ਅਜਿਹੇ ਸਮਾਗਮ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਕਵੀ ਦਰਬਾਰ ਦੌਰਾਨ ਮਨਿੰਦਰ ਜੀਤ ਕੌਰ, ਭੁਪਿੰਦਰ ਰੋੜੇ, ਕੁਲਦੀਪ ਗਿੱਲ, ਗੁਰਚਰਨ ਸਿੰਘ, ਗਿਆਨ ਸਿੰਘ ਦਰਦੀ, ਭੁਪਿੰਦਰ ਸਿੰਘ ਵਾਲੀਆ, ਗੁਰਦੇਵ ਸਿੰਘ ਰਖੜਾ, ਸੁਜਾਨ ਸਿੰਘ, ਗੁਰਮੇਲ ਸਿੰਘ, ਸਤਿੰਦਰ ਕਾਹਲੋਂ, ਹਲੀਮਾ, ਦਰਸ਼ਨ ਸਿੰਘ ਸਿੱਧੂ, ਹਰਜੀਤ ਕੌਰ ਗਿੱਲ, ਜਸਪਾਲ ਦੇਸੂਵੀ, ਪਿਆਰਾ ਸਿੰਘ ਕੁੱਦੋਬਾਲ, ਤਾਹਿਰ ਅਸਲਮ ਗੋਰਾ, ਮਨਜੀਤ ਕੌਰ, ਗੁਰਚਰਨ ਸਿੰਘ ਕਾਹਲੋਂ, ਪਰਮਜੀਤ ਸਿੰਘ ਢਿੱਲੋਂ, ਮਹਿੰਦਰ ਪ੍ਰਤਾਪ, ਅਜਾਇਬ ਸਿੰਘ ਸੰਗਾ, ਰੂਬੀ ਅਤੇ ਰਮਿੰਦਰ ਵਾਲੀਆ ਸਮੇਤ ਹੋਰ ਕਵੀਆਂ ਨੇ ਭਰਵੀਂ ਹਾਜ਼ਰੀ ਲਗਵਾਈ। ਕਵੀਆਂ ਨੇ ਆਪੋ-ਆਪਣੇ ਕਲਾਮ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰਮੁਗਧ ਕੀਤਾ ਅਤੇ ਕਵੀ ਦਰਬਾਰ ਨੂੰ ਯਾਦਗਾਰੀ ਬਣਾਇਆ।

# ਸੁਖਬੀਰ ਬਾਦਲ 'ਤੇ ਹਮਲੇ ਦਾ ਮਾਮਲਾ: ਨਿਹੰਗ ਨੇ ਪੁਲਿਸ ਨੂੰ ਦੱਸੀ ਹਮਲਾ ਕਰਨ ਦੀ ਵਜ੍ਹਾ



ਮਹਾਰਾਸ਼ਟਰ ਦੇ ਨਾਂਦੇੜ ਸਥਿਤ ਗੁਰਦੁਆਰਾ ਮਾਤਾ ਸਾਹਿਬ ਵਿਖੇ ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਹਮਲਾ ਕਰਨ ਵਾਲੇ ਨਿਹੰਗ ਜਸਪਾਲ ਸਿੰਘ ਨੇ ਪੁਲਿਸ ਪੁੱਛਗਿੱਛ ਦੌਰਾਨ ਵੱਡਾ ਦਾਅਵਾ ਕੀਤਾ ਹੈ। ਨਿਹੰਗ ਨੇ ਕਿਹਾ ਕਿ ਜਦੋਂ ਉਹ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕਰ ਰਿਹਾ ਸੀ ਤਾਂ ਉਸ ਨੂੰ ਆਪਣੀ ਅੰਤਰ-ਆਤਮਾ ਤੋਂ ਵਾਹਿਗੁਰੂ ਦਾ ਹੁਕਮ ਮਿਲਿਆ। ਉਸ ਦਾ ਦਾਅਵਾ ਹੈ ਕਿ ਇਸ ਤੋਂ ਬਾਅਦ ਜਦੋਂ ਸੁਖਬੀਰ ਸਿੰਘ ਬਾਦਲ ਉਸ ਦੇ ਸਾਹਮਣੇ ਆਏ ਤਾਂ ਉਸ ਨੇ ਆਪਣੀ ਕ੍ਰਿਪਾਨ ਨਾਲ ਉਨ੍ਹਾਂ 'ਤੇ ਵਾਰ ਕਰ ਦਿੱਤਾ।

### ਕਿਸੇ ਦੇ ਦਬਾਅ ਜਾਂ ਪੈਸਿਆਂ ਲਈ ਨਹੀਂ ਕੀਤਾ ਹਮਲਾ

ਪੁਲਿਸ ਪੁੱਛਗਿੱਛ ਵਿੱਚ ਜਸਪਾਲ ਸਿੰਘ ਨੇ ਕਿਹਾ ਕਿ ਉਸ ਨੇ ਇਹ ਹਮਲਾ ਕਿਸੇ ਹੋਰ ਵਿਅਕਤੀ ਦੇ ਕਹਿਣ, ਬਾਹਰੀ ਦਬਾਅ ਜਾਂ ਪੈਸਿਆਂ ਦੇ ਲਾਲਚ ਵਿੱਚ ਆ ਕੇ ਨਹੀਂ ਕੀਤਾ। ਉਸ ਨੇ ਕਿਸੇ ਨਾਲ ਆਪਣਾ ਕੋਈ ਸਬੰਧ ਹੋਣ ਤੋਂ ਵੀ ਇਨਕਾਰ ਕੀਤਾ ਹੈ। ਉਸ ਨੇ ਇਹ ਵੀ ਕਿਹਾ ਕਿ ਪੰਜਾਬ ਦੇ ਲਗਾਤਾਰ ਵਿਗੜ ਰਹੇ ਹਾਲਾਤ ਅਤੇ ਨੌਜਵਾਨਾਂ ਵਿੱਚ ਵਧ ਰਹੇ ਨਸ਼ੇ ਦੇ ਮੁੱਦੇ ਨੂੰ ਲੈ ਕੇ ਉਹ ਕਾਫ਼ੀ ਪਰੇਸ਼ਾਨ ਅਤੇ ਗੁੱਸੇ ਵਿੱਚ ਸੀ। ਪੁੱਛਗਿੱਛ ਮੁਤਾਬਕ ਉਹ ਇਸ ਲਈ ਸੁਖਬੀਰ ਬਾਦਲ ਨੂੰ ਜ਼ਿੰਮੇਵਾਰ ਮੰਨਦਾ ਹੈ।

### ਜਸਪਾਲ ਸਿੰਘ ਨੇ ਦੱਸਿਆ ਕਿ ਜਦੋਂ ਉਸ ਨੇ ਗੁਰਦੁਆਰਾ

ਸਾਹਿਬ ਵਿੱਚ ਸੁਖਬੀਰ ਬਾਦਲ ਨੂੰ ਦੇਖਿਆ ਤਾਂ ਉਹ ਅਚਾਨਕ ਆਵੇਸ਼ ਵਿੱਚ ਆ ਗਿਆ ਅਤੇ ਕ੍ਰਿਪਾਨ ਨਾਲ ਹਮਲਾ ਕਰ ਦਿੱਤਾ। ਉਸ ਦਾ ਕਹਿਣਾ ਹੈ ਕਿ ਵਾਰਦਾਤ ਨੂੰ ਉਸ ਨੇ ਇਕੱਲਿਆਂ ਹੀ ਅੰਜਾਮ ਦਿੱਤਾ।

### ਮਜੀਠੀਆ ਦਾ ਦਾਅਵਾ- 150 ਦੇ ਕਰੀਬ ਟਾਂਕੇ ਲੱਗੇ

ਉਧਰ, ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਸੁਖਬੀਰ ਬਾਦਲ ਦੀ ਸਿਹਤ ਨੂੰ ਲੈ ਕੇ ਵੱਡਾ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਦੇ ਹੱਥ 'ਤੇ ਸਿਰਫ਼ 7-8 ਟਾਂਕੇ ਨਹੀਂ, ਸਗੋਂ ਕਰੀਬ 150 ਟਾਂਕੇ ਲੱਗੇ ਹਨ ਅਤੇ ਹੱਥ ਦੀ ਹੱਡੀ ਵੀ ਫ੍ਰੈਕਚਰ ਹੋਈ ਹੈ। ਮਜੀਠੀਆ ਮੁਤਾਬਕ ਸੁਖਬੀਰ ਬਾਦਲ ਨੂੰ ਗੁਰਗ੍ਰਾਮ ਦੇ ਮੇਦਾਂਤਾ ਹਸਪਤਾਲ ਵਿੱਚ ਵੀ ਦਿਖਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਇੱਕ ਵਫ਼ਦ ਜਲਦ ਹੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰੇਗਾ ਅਤੇ ਸੁਖਬੀਰ ਬਾਦਲ 'ਤੇ ਲਗਾਤਾਰ ਹੋ ਰਹੇ ਹਮਲਿਆਂ ਦੀ ੲਿਅ ਤੋਂ ਜਾਂਚ ਕਰਵਾਉਣ ਦੀ ਮੰਗ ਕਰੇਗਾ। ਸੁਖਬੀਰ ਬਾਦਲ 'ਤੇ ਇਹ ਹਮਲਾ 13 ਅਗਸਤ ਨੂੰ ਹੋਇਆ ਸੀ।

### ਹਮਲੇ ਤੋਂ ਬਾਅਦ ਸੁਖਬੀਰ ਬਾਦਲ ਨੇ ਕੀ ਕਿਹਾ?

ਹਮਲੇ ਤੋਂ ਬਾਅਦ ਸੁਖਬੀਰ ਬਾਦਲ ਨੇ ਕਿਹਾ ਕਿ ਉਨ੍ਹਾਂ ਦਾ ਰੋਮ-ਰੋਮ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਕਰਜ਼ਦਾਰ ਹੈ ਅਤੇ ਗੁਰੂ ਸਾਹਿਬ ਨੇ ਹਰ ਮੁਸ਼ਕਲ ਸਮੇਂ ਉਨ੍ਹਾਂ 'ਤੇ ਮਿਹਰ ਭਰਿਆ ਹੱਥ ਰੱਖਿਆ ਹੈ। ਉਨ੍ਹਾਂ ਕਰੀਬ ਇੱਕ ਸਾਲ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਸਥਾਨ 'ਤੇ ਹੋਏ ਜਾਨਲੇਵਾ ਹਮਲੇ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਉਸ ਸਮੇਂ ਵੀ ਗੁਰੂ ਮਹਾਰਾਜ ਨੇ ਉਨ੍ਹਾਂ ਨੂੰ ਜੀਵਨਦਾਨ ਦਿੱਤਾ ਸੀ। ਸੁਖਬੀਰ ਬਾਦਲ ਨੇ ਕਿਹਾ ਕਿ ਗੁਰੂ ਸਾਹਿਬ ਦੀ ਕਿਰਪਾ ਨਾਲ ਉਨ੍ਹਾਂ ਦਾ ਮਨ ਕਿਸੇ ਵੀ ਦੁਸ਼ਮਣੀ ਜਾਂ ਵੈਰ-ਵਿਰੋਧ ਦੀ ਭਾਵਨਾ ਤੋਂ ਮੁਕਤ ਹੈ। ਉਨ੍ਹਾਂ ਕਿਹਾ ਕਿ ਉਹ ਨਿਮਰਤਾ ਅਤੇ ਸੇਵਾ ਭਾਵਨਾ ਨਾਲ ਸੰਗਤ ਦੀ ਸੇਵਾ ਕਰਦੇ ਰਹਿਣਗੇ ਅਤੇ ਗੁਰਬਾਣੀ ਦੀ ਤੁਕ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥" ਦੇ ਆਦਰਸ਼ 'ਤੇ ਚੱਲਦੇ ਰਹਿਣਗੇ।

# ਸਹਾਰਨਪੁਰ 'ਚ ਡਿਵਾਈਡਰ ਨਾਲ ਟਕਰਾਈ ਸਕਾਰਪੀਓ, ITBP ਦੇ DIG ਤੇ ਗੱਡੀ ਦੇ ਡਰਾਈਵਰ ਦੀ ਗਈ ਜਾਨ



ਸਹਾਰਨਪੁਰ ਵਿਚ ਅੱਜ ਸੜਕ ਹਾਦਸੇ ਵਿਚ ITBP ਦੇ ਡੀਆਈਜੀ ਤੇ ਉਨ੍ਹਾਂ ਦੇ ਡਰਾਈਵਰ ਦੀ ਮੌਤ ਹੋ ਗਈ। ਭਾਰਤ-ਤਿੱਬਤ ਸੀਮਾ ਪੁਲਿਸ ਦੇ ਡੀਆਈਜੀ ਪਰਮਿੰਦਰ ਸਿੰਘ ਉਤਰਾਖੰਡ ਦੇ ਮੰਸੂਰੀ ਵਿਚ ਟ੍ਰੇਨਿੰਗ ਖਤਮ ਕਰਕੇ ਹਰਿਆਣਾ ਦੇ ਅੰਬਾਲਾ ਜਾ ਰਹੇ ਸਨ। ਕਾਰ ਉਨ੍ਹਾਂ ਦਾ ਡਰਾਈਵਰ ਰਵੀ ਸ਼ੰਕਰ ਚਲਾ ਰਿਹਾ ਸੀ। ਗੱਡੀ ਵਿਚ ਉਨ੍ਹਾਂ ਦਾ ਗਨਰ ਜੈਰਾਮ ਵੀ ਸੀ। ਪਰਮਿੰਦਰ ਸਿੰਘ ਰੋਪੜ ਦੇ ਰਹਿਣ ਵਾਲੇ ਸਨ। ਸਵੇਰੇ ਲਗਭਗ 10.30 ਵਜੇ ਦੇਹਰਾਦੂਨ-ਪੰਚਕੂਲਾ ਨੈਸ਼ਨਲ ਹਾਈਵੇ 'ਤੇ ਸਰਸਾਵਾਰ ਦੇ ਕੋਲ ਉਨ੍ਹਾਂ ਦੀ ਸਕਾਰਪੀਓ ਕਾਰ ਬੇਕਾਬੂ ਹੋ ਕੇ ਡਿਵਾਈਡਰ ਨਾਲ ਟਕਰਾਈ ਤੇ ਉਛਲ ਕੇ ਦੂਜੀ ਲੇਨ ਵਿਚ ਚਲੀ ਗਈ। ਇਸ ਦੌਰਾਨ ਸਾਹਮਣੇ ਤੋਂ ਆ ਰਹੀ ਸਵਿਫਟ ਕਾਰ ਨਾਲ ਉਸ ਦੀ ਟੱਕਰ ਹੋ ਗਈ। ਮੌਕੇ 'ਤੇ ਮੌਜੂਦ ਲੋਕਾਂ ਮੁਤਾਬਕ ਟੱਕਰ ਇੰਨੀ ਤੇਜ਼ ਸੀ ਕਿ ਧਮਾਕੇ ਵਰਗੀ ਆਵਾਜ਼ ਹੋਈ। ਕਾਰ ਦੇ ਅਗਲੇ ਹਿੱਸੇ ਦੇ ਪਰਖੱਚੇ ਉਡ ਗਏ। ਸਕਾਰਪੀਓ ਦੇ ਸਾਈਡ ਵਾਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਸਾਰੇ ਗੱਡੀਆਂ ਵਿਚ ਹੀ ਫਸ ਗਏ। ਆਸ-ਪਾਸ ਦੇ ਲੋਕ ਤੁਰੰਤ ਮਦਦ ਲਈ ਆਏ। ਸਥਾਨਕ ਲੋਕਾਂ ਦੀ ਸੂਚਨਾ 'ਤੇ ਪਹੁੰਚੀ ਪੁਲਿਸ ਨੇ ਜ਼ਖਮੀਆਂ ਨੂੰ ਬਾਹਰ ਕੱਢ ਕੇ ਐਂਬੂਲੈਂਸ ਤੋਂ ਨਜ਼ਦੀਕੀ ਹਸਪਤਾਲ ਪਹੁੰਚਾਇਆ ਜਿਥੇ ਡਾਕਟਰਾਂ ਨੇ ਡੀਆਈਜੀ ਤੇ ਉਨ੍ਹਾਂ ਦੇ ਡਰਾਈਵਰ ਨੂੰ ਮ੍ਰਿਤਕ ਐਲਾਨ ਦਿੱਤਾ। ਦੂਜੇ ਪਾਸੇ ਜੈਰਾਮ ਦੀ ਹਾਲਤ ਗੰਭੀਰ ਬਣੀ ਹੋਈ ਹੈ। ਸਵਿਫਟ ਕਾਰ ਸਵਾਰ 3 ਲੋਕ ਵੀ ਜ਼ਖਮੀ ਹਨ। ਹਾਦਸਾ ਜ਼ਿਲ੍ਹਾ ਮੁੱਖ ਦਫਤਰ ਤੋਂ ਲਗਭਗ 25 ਕਿਲੋਮੀਟਰ ਦੂਰ ਸਰਸਾਵਾ ਥਾਣਾ ਖੇਤਰ ਦੇ ਝਬੀਰਨ ਕਟ ਕੋਲ ਹੋਇਆ।

GTA
Plumbing & Electrical Supplies
GTA Plumbing & Electrical Supplies
ONE STOP SHOP
FOR ALL PLUMBING &
ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets,
ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ
ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਫਾਕੀ, ਐਲਰਜੀ, ਵਾਲ ਝਣਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay &
Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

# ਮਨੁੱਖੀ ਸ਼ਖ਼ਸੀਅਤ 'ਚ ਹਾਰਮੋਨਾਂ ਦੀ ਮਹੱਤਤਾ




ਮਨੁੱਖੀ ਸ਼ਖ਼ਸੀਅਤ ਕੁਦਰਤ ਦੀਆਂ ਸਭ ਤੋਂ ਗੁੰਝਲਦਾਰ ਰਚਨਾਵਾਂ ਵਿੱਚੋਂ ਇੱਕ ਹੈ। ਕਿਸੇ ਵਿਅਕਤੀ ਨੂੰ ਅਸੀਂ ਸ਼ਾਂਤ, ਗੁੱਸੇਵਾਲਾ, ਖੁਸ਼ਮਿਜ਼ਾਜ਼, ਸੰਵੇਦਨਸ਼ੀਲ, ਆਤਮਵਿਸ਼ਵਾਸੀ , ਚਿੰਤਤ ਜਾਂ ਉਤਸ਼ਾਹੀ ਕਹਿ ਦਿੰਦੇ ਹਾਂ। ਪਰ ਕਿਸੇ ਮਨੁੱਖ ਦਾ ਸੁਭਾਅ ਸਿਰਫ਼ ਉਸਦੇ ਬਾਹਰੀ ਵਿਉਹਾਰ ਨਾਲ ਨਹੀਂ ਬਣਦਾ। ਉਸ ਦੇ ਪਿੱਛੇ ਜੀਨ, ਦਿਮਾਗ, ਹਾਰਮੋਨ, ਪਰਿਵਾਰ, ਸਿੱਖਿਆ, ਸੱਭਿਆਚਾਰ, ਰਿਸ਼ਤੇ, ਜੀਵਨ ਦੇ ਤਜ਼ਰਬੇ, ਆਦਤਾਂ, ਮੁੱਲ ਅਤੇ ਉਸਦੇ ਆਪਣੇ ਫ਼ੈਸਲੇ—ਸਾਰੇ ਮਿਲ ਕੇ ਕੰਮ ਕਰਦੇ ਹਨ।

ਇਸ ਪੂਰੇ ਤੰਤਰ ਵਿੱਚ ਹਾਰਮੋਨਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਹਾਰਮੋਨ ਸਰੀਰ ਦੀਆਂ ਅੰਦਰੂਨੀ ਗ੍ਰੰਥੀਆਂ ਵੱਲੋਂ ਬਣਾਏ ਜਾਣ ਵਾਲੇ ਰਸਾਇਣਕ ਸੰਦੇਸ਼ਵਾਹਕ ਹਨ, ਜੋ ਖੂਨ ਰਾਹੀਂ ਸਰੀਰ ਦੇ ਵੱਖ-ਵੱਖ ਅੰਗਾਂ ਤੱਕ ਪਹੁੰਚ ਕੇ ਉਨ੍ਹਾਂ ਦੇ ਕੰਮ ਨੂੰ ਪ੍ਰਭਾਵਿਤ ਕਰਦੇ ਹਨ। ਵਾਧਾ, ਮੈਟਾਬੋਲਿਜ਼ਮ, ਨੀਂਦ, ਤਣਾਅ, ਪ੍ਰਜਨਨ, ਊਰਜਾ, ਭੁੱਖ, ਭਾਵਨਾਵਾਂ ਅਤੇ ਦਿਮਾਗੀ ਕਾਰਜਾਂ ਸਮੇਤ ਸਰੀਰ ਦੀਆਂ ਅਨੇਕ ਪ੍ਰਕਿਰਿਆਵਾਂ ਵਿੱਚ ਹਾਰਮੋਨਾਂ ਦੀ ਭੂਮਿਕਾ ਹੁੰਦੀ ਹੈ।

ਪਰ ਇੱਥੇ ਇੱਕ ਗੱਲ ਸਪੱਸ਼ਟ ਸਮਝਣੀ ਜ਼ਰੂਰੀ ਹੈ—ਹਾਰਮੋਨ ਸਾਡੀ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਨਿਰਧਾਰਤ ਨਹੀਂ ਕਰਦੇ। ਉਹ ਸਾਡੀ ਮਾਨਸਿਕ ਸਥਿਤੀ, ਊਰਜਾ, ਪ੍ਰੇਰਣਾ, ਭਾਵਨਾਤਮਕ ਪ੍ਰਤੀਕਿਰਿਆ ਅਤੇ ਵਿਉਹਾਰ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਮਨੁੱਖੀ ਚਰਿੱਤਰ ਇਸ ਤੋਂ ਕਿਤੇ ਵੱਡੀ ਅਤੇ ਗੁੰਝਲਦਾਰ ਪ੍ਰਕਿਰਿਆ ਹੈ। ਮਨੁੱਖੀ ਸਰੀਰ ਵਿੱਚ ਦਿਮਾਗ, ਨਰਵਸ ਸਿਸਟਮ ਅਤੇ ਐਂਡੋਕ੍ਰਾਈਨ ਸਿਸਟਮ ਲਗਾਤਾਰ ਇੱਕ-ਦੂਜੇ ਨਾਲ ਸੰਚਾਰ ਕਰਦੇ ਹਨ। ਜਦੋਂ ਸਾਨੂੰ ਖ਼ਤਰਾ ਮਹਿਸੂਸ ਹੁੰਦਾ ਹੈ, ਅਸੀਂ ਕਿਸੇ ਚੁਣੌਤੀ ਦਾ ਸਾਹਮਣਾ ਕਰਦੇ ਹਾਂ, ਖੁਸ਼ੀ ਮਹਿਸੂਸ ਕਰਦੇ ਹਾਂ, ਨੀਂਦ ਲਈ ਤਿਆਰ ਹੁੰਦੇ ਹਾਂ ਜਾਂ ਕੋਈ ਟੀਚਾ ਹਾਸਲ ਕਰਨ ਲਈ ਪ੍ਰੇਰਿਤ ਹੁੰਦੇ ਹਾਂ, ਤਾਂ ਸਰੀਰ ਵਿੱਚ ਵੱਖ-ਵੱਖ ਹਾਰਮੋਨਲ ਪ੍ਰਕਿਰਿਆਵਾਂ ਸਰਗਰਮ ਹੋ ਜਾਂਦੀਆਂ ਹਨ।

ਇਸੇ ਕਰਕੇ ਕਈ ਵਾਰ ਕਿਸੇ ਵਿਅਕਤੀ ਦੀ ਮਾਨਸਿਕ ਸਥਿਤੀ, ਧੀਰਜ, ਧਿਆਨ, ਊਰਜਾ ਜਾਂ ਭਾਵਨਾਤਮਕ ਸੰਵੇਦਨਸ਼ੀਲਤਾ ਵਿੱਚ ਬਿਨਾਂ ਕਿਸੇ ਸਪੱਸ਼ਟ ਬਾਹਰੀ ਕਾਰਨ ਦੇ ਵੀ ਤਬਦੀਲੀ ਦਿਖਾਈ ਦੇ ਸਕਦੀ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਹਰ ਵਿਉਹਾਰ ਦਾ ਕਾਰਨ ਕੋਈ ਹਾਰਮੋਨ ਹੀ ਹੈ।

ਕੋਰਟੀਸੋਲ ਨੂੰ ਆਮ ਤੌਰ 'ਤੇ ਤਣਾਅ ਦਾ ਹਾਰਮੋਨ ਕਿਹਾ ਜਾਂਦਾ ਹੈ। ਮੁਸ਼ਕਲ ਜਾਂ ਖ਼ਤਰਨਾਕ ਸਥਿਤੀ ਵਿੱਚ ਇਹ ਸਰੀਰ ਨੂੰ ਚੌਕਸ ਕਰਨ ਅਤੇ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਵਿੱਚ ਸਹਾਇਤਾ ਕਰਦਾ ਹੈ। ਥੋੜ੍ਹੇ ਸਮੇਂ ਲਈ ਇਹ ਪ੍ਰਤੀਕਿਰਿਆ ਸਾਡੇ ਬਚਾਅ ਲਈ ਬਹੁਤ ਲਾਭਦਾਇਕ ਹੈ।

ਪਰ ਜੇ ਤਣਾਅ ਲੰਮੇ ਸਮੇਂ ਤੱਕ ਬਣਿਆ ਰਹੇ ਤਾਂ ਸਰੀਰ ਦਾ ਤਣਾਅ-ਪ੍ਰਤੀਕਿਰਿਆ ਤੰਤਰ ਲਗਾਤਾਰ ਸਰਗਰਮ ਰਹਿ ਸਕਦਾ ਹੈ। ਇਸ ਨਾਲ ਨੀਂਦ ਵਿੱਚ ਵਿਘਨ, ਚਿੜਚਿੜਾਪਣ, ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ ਅਤੇ ਭਾਵਨਾਤਮਕ ਥਕਾਵਟ ਵਰਗੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਇਸ ਲਈ ਕਈ ਵਾਰ ਕੋਈ ਵਿਅਕਤੀ ਬਹੁਤ ਗੁੱਸੇਵਾਲਾ, ਬੇਚੈਨ ਜਾਂ ਲੋਕਾਂ ਤੋਂ ਦੂਰ ਦਿਖਾਈ ਦੇ ਸਕਦਾ ਹੈ, ਜਦਕਿ ਅਸਲ ਵਿੱਚ ਉਸਦੇ ਵਿਉਹਾਰ ਪਿੱਛੇ ਲੰਮੇ ਸਮੇਂ ਦਾ ਤਣਾਅ ਵੀ ਇੱਕ ਕਾਰਕ ਹੋ ਸਕਦਾ ਹੈ।

ਡਰ, ਖ਼ਤਰੇ ਜਾਂ ਬਹੁਤ ਜ਼ਿਆਦਾ ਉਤਸ਼ਾਹ ਦੀ ਸਥਿਤੀ ਵਿੱਚ ਐਡ੍ਰੀਨਲਿਨ ਸਰੀਰ ਨੂੰ ਤੁਰੰਤ ਕਾਰਵਾਈ ਲਈ ਤਿਆਰ ਕਰਦਾ ਹੈ। ਦਿਲ ਦੀ ਧੜਕਣ ਅਤੇ ਸਾਹ ਲੈਣ ਦੀ ਗਤੀ ਵੱਧ ਸਕਦੀ ਹੈ ਅਤੇ ਚੌਕਸੀ ਵੱਧ ਜਾਂਦੀ ਹੈ। ਇਹ ਸਰੀਰ ਦੀ ਕੁਦਰਤੀ ਲੜੋ ਜਾਂ ਬਚੋ ਪ੍ਰਤੀਕਿਰਿਆ ਦਾ ਹਿੱਸਾ ਹੈ।

ਪਰ ਹਰ ਮਨੁੱਖ ਇਸ ਉਤੇਜਨਾ ਨੂੰ ਇੱਕੋ ਜਿਹੇ ਢੰਗ ਨਾਲ ਮਹਿਸੂਸ ਨਹੀਂ ਕਰਦਾ। ਕੋਈ ਵਿਅਕਤੀ ਚੁਣੌਤੀਆਂ ਅਤੇ ਰੋਮਾਂਚ ਨੂੰ ਪਸੰਦ ਕਰ ਸਕਦਾ ਹੈ, ਜਦਕਿ ਦੂਜਾ ਸ਼ਾਂਤ ਅਤੇ ਨਿਸ਼ਚਿਤ ਮਾਹੌਲ ਨੂੰ ਤਰਜ਼ੀਹ ਦੇ ਸਕਦਾ ਹੈ। ਇੱਥੇ ਜੀਵ-ਵਿਗਿਆਨ ਦੇ ਨਾਲ-ਨਾਲ ਪਰਵਰਿਸ਼ ਅਤੇ ਜੀਵਨ ਦੇ ਤਜ਼ਰਬੇ ਵੀ ਮਹੱਤਵਪੂਰਨ ਹਨ।

ਡੋਪਾਮੀਨ ਨੂੰ ਅਕਸਰ ਖੁੱਸ਼ੀ ਦਾ ਰਸਾਇਣ ਕਿਹਾ ਜਾਂਦਾ ਹੈ, ਪਰ ਇਸਦੀ ਭੂਮਿਕਾ ਇਸ ਤੋਂ ਕਿਤੇ ਵੱਧ ਗੁੰਝਲਦਾਰ ਹੈ। ਇਹ ਪ੍ਰੇਰਣਾ, ਇਨਾਮ ਨਾਲ ਜੁੜੀ ਸਿੱਖਿਆ, ਧਿਆਨ ਅਤੇ ਕਿਸੇ ਲਾਭਦਾਇਕ ਨਤੀਜ਼ੇ ਦੀ ਉਮੀਦ ਨਾਲ ਸੰਬੰਧਿਤ ਹੈ। ਜਦੋਂ ਅਸੀਂ ਕੋਈ ਟੀਚਾ ਪ੍ਰਾਪਤ ਕਰਦੇ ਹਾਂ ਤਾਂ ਦਿਮਾਗ ਦਾ ਇਨਾਮ ਤੰਤਰ ਸਰਗਰਮ ਹੁੰਦਾ ਹੈ ਅਤੇ ਇਹ ਸਾਨੂੰ ਹੋਰ ਉਪਲੱਬਧੀਆਂ ਵੱਲ ਪ੍ਰੇਰਿਤ ਕਰ ਸਕਦਾ ਹੈ। ਸਿੱਖਿਆ, ਕਸਰਤ, ਰਚਨਾਤਮਕਤਾ ਅਤੇ ਸਾਰਥਕ ਉਪਲੱਬਧੀਆਂ ਇਸ ਪ੍ਰਣਾਲੀ ਨੂੰ ਸਿਹਤਮੰਦ ਢੰਗ ਨਾਲ ਸਰਗਰਮ ਕਰ ਸਕਦੀਆਂ ਹਨ।

ਪਰ ਤੁਰੰਤ ਅਤੇ ਲਗਾਤਾਰ ਇਨਾਮ ਦੀ ਆਦਤ ਮਨੁੱਖ ਨੂੰ ਬੇਸਬਰੀ ਅਤੇ ਹਿੰਸਾ ਵਾਲੇ ਵਿਉਹਾਰ ਵੱਲ ਵੀ ਧੱਕ ਸਕਦੀ ਹੈ। ਇਸ ਲਈ ਡੋਪਾਮੀਨ ਦੀ ਭੂਮਿਕਾ ਨੂੰ ਸਮਝਣਾ ਸਾਨੂੰ ਅਨੁਸ਼ਾਸਨ ਅਤੇ ਸਵੈ-ਨਿਯੰਤਰਣ ਦੀ ਮਹੱਤਤਾ ਵੀ ਸਮਝਾਉਂਦਾ ਹੈ। ਸੈਰੋਟੋਨਿਨ ਮਾਨਸਿਕ ਸਥਿਤੀ, ਨੀਂਦ, ਭੁੱਖ ਅਤੇ ਸਰੀਰ ਦੀਆਂ ਕਈ ਹੋਰ ਪ੍ਰਕਿਰਿਆਵਾਂ ਨਾਲ ਜੁੜਿਆ ਹੋਇਆ ਹੈ। ਪਰ ਮਨੁੱਖੀ ਮਨੋਦਸ਼ਾ ਨੂੰ ਸਿਰਫ਼ ਕਿਸੇ ਇੱਕ ਰਸਾਇਣ ਦੇ ਪੱਧਰ ਨਾਲ ਸਮਝਣਾ ਵਿਗਿਆਨਕ ਤੌਰ 'ਤੇ ਬਹੁਤ ਛੋਟਾ ਹੋਵੇਗਾ।

ਮਨੁੱਖੀ ਭਾਵਨਾਵਾਂ 'ਤੇ ਜੀਵ-ਵਿਗਿਆਨਕ, ਮਨੋਵਿਗਿਆਨਕ, ਸਮਾਜਿਕ ਅਤੇ ਵਾਤਾਵਰਣਕ ਕਾਰਕ ਇਕੱਠੇ ਪ੍ਰਭਾਵ ਪਾਉਂਦੇ ਹਨ। ਇਸ ਲਈ ਕਿਸੇ ਵਿਅਕਤੀ ਦੀ ਭਾਵਨਾਤਮਕ ਸਥਿਤੀ ਨੂੰ ਸਿਰਫ਼ ਸੈਰੋਟੋਨਿਨ ਘੱਟ ਹੈ ਕਹਿ ਕੇ ਸਮਝਾਉਣਾ ਠੀਕ ਨਹੀਂ ਹੈ।

ਆਕਸੀਟੋਸਿਨ ਸਮਾਜਿਕ ਜੁੜਾਅ, ਪ੍ਰਸੂਤੀ ਅਤੇ ਦੁੱਧ ਪਿਲਾਉਣ ਵਰਗੀਆਂ ਪ੍ਰਕਿਰਿਆਵਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਸਮਾਜਿਕ ਸੰਪਰਕ ਅਤੇ ਲਗਾਵ ਨਾਲ ਜੁੜੀਆਂ ਕੁਝ ਪ੍ਰਕਿਰਿਆਵਾਂ ਵਿੱਚ ਵੀ ਹਿੱਸਾ ਲੈਂਦਾ ਹੈ। ਮਨੁੱਖ ਇੱਕ ਸਮਾਜਿਕ ਜੀਵ ਹੈ। ਪਰਿਵਾਰ, ਦੋਸਤੀ, ਪਿਆਰ, ਭਰੋਸਾ ਅਤੇ ਸਹਿਯੋਗੀ ਸਮਾਜ ਮਨੁੱਖ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਪਰ ਇਹ ਕਹਿਣਾ ਗਲਤ ਹੋਵੇਗਾ ਕਿ ਆਕਸੀਟੋਸਿਨ ਕਿਸੇ ਵਿਅਕਤੀ ਨੂੰ ਆਪਣੇ ਆਪ ਪਿਆਰ ਕਰਨ ਵਾਲਾ ਜਾਂ ਭਰੋਸੇਯੋਗ ਬਣਾ ਦਿੰਦਾ ਹੈ। ਚੰਗਾ ਚਰਿੱਤਰ ਜੀਵ-ਵਿਗਿਆਨ ਦੇ ਨਾਲ ਮੁੱਲਾਂ, ਸਿੱਖਿਆ, ਰਿਸ਼ਤਿਆਂ ਅਤੇ ਸਚੇਤ ਚੋਣਾਂ ਨਾਲ ਬਣਦਾ ਹੈ। ਟੈਸਟੋਸਟੇਰੋਨ ਅਤੇ ਐਸਟ੍ਰੋਜਨ ਮਹੱਤਵਪੂਰਨ ਲਿੰਗ ਹਾਰਮੋਨ ਹਨ। ਇਹ ਸਰੀਰਕ ਵਿਕਾਸ ਅਤੇ ਪ੍ਰਜਨਨ ਨਾਲ ਸੰਬੰਧਿਤ ਹਨ ਅਤੇ ਦਿਮਾਗ ਤੇ ਵਿਉਹਾਰ ਦੇ ਕੁਝ ਪੱਖਾਂ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ।

ਪਰ ਇਹ ਮੰਨਣਾ ਕਿ ਟੈਸਟੋਸਟੇਰੋਨ ਸਿੱਧੇ ਤੌਰ 'ਤੇ ਹਮਲਾਵਰਤਾ ਪੈਦਾ ਕਰਦਾ ਹੈ, ਇੱਕ ਬਹੁਤ ਵੱਡਾ ਕਥਨ ਹੈ। ਇਸੇ ਤਰ੍ਹਾਂ ਮਰਦਾਂ ਅਤੇ ਔਰਤਾਂ ਦੇ ਵਿਉਹਾਰ ਨੂੰ ਸਿਰਫ਼ ਹਾਰਮੋਨਾਂ ਦੇ ਆਧਾਰ 'ਤੇ ਸਮਝਣਾ ਵੀ ਗਲਤ ਹੈ। ਮਨੁੱਖ ਜੀਵ-ਵਿਗਿਆਨਕ ਰੂਪ ਵਿੱਚ ਇਕਸਾਰ ਮਸ਼ੀਨਾਂ ਨਹੀਂ, ਸਗੋਂ ਵਿਲੱਖਣ ਵਿਅਕਤੀ ਹਨ।

ਥਾਇਰਾਇਡ ਗ੍ਰੰਥੀ ਵੱਲੋਂ ਬਣਾਏ ਹਾਰਮੋਨ ਸਰੀਰ ਦੇ ਮੈਟਾਬੋਲਿਜ਼ਮ ਅਤੇ ਊਰਜਾ ਨਾਲ ਜੁੜੀਆਂ ਕਈ ਪ੍ਰਕਿਰਿਆਵਾਂ ਨੂੰ ਨਿਯੰਤਰਿਤ ਕਰਦੇ ਹਨ। ਜੇ ਥਾਇਰਾਇਡ ਹਾਰਮੋਨਾਂ ਵਿੱਚ ਅਸੰਤੁਲਨ ਹੋਵੇ ਤਾਂ ਊਰਜਾ, ਨੀਂਦ, ਧਿਆਨ ਅਤੇ ਮਾਨਸਿਕ ਵਿਕਾਸ ਵਿੱਚ ਤਬਦੀਲੀ ਆ ਸਕਦੀ ਹੈ।

ਇਸ ਤੋਂ ਇੱਕ ਮਹੱਤਵਪੂਰਨ ਸਿੱਖਿਆ ਮਿਲਦੀ ਹੈ—ਹਰ ਵਿਉਹਾਰਕ ਸਮੱਸਿਆ ਨੂੰ ਚਰਿੱਤਰ ਦੀ ਕਮੀ ਸਮਝਣਾ ਠੀਕ ਨਹੀਂ। ਕਈ ਵਾਰ ਕਿਸੇ ਵਿਅਕਤੀ ਦੇ ਵਿਉਹਾਰ ਪਿੱਛੇ ਕੋਈ ਸਰੀਰਕ ਜਾਂ ਸਿਹਤ ਸੰਬੰਧੀ ਕਾਰਕ ਵੀ ਹੋ ਸਕਦਾ ਹੈ।

ਕਿਸ਼ੋਰ ਅਵਸਥਾ ਉਹ ਦੌਰ ਹੈ ਜਿੱਥੇ ਹਾਰਮੋਨਲ ਅਤੇ ਦਿਮਾਗੀ ਤਬਦੀਲੀਆਂ ਬਹੁਤ ਤੇਜ਼ੀ ਨਾਲ ਹੁੰਦੀਆਂ ਹਨ। ਨੌਜਵਾਨਾਂ ਵਿੱਚ ਭਾਵਨਾਵਾਂ ਦੀ ਤੀਬਰਤਾ, ਸਮਾਜਿਕ ਦਿਲਚਸਪੀਆਂ, ਸੰਵੇਦਨਸ਼ੀਲਤਾ ਅਤੇ ਆਜ਼ਾਦੀ ਦੀ ਇੱਛਾ ਵੱਧ ਸਕਦੀ ਹੈ। ਪਰ ਹਰ ਕਿਸ਼ੋਰ ਵਿਹਾਰ ਨੂੰ ਹਾਰਮੋਨਾਂ ਦਾ ਨਤੀਜ਼ਾ ਕਹਿ ਦੇਣਾ ਵੀ ਅਨੁਚਿਤ ਹੈ। ਇਹ ਦੌਰ ਦਿਮਾਗ ਦੇ ਤੇਜ਼ ਵਿਕਾਸ, ਪਹਿਚਾਣ ਬਣਾਉਣ, ਸਮਾਜਿਕ ਸਿੱਖਿਆ ਅਤੇ ਭਾਵਨਾਤਮਕ ਪਰਿਪੱਕਤਾ ਦਾ ਵੀ ਸਮਾਂ ਹੈ।

ਇਸ ਲਈ ਮਾਪਿਆਂ ਅਤੇ ਅਧਿਆਪਕਾਂ ਨੂੰ ਨੌਜਵਾਨਾਂ ਦੀ ਹਰ ਗਲਤੀ 'ਤੇ ਉਨ੍ਹਾਂ ਨੂੰ ਬਦਤਮੀਜ਼, ਆਲਸੀ ਜਾਂ ਬਦਮਿਜ਼ਾਜ਼ ਕਹਿਣ ਦੀ ਬਜਾਏ ਉਨ੍ਹਾਂ ਦੇ ਵਿਕਾਸ ਦੇ ਪੜਾਅ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਿਸ਼ੋਰਾਂ ਨੂੰ ਸਿਰਫ਼ ਆਲੋਚਨਾ ਨਹੀਂ, ਸਹੀ ਦਿਸ਼ਾ ਅਤੇ ਸਮਝ ਦੀ ਲੋੜ ਹੁੰਦੀ ਹੈ।

ਅੱਜ ਦਾ ਮਨੁੱਖ ਲਗਾਤਾਰ ਦਬਾਅ ਵਿੱਚ ਜੀ ਰਿਹਾ ਹੈ। ਪੜ੍ਹਾਈ ਦੀ ਦੌੜ, ਨੌਕਰੀ ਦਾ ਤਣਾਅ, ਆਰਥਿਕ ਚਿੰਤਾਵਾਂ, ਸੋਸ਼ਲ ਮੀਡੀਆ, ਰਿਸ਼ਤਿਆਂ ਦੀਆਂ ਸਮੱਸਿਆਵਾਂ ਅਤੇ ਨੀਂਦ ਦੀ ਕਮੀ ਸਰੀਰ ਦੇ ਤਣਾਅ-ਤੰਤਰ 'ਤੇ ਲਗਾਤਾਰ ਬੋਝ ਪਾ ਰਹੇ ਹਨ। ਸਾਡਾ ਸਰੀਰ ਛੋਟੇ ਸਮੇਂ ਦੀਆਂ ਚੁਣੌਤੀਆਂ ਲਈ ਤਣਾਅ-ਪ੍ਰਤੀਕਿਰਿਆ ਵਿਕਸਿਤ ਕਰਕੇ ਆਇਆ ਹੈ। ਪਰ ਜਦੋਂ ਤਣਾਅ ਲਗਾਤਾਰ ਬਣਿਆ ਰਹੇ ਤਾਂ ਸਰੀਰ ਅਤੇ ਮਨ ਦੋਵਾਂ 'ਤੇ ਇਸਦਾ ਪ੍ਰਭਾਵ ਪੈ ਸਕਦਾ ਹੈ।ਇਸ ਲਈ ਪੂਰੀ ਨੀਂਦ, ਨਿਯਮਿਤ ਕਸਰਤ, ਸੰਤੁਲਿਤ ਖੁਰਾਕ, ਆਰਾਮ, ਕੁਦਰਤ ਨਾਲ ਜੁੜਾਅ ਅਤੇ ਸਿਹਤਮੰਦ ਸਮਾਜਿਕ ਰਿਸ਼ਤੇ ਸਿਰਫ਼ ਜੀਵਨ-ਸ਼ੈਲੀ ਦੀਆਂ ਚੋਣਾਂ ਨਹੀਂ, ਸਗੋਂ ਸਰੀਰਕ ਅਤੇ ਭਾਵਨਾਤਮਕ ਸੰਤੁਲਨ ਲਈ ਵੀ ਮਹੱਤਵਪੂਰਨ ਹਨ। ਹਾਰਮੋਨ ਸਾਡੀ ਮਾਨਸਿਕ ਸਿਹਤ, ਊਰਜਾ, ਪ੍ਰੇਰਣਾ ਅਤੇ ਵਿਉਹਾਰ ਦੀਆਂ ਕੁਝ ਸਥਿਤੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਸ਼ਖ਼ਸੀਅਤ ਦਾ ਨਿਰਮਾਣ ਕਈ ਪੱਧਰਾਂ 'ਤੇ ਹੁੰਦਾ ਹੈ। ਸਾਡੇ ਜੀਨ ਕੁਝ ਰੁਝਾਨ ਦੇ ਸਕਦੇ ਹਨ। ਹਾਰਮੋਨ ਸਰੀਰਕ ਅਤੇ ਭਾਵਨਾਤਮਕ ਸਥਿਤੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਦਿਮਾਗੀ ਵਿਕਾਸ ਅਤੇ ਜੀਵਨ ਦੇ ਤਜ਼ਰਬੇ ਸਾਨੂੰ ਸਿਖਾਉਂਦੇ ਹਨ। ਪਰਿਵਾਰ ਅਤੇ ਸਮਾਜ ਸਾਡੇ ਮੁੱਲਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਆਖ਼ਰਕਾਰ ਸਾਡੀਆਂ ਸੁਚੇਤ ਚੋਣਾਂ ਅਤੇ ਆਦਤਾਂ ਸਾਡੇ ਚਰਿੱਤਰ ਨੂੰ ਘੜਦੀਆਂ ਹਨ। ਇਸ ਲਈ ਦੋ ਵਿਅਕਤੀ ਇੱਕੋ ਜਿਹੀ ਜੈਵਿਕ ਸਥਿਤੀ ਦਾ ਸਾਹਮਣਾ ਕਰਦੇ ਹੋਏ ਵੀ ਬਿਲਕੁਲ ਵੱਖਰੇ ਢੰਗ ਨਾਲ ਪ੍ਰਤੀਕਿਰਿਆ ਕਰ ਸਕਦੇ ਹਨ।

ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਜੀਵ-ਵਿਗਿਆਨਕ ਪ੍ਰਭਾਵ ਗਲਤ ਵਿਉਹਾਰ ਦਾ ਬਹਾਨਾ ਨਹੀਂ ਬਣ ਸਕਦੇ। ਜੇ ਕੋਈ ਵਿਅਕਤੀ ਗੁੱਸੇ ਵਿੱਚ ਕਿਸੇ ਨੂੰ ਦੁੱਖ ਪਹੁੰਚਾਉਂਦਾ ਹੈ ਤਾਂ ਇਹ ਕਹਿ ਦੇਣਾ ਕਿ 'ਮੇਰੇ ਹਾਰਮੋਨ ਜ਼ਿੰਮੇਵਾਰ ਸਨ' ਉਸਦੇ ਵਿਉਹਾਰ ਨੂੰ ਜਾਇਜ਼ ਨਹੀਂ ਬਣਾਉਂਦਾ। ਹਾਰਮੋਨ ਕਿਸੇ ਪ੍ਰਤੀਕਿਰਿਆ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਪਰਿਪੱਕ ਮਨੁੱਖ ਆਪਣੀਆਂ ਪ੍ਰਤੀਕਿਰਿਆਵਾਂ ਨੂੰ ਸਮਝਣ ਅਤੇ ਨਿਯੰਤਰਿਤ ਕਰਨ ਦੀ ਸਮਰੱਥਾ ਵਿਕਸਿਤ ਕਰ ਸਕਦਾ ਹੈ।

ਇੱਥੇ ਭਾਵਨਾਤਮਕ ਬੁੱਧੀ ਦੀ ਮਹੱਤਤਾ ਸਾਹਮਣੇ ਆਉਂਦੀ ਹੈ। ਆਪਣੀਆਂ ਭਾਵਨਾਵਾਂ ਨੂੰ ਪਛਾਣਨਾ, ਉਨ੍ਹਾਂ ਦੇ ਕਾਰਨਾਂ ਨੂੰ ਸਮਝਣਾ, ਆਵੇਗ 'ਤੇ ਕਾਬੂ ਪਾਉਣਾ, ਦੂਜਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਅਤੇ ਸੋਚ-ਸਮਝ ਕੇ ਪ੍ਰਤੀਕਿਰਿਆ ਦੇਣਾ ਇੱਕ ਪਰਿਪੱਕ ਸ਼ਖ਼ਸੀਅਤ ਦੀ ਨਿਸ਼ਾਨੀ ਹੈ।

ਮਜ਼ਬੂਤ ਸ਼ਖ਼ਸੀਅਤ ਦਾ ਅਰਥ ਇਹ ਨਹੀਂ ਕਿ ਮਨੁੱਖ ਨੂੰ ਕਦੇ ਗੁੱਸਾ, ਡਰ, ਦੁੱਖ ਜਾਂ ਨਿਰਾਸ਼ਾ ਮਹਿਸੂਸ ਨਾ ਹੋਵੇ। ਅਸਲ ਮਜ਼ਬੂਤੀ ਇਹ ਹੈ ਕਿ ਉਹ ਇਨ੍ਹਾਂ ਭਾਵਨਾਵਾਂ ਨੂੰ ਪਛਾਣੇ, ਸਮਝੇ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਦੇਣ ਦੀ ਕਲਾ ਸਿੱਖੇ।

ਮਾਪਿਆਂ ਅਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਅਤੇ ਕਿਸ਼ੋਰਾਂ ਵਿੱਚ ਹੋ ਰਹੀਆਂ ਸਰੀਰਕ ਅਤੇ ਭਾਵਨਾਤਮਕ ਤਬਦੀਲੀਆਂ ਨੂੰ ਸਮਝਣ। ਉਨ੍ਹਾਂ ਨੂੰ ਹਰ ਸਮੇਂ ਦੋਸ਼ੀ ਠਹਿਰਾਉਣ ਦੀ ਬਜਾਏ ਸਵੈ-ਜਾਗਰੂਕਤਾ ਅਤੇ ਸਵੈ-ਅਨੁਸ਼ਾਸਨ ਸਿਖਾਇਆ ਜਾਣਾ ਚਾਹੀਦਾ ਹੈ।ਨੌਜਵਾਨਾਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਸਰੀਰ ਅਤੇ ਦਿਮਾਗ ਵਿੱਚ ਤਬਦੀਲੀਆਂ ਕੁਦਰਤੀ ਹਨ, ਪਰ ਆਪਣੇ ਵਿਉਹਾਰ ਦੀ ਜ਼ਿੰਮੇਵਾਰੀ ਲੈਣਾ ਵੀ ਉਨ੍ਹਾਂ ਦੀ ਹੀ ਜ਼ਿੰਮੇਵਾਰੀ ਹੈ।ਹਾਰਮੋਨ ਮਨੁੱਖੀ ਸਰੀਰ ਦੇ ਅਦਭੁਤ ਰਸਾਇਣਕ ਸੰਦੇਸ਼ਵਾਹਕ ਹਨ। ਇਹ ਵਾਧੇ, ਊਰਜਾ, ਨੀਂਦ, ਤਣਾਅ, ਪ੍ਰੇਰਣਾ, ਪ੍ਰਜਨਨ, ਮੂਡ ਅਤੇ ਸਰੀਰ ਦੀਆਂ ਅਨੇਕ ਮਹੱਤਵਪੂਰਨ ਪ੍ਰਕਿਰਿਆਵਾਂ ਵਿੱਚ ਭੂਮਿਕਾ ਨਿਭਾਉਂਦੇ ਹਨ। ਦਿਮਾਗ ਅਤੇ ਨਰਵਸ ਸਿਸਟਮ ਨਾਲ ਉਨ੍ਹਾਂ ਦੀ ਲਗਾਤਾਰ ਗੱਲਬਾਤ ਮਨੁੱਖੀ ਵਿਹਾਰ ਦੇ ਕਈ ਪੱਖਾਂ ਨੂੰ ਪ੍ਰਭਾਵਿਤ ਕਰਦੀ ਹੈ। ਪਰ ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਮਨੁੱਖ ਸਿਰਫ਼ ਹਾਰਮੋਨਾਂ ਦਾ ਜੋੜ ਨਹੀਂ ਹੈ। ਸਾਡੀ ਸ਼ਖ਼ਸੀਅਤ ਜੀਨ, ਦਿਮਾਗ, ਹਾਰਮੋਨ, ਪਰਿਵਾਰ, ਸਿੱਖਿਆ, ਸੱਭਿਆਚਾਰ, ਰਿਸ਼ਤੇ, ਤਜ਼ਰਬੇ, ਆਦਤਾਂ, ਮੁੱਲ ਅਤੇ ਚੋਣਾਂ ਦੇ ਸਾਂਝੇ ਪ੍ਰਭਾਵ ਨਾਲ ਬਣਦੀ ਹੈ।ਹਾਰਮੋਨ ਸਾਡੇ ਅੰਦਰ ਕੁਝ ਰੁਝਾਨਾਂ ਨੂੰ ਜਨਮ ਦੇ ਸਕਦੇ ਹਨ, ਪਰ ਉਨ੍ਹਾਂ ਰੁਝਾਨਾਂ ਨਾਲ ਅਸੀਂ ਕਿਵੇਂ ਵਿਉਹਾਰ ਕਰਦੇ ਹਾਂ—ਇਹ ਸਾਡੀ ਸਮਝ, ਸਾਡੀ ਸਿੱਖਿਆ ਅਤੇ ਸਾਡੇ ਚਰਿੱਤਰ 'ਤੇ ਨਿਰਭਰ ਕਰਦਾ ਹੈ। ਅੰਤ ਵਿੱਚ ਕਿਹਾ ਜਾ ਸਕਦਾ ਹੈ—ਹਾਰਮੋਨ ਮਨ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਚਰਿੱਤਰ ਇਹ ਫ਼ੈਸਲਾ ਕਰਦਾ ਹੈ ਕਿ ਅਸੀਂ ਉਨ੍ਹਾਂ ਪ੍ਰਭਾਵਾਂ ਦਾ ਜਵਾਬ ਕਿਵੇਂ ਦਿੰਦੇ ਹਾਂ। ਇਹੀ ਮਨੁੱਖੀ ਸ਼ਖ਼ਸੀਅਤ ਦੀ ਅਸਲ ਤਾਕਤ ਹੈ।



ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ

# ਗਲੇ ਦੀ ਖ਼ਰਾਸ਼ ਤੇ ਖੰਘ ਦਾ ਪੱਕਾ ਇਲਾਜ ਹੈ ਅਦਰਕ, ਦਾਦੀ-ਨਾਨੀ ਦੇ ਇਹ ਘਰੇਲੂ ਨੁਸਖੇ ਦੇਣਗੇ ਤੁਰੰਤ ਰਾਹਤ



ਜਿਵੇਂ ਹੀ ਮੌਸਮ ਥੋੜ੍ਹਾ ਜਿਹਾ ਠੰਡਾ ਹੁੰਦਾ ਹੈ, ਖੰਘ ਅਤੇ ਜ਼ੁਕਾਮ ਦੀ ਸ਼ਿਕਾਇਤ ਹੁੰਦੀ ਹੈ। ਇਸ ਨੂੰ ਠੀਕ ਕਰਨ ਲਈ ਵਾਰ-ਵਾਰ ਐਂਟੀਬਾਇਓਟਿਕਸ ਜਾਂ ਸ਼ਰਬਤ ਲੈਣ ਨਾਲ ਜਿੰਨੀ ਜਲਦੀ ਆਰਾਮ ਮਿਲਦਾ ਹੈ, ਉਵੇਂ ਹੀ ਸਾਡੇ ਸਰੀਰ ਨੂੰ ਦਵਾਈਆਂ ਦਾ ਆਦੀ ਵੀ ਬਣਾ ਦਿੰਦਾ ਹੈ।

ਅਜਿਹੇ 'ਚ ਕਿਉਂ ਨਾ ਮਾਮੂਲੀ ਖੰਘ ਅਤੇ ਜ਼ੁਕਾਮ ਨੂੰ ਠੀਕ ਕਰਨ ਲਈ ਘਰੇਲੂ ਨੁਸਖਿਆਂ ਦੀ ਵਰਤੋਂ ਕੀਤੀ ਜਾਵੇ। ਅਸੀਂ ਗੱਲ ਕਰ ਰਹੇ ਹਾਂ ਅਦਰਕ ਦੀ ਜਿਸ ਨੂੰ ਕੁਦਰਤੀ ਦਰਦ ਨਿਵਾਰਕ ਕਿਹਾ ਜਾਂਦਾ ਹੈ। ਇਸ ਨੂੰ ਕਈ ਤਰੀਕਿਆਂ ਨਾਲ ਦਵਾਈ ਦੇ ਤੌਰ 'ਤੇ ਖਪਤ ਕੀਤਾ ਜਾ ਸਕਦਾ ਹੈ।

### ਅਦਰਕ ਦਾ ਟੁਕੜਾ

ਖੰਘ ਤੋਂ ਤੁਰੰਤ ਰਾਹਤ ਪਾਉਣ ਲਈ ਪਹਿਲਾਂ ਅਦਰਕ ਦੇ ਛੋਟੇ ਟੁਕੜੇ ਨੂੰ ਛਿੱਲ ਕੇ ਭੁੰਨ ਲਓ। ਫਿਰ ਇਸ 'ਤੇ ਕਾਲਾ ਨਮਕ ਲਗਾਓ ਅਤੇ ਹੌਲੀ-ਹੌਲੀ ਚੂਸੋ। ਇਸ ਨਾਲ ਗਲੇ ਦੀ ਖਰਾਸ਼ ਤੋਂ ਤੁਰੰਤ ਰਾਹਤ ਮਿਲ ਸਕਦੀ ਹੈ।

### ਹਲਦੀ, ਸ਼ਹਿਦ ਅਤੇ ਅਦਰਕ

ਹਲਦੀ ਦੇ ਐਂਟੀਬੈਕਟੀਰੀਅਲ ਅਤੇ ਐਂਟੀ-ਫੰਗਲ ਗੁਣ, ਸ਼ਹਿਦ ਦੇ ਆਰਾਮਦਾਇਕ ਗੁਣ ਅਤੇ ਅਦਰਕ ਦੇ ਐਂਟੀ-ਇੰਫਲੇਮੇਟਰੀ ਗੁਣ ਖਾਂਸੀ ਅਤੇ ਜ਼ੁਕਾਮ ਤੋਂ ਜਲਦੀ ਰਾਹਤ ਦਿਵਾਉਣ ਵਿਚ ਮਦਦ ਕਰਦੇ ਹਨ। ਇਸ ਦੇ ਲਈ ਇੱਕ ਚਮਚ ਸ਼ਹਿਦ ਵਿੱਚ ਅੱਧਾ ਚਮਚ ਅਦਰਕ ਦਾ ਰਸ ਅਤੇ ਇੱਕ ਚੁਟਕੀ ਹਲਦੀ ਮਿਲਾਓ। ਸਵੇਰੇ-ਸ਼ਾਮ ਇਸ ਨੂੰ ਨਿਯਮਿਤ ਰੂਪ ਨਾਲ ਪੀਓ ਜਦੋਂ ਤੱਕ ਖੰਘ ਤੋਂ ਰਾਹਤ ਨਹੀਂ ਮਿਲਦੀ।

### ਅਦਰਕ ਪਾਊਡਰ, ਗੁੜ ਅਤੇ ਹਲਦੀ

ਗੁੜ ਇੱਕ ਕੁਦਰਤੀ ਸਫਾਈ ਏਜੰਟ ਵਜੋਂ ਕੰਮ ਕਰਦਾ ਹੈ ਜਦੋਂ ਕਿ ਅਦਰਕ ਨੂੰ ਇੱਕ ਕੁਦਰਤੀ ਦਰਦ ਨਿਵਾਰਕ ਕਿਹਾ ਜਾਂਦਾ ਹੈ। ਫਿਰ ਹਲਦੀ, ਜਿਸ ਵਿਚ ਐਂਟੀਬੈਕਟੀਰੀਅਲ ਅਤੇ ਐਂਟੀ-ਫੰਗਲ ਗੁਣ ਹੁੰਦੇ ਹਨ, ਕਾਰਗਰ ਸਾਬਤ ਹੋ ਸਕਦੇ ਹਨ। ਅਦਰਕ ਦੇ ਪਾਊਡਰ ਵਿੱਚ ਗੁੜ ਅਤੇ ਹਲਦੀ ਮਿਲਾ ਕੇ ਲੱਡੂ ਤਿਆਰ ਕਰੋ। ਇਸ ਨੂੰ ਦਵਾਈ ਵਾਂਗ ਨਿਯਮਤ ਰੂਪ ਵਿਚ ਲਓ।

### ਅਦਰਕ ਚਾਹ

ਚਾਹ ਬਣਾਉਣ ਲਈ ਪਹਿਲਾਂ ਅਦਰਕ ਦੇ ਛੋਟੇ-ਛੋਟੇ ਟੁਕੜਿਆਂ ਨੂੰ ਪਾਣੀ 'ਚ ਉਬਾਲ ਲਓ। ਫਿਰ ਇਸ ਵਿਚ ਇਕ ਚੱਮਚ ਨਿੰਬੂ ਦਾ ਰਸ ਅਤੇ ਇਕ ਚੱਮਚ ਸ਼ਹਿਦ ਮਿਲਾ ਕੇ ਚਾਹ ਦੀ ਤਰ੍ਹਾਂ ਸੇਵਨ ਕਰੋ। ਧਿਆਨ ਰਹੇ ਕਿ ਇਸ ਚਾਹ ਦਾ ਸੇਵਨ ਗਰਮ ਹੀ ਕਰਨਾ ਚਾਹੀਦਾ ਹੈ।

### ਅਦਰਕ ਅਤੇ ਕਾਲੀ ਮਿਰਚ

ਇੱਕ ਗਿਲਾਸ ਪਾਣੀ ਵਿੱਚ 1 ਇੰਚ ਅਦਰਕ ਦਾ ਟੁਕੜਾ ਅਤੇ 5-6 ਕਾਲੀ ਮਿਰਚ ਦੇ ਦਾਣਿਆਂ ਨੂੰ ਉਬਾਲੋ। ਮਿਠਾਸ ਲਈ ਗੁੜ ਜਾਂ ਸ਼ਹਿਦ ਵੀ ਮਿਲਾਇਆ ਜਾ ਸਕਦਾ ਹੈ। ਜਦੋਂ ਪਾਣੀ ਅੱਧਾ ਰਹਿ ਜਾਵੇ ਤਾਂ ਗੈਸ ਬੰਦ ਕਰ ਦਿਓ ਅਤੇ ਗਰਮ ਹੋਣ 'ਤੇ ਇਸ ਦਾ ਸੇਵਨ ਕਰੋ।

### ਅਦਰਕ ਦਾ ਦੁੱਧ

ਰਾਤ ਨੂੰ ਸੌਣ ਤੋਂ ਪਹਿਲਾਂ ਅਦਰਕ ਦੇ ਦੋ ਟੁਕੜੇ ਪੀਸ ਕੇ ਦੁੱਧ 'ਚ ਚੰਗੀ ਤਰ੍ਹਾਂ ਉਬਾਲ ਲਓ। ਇਸ ਨਾਲ ਅਦਰਕ ਦੇ ਗੁਣ ਦੁੱਧ 'ਚ ਲੀਨ ਹੋ ਜਾਣਗੇ, ਫਿਰ ਇਸ ਦਾ ਸੇਵਨ ਕਰੋ।

# ਮਿੰਨੀ ਕਹਾਣੀ- ਸ਼ਗਨਾਂ ਦਾ ਪਾਣੀ

ਨਵੇਂ ਨਵੇਂ ਲੱਗੇ ਜੇ ਬੀ ਟੀ ਮਾਸਟਰ ਨਵਜੋਤ ਸਿੰਘ ਦਾ ਰਿਸ਼ਤਾ ਰਾਮਪੁਰੇ ਦੀ ਲੜਕੀ ਗੁਰਮੀਤ ਜੋ ਉਹ ਵੀ ਜੇ ਬੀ ਟੀ ਟੀਚਰ ਸੀ ਨਾਲ ਹੋ ਗਿਆ ਤੇ ਦੋਨੋ ਸਰਕਾਰੀ ਮੁਲਾਜ਼ਮ ਹੋਣ ਕਰਕੇ ਵਿਆਹ ਵੀ ਛੇਤੀ ਬੱਝ ਗਿਆ।

ਨਵਜੋਤ ਨੇ ਆਪਣੇ ਪਿਤਾ ਨੱਥਾ ਸਿੰਘ ਨੂੰ ਕਹਿ ਦਿੱਤਾ, "ਮੇਰੀ ਬਰਾਤ ਵਿੱਚ ਸਿਰਫ ਪੜ੍ਹੇ ਲਿਖੇ ਬੰਦੇ ਹੀ ਜਾਣਗੇ, ਜੇ ਕੋਈ ਬੰਦਾ ਧੋਤੀ ਚਾਦਰੇ ਵਾਲਾ ਜਾਂ ਟੌਰੇ ਵਾਲੀ ਪੱਗ ਵਾਲਾ ਬਰਾਤ ਵਿੱਚ ਵੇਖ ਲਿਆ ਤਾਂ ਮੈਂ ਉੱਥੇ ਹੀ ਲੱਫੜੇ ਮਾਰ ਕੇ ਗੱਡੀ ਚੋਂ ਲਾਹ ਦੇਊਂ, ਤੇਰੀ ਲਾਹ ਪਾਹ ਵੀ ਕਰਾਂਗਾ, ਨਾਲ ਉੱਥੇ ਦਾਰੂ ਮੀਟ ਨਹੀਂ ਚੱਲਣ ਦੇਣਾ, ਮੇਰਾ ਸਹੁਰਾ ਪ੍ਰੀਵਾਰ ਪੜਿਆ ਲਿਖਿਆ ਹੈ।

ਉਨਾਂ ਦਿਨਾਂ ਵਿੱਚ ਅੱਜ ਕੱਲ ਵਾਂਗ ਪੈਲੇਸ ਨਹੀਂ ਸਨ, ਬਰਾਤ ਪਿੰਡ ਵਿੱਚ ਹੀ ਧਰਮਸ਼ਾਲਾ ਵਿੱਚ ਬਿਠਾਈ ਜਾਂਦੀ ਸੀ, ਰੋਟੀ ਪਾਣੀ ਦਾ ਬੰਦੋਬਸਤ ਵਿਆਹ ਵਾਲੇ ਘਰ ਹੀ ਹੁੰਦਾ ਸੀ।

ਪਰ ਨੱਥਾ ਸਿੰਘ ਨੇ ਨਵਜੋਤ ਦੀ ਪਾਬੰਦੀ ਦੀ ਪ੍ਰਵਾਹ ਨਾ ਕਰਦਿਆਂ ਆਪਣੇ ਭਣਵਈਏ ਜਬਰਜੰਗ ਤੇ ਆਪਣੇ ਜਵਾਈ ਤੇਜਾ ਸਿੰਘ ਨੂੰ ਵਿਆਹ ਤੇ ਬੁਲਾ ਲਿਆ, ਜੋ ਬਠਿੰਡਾ ਜਿਲੇ ਦੇ ਪਿੰਡਾਂ ਦੇ ਰਹਿਣ ਵਾਲੇ ਸਨ ਤੇ ਅਕਸਰ ਹੀ ਧੂੰਮਾਂ ਚਾਦਰਾ ਤੇ ਟੌਰੇ ਵਾਲੀ ਪੱਗ ਬੰਨ੍ਹਦੇ ਸਨ।

ਗੱਲ ਉਹੀ ਹੋਈ ਜਿਸ ਦਾ ਡਰ ਸੀ। ਜਦ ਬਰਾਤ ਸਹੁਰੇ ਘਰ ਰੋਟੀ ਖਾਣ ਗਈ ਤਾਂ ਜਬਰਜੰਗ ਸਿਉਂ ਨੇ ਜੋ ਉਹ ਪਿੰਡੋਂ ਹੀ ਸ਼ਰਾਬ ਲੈ ਕੇ ਆਏ ਸਨ ਤੇ ਧਰਮਸ਼ਾਲਾ ਵਿੱਚ ਪੜ੍ਹਦੇ ਜਿਹੇ ਨਾਲ ਸ਼ਰਾਬ ਪੀਤੀ ਤੇ ਸ਼ਰਾਬੀ ਹੋ ਗਏ ਸਨ ਨੇ ਚੀਕ ਮਾਰਕੇ ਲਲਕਾਰਾ ਮਾਰਿਆ, " ਉਏ ਅਸੀਂ ਤਾਂ ਮਾਣ ਨਾਲ ਸਾਲੇ ਦੇ ਪੁੱਤ ਦੇ ਵਿਆਹ ਤੇ ਆਏ ਸੀ ਉਏ, ਨਵਜੋਤਿਆ ਨਾ ਏਥੇ ਦਾਰੂ ਨਾ ਮੀਟ ਉਏ", ਤੇਜੇ ਨੇ ਬਲਦੀ ਤੇ ਤੇਲ ਪਾਇਆ , " ਫੁਫੜਾ ਇੱਕ ਹੋਰ ਲਲਕਾਰਾ ਮਾਰ ਮੈਂ ਵੀ ਸਾਲੇ ਦੇ ਵਿਆਹ ਆਇਆ ਹਾਂ"। ਫੁੱਫੜ ਲਲਕਾਰਾ ਮਾਰਨ ਲਈ ਉੱਠਿਆ ਤਾਂ ਨਵਜੋਤ ਨੇ ਆਪਣੇ ਫੁੱਫੜ ਤੇ ਜੀਜੇ ਦੀ ਗੂੜੀ ਰਿਸ਼ਤੇਦਾਰੀ ਨੂੰ ਤਾਰ ਤਾਰ ਕਰਦਿਆਂ ਝੱਟ ਜਬਰਜੰਗ ਦੇ ਥੱਪੜ ਮਾਰਿਆ ਤੇ ਆਪਣੇ ਬਾਪ ਨੂੰ ਮੁਖਾਤਬ ਹੋ ਕੇ ਚੀਕਿਆ, " ਉਏ ਕੰਜਰਾ ਕੀਤਾ ਉਹੀ ਕੰਮ, ਲਿਆ ਕੇ ਅਣਪੜ੍ਹ ਉੱਜੱਡ ਬੰਦੇ"।

ਪਿੰਡ ਦੇ ਸਿਆਣੇ ਬਰਾਤੀਆਂ ਨੇ ਨਵਜੋਤ ਨੂੰ ਸਮਝਾਇਆ; " ਕਾਕਾ ਐਨਾ ਰੌਲਾ ਤਾਂ ਵਿਆਹ ਸ਼ਾਦੀਆਂ ਤੇ ਪੈ ਹੀ ਜਾਂਦਾ ਹੈ"। ਪਰ ਨਵਜੋਤ ਦਾ ਗੁੱਸਾ ਭੈੜਾ ਸੀ, ਉਸ ਨੇ ਆਪਣੇ ਸਹੁਰਿਆਂ ਨੂੰ ਡੋਲੀ ਦੀ ਤਿਆਰੀ ਕਰਨ ਲਈ ਕਿਹਾ, ਤੇ ਅੱਧੇ ਘੰਟੇ ਵਿੱਚ ਸਹੁਰਿਆਂ ਨੇ ਜਰੂਰੀ ਸ਼ਗਨ ਕਰਕੇ ਡੋਲੀ ਤਿਆਰ ਕਰ ਦਿੱਤੀ ਤੇ ਨਵਜੋਤ ਬਚੋਲੇ ਨਾਲ ਇਕੱਲਾ ਹੀ ਸਾਰੀ ਬਰਾਤ ਨੂੰ ਛੱਡ ਕੇ, ਡੋਲੀ ਲੈ ਕੇ ਘਰ ਪਹੁੰਚ ਗਿਆ। ਨੱਥਾ ਸਿੰਘ ਤੇ ਬਰਾਤੀਆਂ ਨੂੰ ਪਤਾ ਹੀ ਨਾ ਲੱਗਿਆ।ਘਰ ਵਿੱਚ ਬਰਾਤ ਆ ਗਈ ਬਰਾਤ ਆ ਗਈ ਦਾ ਰੌਲਾ ਪੈ ਗਿਆ। ਗੱਡੀ ਕੋਲ ਆ ਕੇ ਮੇਲ ਤੇ ਨਵਜੋਤ ਦੀ ਭੈਣ ਨੇ ਗੀਤ ਗਾਇਆ, " ਪਾਣੀ ਵਾਰ ਬੰਨ੍ਹੇ ਦੀਏ ਮਾਏ, ਬੰਨ੍ਹਾਂ ਤੇਰੇ ਬਾਹਰ ਖੜ੍ਹਾ"। " ਨਵਜੋਤ ਦੀ ਮਾਂ ਜੰਗੀਰ ਕੌਰ ਥਾਲੀ 'ਚ ਲੱਡੂ ਤੇ ਗੜਵੀ ਵਿੱਚ ਪਾਣੀ ਲੈ ਕੇ ਵਿਆਂਦੜ ਜੋੜੀ ਉੱਤੋਂ ਦੀ ਵਾਰਨ ਵਾਸਤੇ ਅਗੇ ਵਧੀ , ਪਰ ਨਵਜੋਤ ਨੇ ਜੋਰ ਦੀ ਹੱਥ ਮਾਰ ਕੇ ਥਾਲ ਤੇ ਗੜਵੀ ਪਰੇ ਸੁੱਟ ਦਿੱਤੇ ਤੇ ਬੋਲਿਆ, " ਬੰਦ ਕਰੋ ਇਹ ਬਕਵਾਸ, ਕੰਜਰ ਪਿਉ ਨੇ ਬਣੀ ਬਣਾਈ ਖੂਹ ਵਿੱਚ ਪਾ ਦਿੱਤੀ" ਆਖ ਕੇ ਦੁਲਹਨ ਨੂੰ ਖਿੱਚ ਕਿ ਘਰ ਅੰਦਰ ਲੈ ਗਿਆ।

Sarwan Singh Patang












# ਰਾਸ਼ੀਫਲ



**ਮੇਸ਼ :** ਤੁਹਾਡੇ ਅੰਤਰ-ਵਿਅਕਤੀਗਤ ਕੌਸ਼ਲ ਅੱਜ ਤੁਹਾਡੇ ਹੱਕ ਵਿੱਚ ਕੰਮ ਕਰਨਗੇ ਅਤੇ ਤੁਹਾਨੂੰ ਸਫਲਤਾ ਵੱਲ ਲੈ ਕੇ ਜਾਣਗੇ। ਆਪਣੇ ਵਿਚਾਰਾਂ ਨੂੰ ਪ੍ਰਕਟ ਕਰਨਾ ਲਾਭਦਾਇਕ ਸਾਬਿਤ ਹੋਵੇਗਾ। ਤੁਸੀਂ ਸੰਭਾਵਿਤ ਤੌਰ ਤੇ ਲਾਭਦਾਇਕ ਵਿੱਤੀ ਬੈਲੈਂਸ ਸ਼ੀਟ ਦੇਖੋਗੇ। ਫੇਰ ਵੀ, ਦੁਰਘਟਨਾਵਾਂ ਜਾਂ ਬਿਮਾਰੀ ਪ੍ਰਤੀ ਬਹੁਤ ਧਿਆਨ ਦਿਓ ਕਿਉਂਕਿ ਇਸ ਦੇ ਹੋਣ ਦੀਆਂ ਸੰਭਾਵਨਾਵਾਂ ਹਨ।

**ਵ੍ਰਿਸ਼ਭ:** ਅੱਜ ਤੁਹਾਡਾ ਦਿਨ ਵਧੀਆ ਅਤੇ ਖੁਸ਼ੀਆਂ ਭਰਿਆ ਰਹੇਗਾ। ਤੁਸੀਂ ਜੋਸ਼ੀਲੇ ਜਾਂ ਬੇਚੈਨ ਹੋ ਸਕਦੇ ਹੋ ਪਰ ਅੱਜ, ਤੁਹਾਡਾ ਪੂਰਾ ਧਿਆਨ ਤੁਹਾਡੇ ਵੱਲੋਂ ਕੀਤੇ ਕੰਮ 'ਤੇ ਹੋਵੇਗਾ। ਤੁਸੀਂ ਸੰਭਾਵਿਤ ਤੌਰ ਤੇ ਆਪਣੀ ਸ਼ਾਮ ਆਪਣੇ ਦੋਸਤਾਂ ਨਾਲ ਗੱਲਾਂ-ਬਾਤਾਂ ਕਰਦੇ ਬਿਤਾ ਸਕਦੇ ਹੋ।

**ਮਿਥੁਨ :** ਅੱਜ ਤੁਹਾਡੇ ਘਰ ਵਿੱਚ ਵਿਵਾਦ ਹੋਣ ਦੀ ਸੰਭਾਵਨਾ ਹੈ। ਤੁਹਾਡੇ ਪਰਿਵਾਰ ਦੇ ਜੀਆਂ ਵੱਲੋਂ ਕੀਤੀਆਂ ਮੰਗਾਂ ਵਧਣਗੀਆਂ, ਅਤੇ ਤੁਸੀਂ ਉਹਨਾਂ ਨੂੰ ਪੂਰਾ ਕਰਨ ਵਿੱਚ ਮੁਸ਼ਕਿਲ ਦਾ ਸਾਹਮਣਾ ਕਰ ਸਕਦੇ ਹੋ। ਇਹ ਤੁਹਾਨੂੰ ਗੁੱਸਾ ਦਵਾ ਸਕਦਾ ਹੈ। ਤੁਸੀਂ ਇਹਨਾਂ ਮੰਗਾਂ ਨੂੰ ਪੂਰੀਆਂ ਕਰਨ ਵਿੱਚ ਭਾਰੀ ਖਰਚ ਕਰੋਗੇ। ਤੁਹਾਨੂੰ ਆਪਣੇ ਖਰਚੇ ਘੱਟ ਕਰਨ ਅਤੇ ਬੱਚਤਾਂ ਵਧਾਉਣ ਦੀ ਲੋੜ ਹੈ।

**ਕਰਕ :** ਅੱਜ ਦੇ ਦਿਨ ਤੁਸੀਂ ਆਪਣੇ ਆਪ ਨੂੰ ਪ੍ਰਸੰਨਤਾ ਭਰੇ ਭਾਵਾਂ ਵਿੱਚ ਪਾਓਗੇ। ਕਿਉਂਕਿ ਤੁਸੀਂ ਖੁਸ਼ ਅਤੇ ਜੋਸ਼ ਵਿੱਚ ਮਹਿਸੂਸ ਕਰ ਰਹੇ ਹੋ, ਤੁਸੀਂ ਸਖਤ ਮਿਹਨਤ ਕਰਨ ਵਿੱਚ ਸੰਕੋਚ ਮਹਿਸੂਸ ਨਹੀਂ ਕਰੋਗੇ, ਭਾਵੇਂ ਇਹ ਕੁਝ ਬੇਮਤਲਬ ਦੀਆਂ ਗਤੀਵਿਧੀਆਂ ਜਾਂ ਕੰਮ ਵਿੱਚ ਕਿਉਂ ਨਾ ਹੋਵੇ। ਇਹ ਬਾਗਬਾਨੀ, ਖਾਣਾ ਪਕਾਉਣ, ਬੇਕਿੰਗ ਅਤੇ ਇੱਥੋਂ ਤੱਕ ਕਿ ਵਧੀਆ ਨਿੱਘੇ ਮੇਲ-ਮਿਲਾਪ ਜਿਹੀਆਂ ਗਤੀਵਿਧੀਆਂ ਲਈ ਉੱਤਮ ਦਿਨ ਹੈ। ਸ਼ਾਮ ਦੇ ਸਿਤਾਰੇ ਤੁਹਾਨੂੰ ਬਾਹਰ ਜਾਣ ਅਤੇ ਆਪਣੇ ਪਿਆਰੇ 'ਤੇ - ਭਾਵਨਾ, ਪੈਸੇ ਜਾਂ ਸਮਾਂ ਨਿਛਾਵਰ ਕਰਨ ਲਈ ਪ੍ਰੇਰਿਤ ਕਰ ਰਹੇ ਹਨ।

**ਸਿੰਘ:** ਵਿਕਰੀਆਂ ਅਤੇ ਬਾਜ਼ਾਰੀਕਰਨ ਸੰਬੰਧਿਤ ਨੌਕਰੀਆਂ ਵਿੱਚ ਸ਼ਾਮਿਲ ਲੋਕ ਅੱਜ ਉਤਪਾਦਕ ਬੈਠਕਾਂ ਵਿੱਚ ਭਾਗ ਲੈਣਗੇ ਅਤੇ ਪ੍ਰਭਾਵੀ ਪੇਸ਼ਕਾਰੀਆਂ ਕਰਨਗੇ। ਹਾਲਾਂਕਿ, ਯਾਤਰਾ ਵਿੱਚ ਦੇਰੀਆਂ ਦੀ ਸੰਭਾਵਨਾ ਹੈ। ਇਹ ਤੁਹਾਡੀਆਂ ਬੁਨਿਆਦੀ ਸਮਰੱਥਾਵਾਂ ਨੂੰ ਪਛਾਣਨ ਦਾ ਉੱਤਮ ਸਮਾਂ ਹੈ। ਤੁਸੀਂ ਅਗਲੇ 2-3 ਦਿਨਾਂ ਵਿੱਚ ਆਪਣੀ ਕੀਮਤ ਸਾਬਿਤ ਕਰ ਪਾਓਗੇ।

**ਕੰਨਿਆ :** ਅੱਜ ਪਰਿਵਾਰਿਕ ਮਾਮਲੇ ਹਾਵੀ ਰਹਿਣਗੇ। ਉਹ ਬਾਕੀ ਸਭ ਕੁਝ ਭੁਲਾਉਂਦੇ ਹੋਏ ਤੁਹਾਡੇ ਵਿਚਾਰਾਂ ਨੂੰ ਵੀ ਨਿਯੰਤਰਿਤ ਕਰਨਗੇ। ਚੀਜ਼ਾਂ ਵਪਾਰਕ ਪੱਖੋਂ ਵਧੀਆ ਰਹਿਣਗੀਆਂ। ਤੁਸੀਂ ਸ਼ਾਮ ਨੂੰ ਆਰਾਮ ਕਰਨ ਵਿੱਚ ਸਮਾਂ ਬਿਤਾ ਸਕਦੇ ਹੋ। ਧਾਰਮਿਕ ਥਾਂ 'ਤੇ ਯਾਤਰਾ ਹੋਣ ਦੀ ਸੰਭਾਵਨਾ ਹੈ।

**ਤੁਲਾ :** ਅੱਜ ਅਜਿਹਾ ਦਿਨ ਹੈ ਜਦੋਂ ਤੁਸੀਂ ਆਪਣੇ ਪਰਿਵਾਰ ਦੇ ਜੀਆਂ ਨਾਲ ਖੁਸ਼ੀ ਭਰੇ ਪਲ ਬਿਤਾਓਗੇ। ਤੁਸੀਂ ਖੁਸ਼ ਮਹਿਸੂਸ ਕਰੋਗੇ ਅਤੇ ਤੁਹਾਨੂੰ ਆਪਣੇ ਪਿਆਰੇ ਨਾਲ ਕੁਝ ਰੋਮਾਂਟਿਕ ਸਮਾਂ ਬਿਤਾਉਣ ਨੂੰ ਮਿਲੇਗਾ। ਤੁਹਾਡੀਆਂ ਅੰਦਰੂਨੀ ਭਾਵਨਾਵਾਂ ਤੁਹਾਡੇ ਜੀਵਨ ਸਾਥੀ ਦੇ ਅੰਦਰੂਨੀ ਵਿਚਾਰਾਂ ਵਿੱਚ ਦਿਖਾਈ ਦੇਣਗੀਆਂ, ਅਤੇ ਅੱਜ ਤੁਸੀਂ ਦੋਨੋਂ ਇੱਕ ਦੂਜੇ ਦੇ ਨਾਲ-ਨਾਲ ਹੋਵੋਗੇ। ਨੇੜਤਾ ਦੇ ਇਹਨਾਂ ਸੁਹਾਵਨੇ ਪਲਾਂ ਦਾ ਆਨੰਦ ਮਾਣੋ।

**ਵ੍ਰਿਸ਼ਚਿਕ :** ਅਸੀਂ ਆਪਣੀ ਸਿਹਤ ਨੂੰ ਸਭ ਤੋਂ ਜ਼ਿਆਦਾ ਨਜ਼ਰਅੰਦਾਜ਼ ਕਰਦੇ ਹਾਂ। ਹਾਲਾਂਕਿ, ਅੱਜ ਤੁਸੀਂ ਅਜਿਹਾ ਨਹੀਂ ਕਰ ਪਾਓਗੇ। ਤੁਹਾਡੀ ਸਿਹਤ ਵੱਲ ਕਾਫੀ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਤੁਸੀਂ ਬਿਮਾਰੀ/ਬਿਮਾਰੀਆਂ ਤੋਂ ਪੀੜ੍ਹਤ ਹੋ ਸਕਦੇ ਹੋ। ਸਿਹਤਮੰਦ ਭੋਜਨ ਅਤੇ ਲਗਾਤਾਰ ਕਸਰਤ ਨੂੰ ਆਪਣੇ ਰੁਟੀਨ ਵਿੱਚ ਨਿਯਮਿਤ ਤੌਰ ਤੇ ਸ਼ਾਮਿਲ ਕਰਨ ਦੀ ਕੋਸ਼ਿਸ਼ ਕਰੋ।

**ਧਨੁ :** ਮੁਸ਼ਕਿਲ ਸਮਾਂ ਹਮੇਸ਼ਾ ਨਹੀਂ ਰਹਿੰਦਾ, ਪਰ ਬਹਾਦਰ ਲੋਕ ਹਮੇਸ਼ਾ ਲਈ ਰਹਿੰਦੇ ਹਨ, ਇਸ ਗੱਲ ਨੂੰ ਯਾਦ ਰੱਖੋ ਅਤੇ ਜੀਵਨ ਵਿੱਚ ਅੱਗੇ ਵਧੋ। ਆਪਣੇ ਆਸ਼ਾਵਾਦੀ ਰਵਈਏ ਨਾਲ ਗੁੰਝਲਦਾਰ ਜੀਵਨ ਨੂੰ ਆਸਾਨ ਬਣਾਉਣ ਦੀ ਕੋਸ਼ਿਸ਼ ਕਰੋ। ਜਦੋਂ ਲੋੜ ਹੋਵੇ ਉਦੋਂ ਬੋਲੋ ਅਤੇ ਬੇਲੋੜੇ ਤਣਾਅ ਨਾਲ ਢੇਰੀ ਨਾ ਢਾਹੋ।

**ਮਕਰ :** ਤੁਸੀਂ ਬਹੁਤ ਸਾਰੇ ਭਾਵਨਾਤਮਕ ਬੇਵਕੂਫਾਂ ਬਾਰੇ ਸੁਣਿਆ ਹੋਵੇਗਾ ਜੋ ਭਾਵਨਾਵਾਂ ਨੂੰ ਆਪਣੇ ਜੀਵਨ 'ਤੇ ਹਾਵੀ ਹੋਣ ਦਿੰਦੇ ਹਨ। ਉਹਨਾਂ ਜਿਹਾ ਨਾ ਬਣਨ ਦੀ ਕੋਸ਼ਿਸ਼ ਕਰੋ, ਅਤੇ ਜੇ ਇਹ ਬਹੁਤ ਮੁਸ਼ਕਿਲ ਕੰਮ ਹੈ ਤਾਂ ਘੱਟੋ ਘੱਟ ਉਹਨਾਂ ਜਿਹਾ ਨਾ ਦਿਖਣ ਦੀ ਕੋਸ਼ਿਸ਼ ਕਰੋ, ਕਿਉਂਕਿ ਤੁਹਾਡੀਆਂ ਭਾਵਨਾਵਾਂ ਵਿੱਚ ਵਹਿ ਜਾਣਾ ਤੁਹਾਨੂੰ ਬੁਰੀ ਸਥਿਤੀ ਵਿੱਚ ਪਾ ਸਕਦਾ ਹੈ। ਦੂਸਰੇ ਸ਼ਬਦਾਂ ਵਿੱਚ, ਤੁਹਾਡੀਆਂ ਭਾਵਨਾਵਾਂ ਤੁਹਾਡੀ ਸਫਲਤਾ ਦੇ ਰਾਹ ਵਿੱਚ ਆ ਸਕਦੀਆਂ ਹਨ। ਇਸ ਸਮੱਸਿਆ ਦਾ ਹੱਲ ਸ਼ਾਂਤ ਰਹਿਣਾ ਅਤੇ ਮੌਕਾਪ੍ਰਸਤ ਵਿਅਕਤੀ ਨੂੰ ਇਹ ਸੋਚਣ ਦੇਣਾ ਹੈ ਕਿ ਤੁਹਾਨੂੰ ਹਰਾਉਣਾ ਮੁਸ਼ਕਿਲ ਕੰਮ ਹੈ।

**ਕੁੰਭ :** ਆਪਣੇ ਮੁੱਖ ਵਿਰੋਧੀਆਂ ਨੂੰ ਚੇਤਾਵਨੀ ਦਿਓ ਕਿਉਂਕਿ ਤੁਸੀਂ ਆਪਣੇ ਆਪ ਨੂੰ ਸਾਬਿਤ ਕਰਨ ਅਤੇ ਉਹਨਾਂ ਦੇ ਪੈਸੇ ਲਈ ਉਹਨਾਂ ਨੂੰ ਚੁਣੌਤੀ ਦੇਣ ਦੇ ਮੂਡ ਵਿੱਚ ਹੋਵੋਗੇ। ਸ਼ੱਕ ਅਤੇ ਰੋਕ-ਟੋਕ - ਸਭ ਹਵਾ ਵਿੱਚ ਗਾਇਬ ਹੋ ਜਾਣਗੇ, ਅਤੇ ਤੁਸੀਂ ਆਪਣੀ ਛਾਪ ਛੱਡਣ ਲਈ ਦ੍ਰਿੜ੍ਹ ਹੋਵੋਗੇ। ਜਦਕਿ ਸਫਲਤਾ ਦੇ ਤੁਹਾਡੇ ਰਸਤੇ 'ਤੇ ਤੁਸੀਂ ਕਈ ਲੋਕਾਂ ਦਾ ਦਿਲ ਜਿੱਤੋਗੇ।

**ਮੀਨ :** ਇਸ ਦੀ ਬਹੁਤ ਸੰਭਾਵਨਾ ਹੈ ਕਿ ਪੈਸੇ ਦੇ ਪੱਖੋਂ ਤੁਹਾਡਾ ਦਿਨ ਲਾਭਕਾਰੀ ਹੋਵੇਗਾ। ਵਪਾਰ ਜਾਂ ਇੱਥੋਂ ਤੱਕ ਕਿ ਵਿਦੇਸ਼ੀ ਨਿਵੇਸ਼ਾਂ ਤੋਂ ਪੈਸਾ ਕਮਾਇਆ ਜਾ ਸਕਦਾ ਹੈ। ਵਧੀਆ ਜਨਤਕ ਰਿਸ਼ਤਿਆਂ ਅਤੇ ਨੈੱਟਵਰਕਿੰਗ ਲਈ ਤੁਹਾਡਾ ਖਾਸ ਤਰੀਕਾ ਤੁਹਾਡੇ ਲਈ ਲਾਭ ਲੈ ਕੇ ਆਵੇਗਾ, ਅਤੇ ਵਧੀਆ ਸੌਦੇ ਦੂਰ ਦੇ ਅਤੇ ਉਮੀਦ ਨਾ ਕੀਤੇ ਸਰੋਤਾਂ ਤੋਂ ਆਉਣਗੇ। ਲਾਭ ਚੁੱਕੋ ਅਤੇ ਆਪਣੇ ਰਿਸ਼ਤਿਆਂ ਦੀ ਪੂਰੀ ਵਰਤੋਂ ਕਰੋ।

# ਤੀਆਂ ਦਾ ਕੱਚ-ਸੱਚ

(ਚਰਨਜੀਤ ਕੌਰ)



ਪੰਜਾਬ ਦੀਆਂ ਔਰਤਾਂ ਦਾ ਪ੍ਰਮੁੱਖ ਤਿਉਹਾਰ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਤੀਆਂ ਸਾਵਨ ਸੁਦੀ 3 ਦਾ ਤਯੋਹਾਰ, ਜਿਸ ਨੂੰ ਖ਼ਾਸ ਕਰਕੇ ਇਸਤ੍ਰੀਆਂ ਮਨਾਉਂਦੀਆਂ ਹਨ ਅਤੇ ਪਿੰਡ ਤੋਂ ਬਾਹਰ ਇਕੱਠੀਆਂ ਹੋ ਕੇ ਪੀਘਾਂ ਝੂਟਦੀਆਂ ਹਨ, ਤੀਜ ਤਿਥਿ ਅਤੇ ਤਿੰਨ ਦਿਨ ਉਤਸਵ ਰਹਿਣ ਕਰਕੇ ਤੀਆਂ ਸੰਗਯਾ ਹੈ, ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਦਾ ਨਾਉਂ "ਗੌਰੀ ਤ੍ਰਿਤੀਯਾ" ਹੈ।ਪਰ ਪੰਜਾਬ ਦੇ ਸੰਦਰਭ ਵਿਚ ਇਹ ਤਿੰਨ ਦਿਨ ਕਿਤੇ ਨਹੀਂ ਮਨਾਇਆ ਜਾਂਦਾ ਸਗੋਂ ਤੇਰਾਂ ਦਿਨਾਂ ਤੇ ਫੈਲਿਆ ਸਮੂਹਿਕ ਤਿਉਹਾਰ ਤੇ ਮੇਲੇ(ਉਤਸਵ)ਦਾ ਸੁਮੇਲ ਹੈ। ਤਿਉਹਾਰ ਆਮ ਕਰਕੇ ਘਰਾਂ ਦੇ ਅੰਦਰ ਮਨਾਏ ਜਾਂਦੇ ਹਨ ਅਤੇ ਮੇਲੇ ਬਾਹਰ ਲਗਦੇ ਹਨ ਪਰ ਇਸ ਤਿਉਹਾਰ ਦੀ ਵਿਸ਼ੇਸ਼ਤਾ ਹੀ ਇਹੀ ਹੈ ਕਿ ਘਰਾਂ ਵਿਚ ਤਿਉਹਾਰ ਦੀ ਤਰ੍ਹਾਂ ਮਨਾਇਆ ਜਾਂਦਾ ਹੈ ਪਰ ਇਸ ਦਾ ਅਸਲ ਕਾਰਜ ਘਰ ਤੋਂ ਬਾਹਰ ਭਾਈਚਾਰੇ ਦੀ ਸਾਂਝੀ ਖੁੱਲ੍ਹੀ ਥਾਂ ਵਿਚ ਹੁੰਦਾ ਹੈ। ਵਣਜਾਰਾ ਬੇਦੀ ਲਿਖਦੇ ਹਨ: "ਤੀਹਾਂ ਦਾ ਤਿਉਹਾਰ ਸਾਵਣ ਦੇ ਚਾਨਣ ਪੱਖ ਦੀ ਤੀਜੀ ਤਿੱਥ ਨੂੰ ਮਨਾਇਆ ਜਾਂਦਾ ਹੈ। ਕਈ ਥਾਈਂ ਇਹ ਤਿਉਹਾਰ ਤੀਜ ਨੂੰ ਸ਼ੁਰੂ ਹੋ ਕੇ ਪੂਰਨਮਾਸ਼ੀ ਤਕ ਚਲਦਾ ਹੈ।ਇਹ ਨਿਰੋਲ ਪ੍ਰਾਕਿਰਤਕ ਤਿਉਹਾਰ ਹੈ ਅਤੇ ਇਸ ਦਿਨ ਕਿਸੇ ਦੇਵੀ ਦੇਵਤੇ ਦੀ ਪੂਜਾ ਨਹੀਂ ਕੀਤੀ ਜਾਂਦੀ। ਮੁਟਿਆਰਾਂ ਪ੍ਰਕਿਰਤੀ ਨਾਲ ਇਕ ਰਸ ਹੋ ਕੇ ਪੀਂਘਾਂ ਝੂਟਦੀਆਂ, ਗਿੱਧੇ ਪਾਉਂਦੀਆਂ ਤੇ ਗੀਤ ਗਾਉਂਦੀਆਂ ਹਨ। ਮੌਸਮ ਸੁਹਾਵਣਾ ਹੋਣ ਕਰਕੇ ਭਾਵਾਂ ਨੂੰ ਜੀਭਾਂ ਲੱਗ ਜਾਂਦੀਆਂ ਹਨ। ਪੰਜਾਬ ਤੋਂ ਬਾਹਰ ਤੀਹਾਂ ਨਰੋਲ ਪ੍ਰਾਕ੍ਰਿਤਕ ਤਿਉਹਾਰ ਨਹੀਂ।ਰਾਜਸਥਾਨ ਵਿਚ ਇਸ ਦਿਨ ਤੀਵੀਆਂ ਗੌਰੀ ਦੀ ਮੂਰਤੀ ਪੂਜਦੀਆਂ ਤੇ ਵਰਤ ਰਖਦੀਆਂ ਹਨ। ਸੱਤੂ ਨੂੰ ਸੇਕ ਕੇ ਮੋਟਾ ਪਿੰਡ ਬਣਾਇਆ ਜਾਂਦਾ ਹੈ। ਰਾਤ ਨੂੰ ਚੰਨ ਦੇ ਦਰਸ਼ਨ ਕਰਨ ਮਗਰੋਂ, ਉਸ ਨੂੰ ਛੁਰੀ ਨਾਲ ਕੱਟ ਕੇ ਤੇ ਨਿੰਬੂ ਦਾ ਰਸ ਧੂੜ ਕੇ ਪਤੀ-ਪਤਨੀ ਇਕੱਠੇ ਖਾਂਦੇ ਹਨ। ਪਰ ਪੰਜਾਬ ਵਿਚ ਤੀਹਾਂ ਨਾਲ ਕੋਈ ਧਾਰਮਿਕ ਕਰਮ ਕਾਂਡ ਨਹੀਂ ਜੋੜਿਆ ਗਿਆ। ਇਸ ਤਿੱਥ ਨੂੰ ਸੁੰਦਰ ਤੇ ਰੰਗ ਬਿਰੰਗੇ ਕੱਪੜੇ ਪਹਿਨ ਕੇ ਕੁੜੀਆਂ ਚਿੜੀਆਂ ਤੇ ਮੁਟਿਆਰਾਂ ਪਿੱਪਲਾਂ ਤੇ ਬਰੋਟਿਆਂ ਉੱਤੇ ਪੀਂਘਾਂ ਪਾਉਂਦੀਆਂ ਹਨ ਅਤੇ ਗੀਤਾਂ ਦੀ ਮਧੁਰ ਧੁਨੀ ਵਿਚ ਪੀਂਘਾਂ ਝੂਟਦੀਆਂ ਹਨ। ਨਵੀਆਂ ਵਿਆਹੀਆਂ ਮੁਟਿਆਰਾਂ ਪਹਿਲੀ ਤੀਜ ਪੇਕੇ ਆ ਕੇ ਮਨਾਂਦੀਆਂ ਹਨ, ਕਿਉਂ ਜੋ ਉਹ ਪੇਕਿਆਂ ਦੇ ਖੁਲੇ-ਡੁਲ੍ਹੇ ਵਾਤਾਵਰਨ ਵਿਚ ਖੁੱਲ੍ਹ ਕੇ ਨੱਚ ਟੱਪ ਸਕਦੀਆਂ ਹਨ। ਇਨ੍ਹੀਂ ਦਿਨੀਂ ਪਿੱਪਲਾਂ ਹੇਠ ਗਿੱਧੇ ਪੈਂਦੇ ਹਨ, ਜਿਨ੍ਹਾਂ ਨੂੰ "ਤੀਹਾਂ" ਦੇ ਗਿੱਧੇ ਕਿਹਾ ਜਾਂਦਾ ਹੈ। ਤੀਆਂ ਦਾ ਸਬੰਧ ਸਾਉਣ ਮਹੀਨੇ ਦੀ ਤੀਜ ਨਾਲ, ਪ੍ਰਕਿਰਤੀ ਨਾਲ, ਚੰਦ੍ਰਮਾ ਨਾਲ ਅਤੇ ਗੌਰੀ ਪੂਜਾ ਨਾਲ ਵੀ ਜੁੜਦਾ ਹੈ। ਵਣਜਾਰਾ ਬੇਦੀ ਤੀਆਂ ਨੂੰ ਪੰਜਾਬ ਤੋਂ ਬਾਹਰ ਹੀ ਗੌਰੀ ਪੂਜਾ ਨਾਲ ਜੋੜਦੇ ਹਨ ਕਿਉਂਕਿ ਪੰਜਾਬ ਵਿਚ ਕਿਸੇ ਦੇਵੀ ਦੇਵਤੇ ਦੀ ਪੂਜਾ ਨਹੀਂ ਕੀਤੀ ਜਾਂਦੀ ਇਸ ਲਈ ਉਹ ਪੰਜਾਬ ਵਿਚ ਇਸ ਨੂੰ ਪ੍ਰਕਿਰਤੀ ਨਾਲ ਹੀ ਜੋੜਦੇ ਹਨ। ਔਰਤ ਮਰਦ ਦਾ ਇਕੱਠਿਆਂ ਸੱਤੂ ਦੇ ਪਿੰਡ ਤੇ ਨਿੰਬੂ ਦਾ ਰਸ ਧੂੜ ਕੇ ਖਾਣਾ ਇਸ ਤਿਉਹਾਰ ਨੂੰ ਮਨੁੱਖੀ ਪ੍ਰਜਣਨਤਾ ਨਾਲ ਹੀ ਜੋੜਦਾ ਹੈ ਕਿਉਂਕਿ ਗਰਭ ਅਵਸਥਾ ਉਪਰੰਤ ਔਰਤ ਦਾ ਖੱਟਾ ਖਾਣ ਨੂੰ ਮਨ ਕਰਦਾ ਹੈ। ਪੰਜਾਬ ਕੋਸ਼ ਅਨਸਾਰ ਪੰਜਾਬ ਦਾ ਇਕ ਮੌਸਮੀ ਤਿਉਹਾਰ ਹੈ ਜਿਹੜਾ ਸਾਵਨ ਦੇ ਚਾਨਣ ਪੱਖ ਦੀ ਤੀਜੀ ਤਿੱਥ ਨੂੰ ਮਨਾਇਆ ਜਾਂਦਾ ਹੈ ਅਤੇ ਕੁੜੀਆਂ (ਵਿਆਹੀਆਂ ਅਤੇ ਕੁਆਰੀਆਂ) ਇਸ ਦਿਨ ਨੱਚ ਗਾ ਕੇ ਆਪਣੇ ਮਨ ਦੀਆਂ ਸਧਰਾਂ ਨੂੰ ਖੁਲ੍ਹ ਕੇ ਪ੍ਰਗਟ ਕਰਦੀਆਂ ਹਨ। ਮਰਦਾਂ ਨੂੰ ਇਸ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ ਪਰ ਉਹ ਲੁਕ ਛਿਪ ਕੇ ਦੂਰੋਂ ਦੂਰੋਂ ਹੀ ਇਸ ਦੀ ਰੌਣਕ ਦਾ ਅਨੰਦ ਮਾਣਦੇ ਹਨ।ਤੀਆਂ ਆਰੰਭ ਹੋਣ ਤੋਂ ਪਹਿਲਾਂ ਭਰਾ ਆਪਣੀਆਂ ਭੈਣਾਂ ਨੂੰ ਸਹੁਰੇ ਘਰੋਂ ਲੈ ਆਉਂਦੇ ਹਨ ਪਰ ਜਿਹੜੀਆਂ ਕੁੜੀਆਂ ਆਪਣੀ ਕਿਸੇ ਪਰਿਵਾਰਕ ਮਜਬੂਰੀ ਕਾਰਨ ਪੇਕੇ ਨਹੀਂ ਆ ਸਕਦੀਆਂ ਉਨ੍ਹਾਂ ਨੂੰ ਪੇਕੇ "ਸੰਧਾਰਾ" ਭੇਜਦੇ ਹਨ ਜਿਸ ਵਿਚ ਮਹਿੰਦੀ, ਵੰਗਾਂ, ਪਰਾਂਦਾ ਅਤੇ ਕਈ ਵਾਰੀ ਸੋਨੇ ਜਾਂ ਚਾਂਦੀ ਦਾ ਕੋਈ ਜ਼ੇਵਰ ਵੀ ਸ਼ਾਮਲ ਹੁੰਦਾ ਹੈ। ਅਣਮੁਕਲਾਈਆਂ ਕੁੜੀਆਂ ਨੂੰ ਉਨ੍ਹਾਂ ਦੇ ਸਹੁਰੇ ਘਰੋਂ "ਸੰਧਾਰਾ" ਆਉਂਦਾ ਹੈ। ਪੱਛਮੀ ਪੰਜਾਬ ਵਿਚ ਇਸ ਨੂੰ "ਸਾਵਾ" ਕਿਹਾ ਜਾਂਦਾ ਹੈ ਜਿਸ ਦਾ ਅਰਥ ਹਰਾ ਹੈ। ਸਾਵਣ ਦੀ ਹਰਿਆਲੀ ਨਾਲ ਸਬੰਧਤ ਹੋਣ ਕਰ ਕੇ ਇਸ ਦਿਨ "ਸਾਵੇ" ਨਾਲ ਸਬੰਧਤ ਗੀਤ ਗਾਏ ਜਾਂਦੇ ਹਵਾਲਿਆਂ ਵਿਚ ਔਰਤਾਂ ਦੇ ਨੱਚਣ ਗਾਉਣ ਅਤੇ ਪੀਂਘਾਂ ਝੂਟਣ ਸਬੰਧੀ ਦੱਸਿਆ ਗਿਆ ਹੈ। ਇਸੇ ਤਰ੍ਹਾਂ ਹੀ ਪੰਜਾਬੀ ਕੋਸ਼ ਵਿਚ ਜੋ ਇੰਦਰਾਜ਼ ਹੈ, ਉਸ "ਤੇ ਵੀ ਨਜ਼ਰ ਮਾਰ ਲੈਣੀ ਠੀਕ ਹੋਵੇਗੀ "(ਤੀਜ ਸੰ.ਤ੍ਰਿਤਯ)ਇ. ਸਾਉਣ ਸੁਧੀ ਤੀਜ ਤੋਂ ਸ਼ੁਰੂ ਹੋਣ ਵਾਲਾ ਤੀਵੀਆਂ ਦਾ ਇਕ ਤਿਉਹਾਰ ਜਿਸ ਵਿਚ ਮੁਟਿਆਰਾਂ ਪੀਂਘਾਂ ਝੂਟਦੀਆਂ ਗਾਉਂਦੀਆਂ ਅਤੇ ਨਚਦੀਆਂ ਹਨ, ਸਾਵੇ(ਬਿ.)ਕਿਤੇ ਕਿਤੇ ਇਹ ਤਿਉਹਾਰ ਸਾਉਣ ਮਹੀਨੇ ਦੇ ਹਰ ਐਤਵਾਰ ਨੂੰ ਮਨਾਇਆ ਜਾਂਦਾ ਹੈ।ਇਹ ਸਮੇਂ ਦੀ ਘਾਟ ਕਾਰਨ ਆਈ ਤਬਦੀਲੀ ਵੀ ਹੋ ਸਕਦੀ ਹੈ। ਤੀਆਂ ਸਬੰਧੀ ਗਿਆਨੀ ਗੁਰਦਿੱਤ ਸਿੰਘ ਨੇ ਮੇਰਾ ਪਿੰਡ ਪੁਸਤਕ ਕੇਵਲ ਤੀਆਂ ਦੇ ਅਖੀਰਲੇ ਦਿਨ ਕੀਤੀ ਜਾਂਦੀ ਰਸਮ ਵੱਲ ਵੀ ਧਿਆਨ ਦਿਵਾਇਆ ਹੈ :"ਇਕ ਕੁੜੀ ਨੂੰ ਲਾੜੀ, ਦੂਜੀ ਨੂੰ ਲਾੜਾ ਬਣਾ ਕੇ ਚੰਗੇ ਵਿਆਹ ਵਾਲਿਆਂ ਦੀਆਂ, ਪੂਰੀਆਂ ਰਸਮਾਂ ਰੀਤਾਂ ਕੀਤੀਆਂ ਜਾਂਦੀਆਂ ਹਨ। ਜੰਞ ਦੇ ਢੁਕਾਓ ਵੇਲੇ ਕੁੜੀਆਂ ਦੀ ਇਕ ਢਾਣੀ ਮੂੰਹ ਨਾਲ ਵਾਜੇ ਵਜਾਉਂਦੀ ਜੰਞ ਮੂਹਰੇ ਨੱਚਦੀ ਟੱਪਦੀ ਜਾਂਦੀ ਹੈ। ਢੁਕਾ ਹੋਣ ਵੇਲੇ ਪੈਸਿਆਂ ਟੱਕਿਆਂ ਦੀ ਥਾਂ ਠੀਕਰੀਆਂ ਦੇ ਗੋਲ ਮੋਲ ਬਣਾਏ ਟਹੂਆਂ ਦੀ ਸਿੱਟ ਕੀਤੀ ਜਾਂਦੀ ਹੈ।ਵਿਆਹ ਦੀਆਂ ਰਸਮਾਂ ਪਿਛੋਂ ਜੰਞ ਦੀ ਵਿਦਾਇਗੀ ਵੇਲੇ ਪੈਸਿਆਂ ਦੀ ਥਾਂ ਠੀਕਰੀਆਂ ਤੇ ਰੋੜ "ਸ਼ਗਨਾਂ ਭਰੇ" ਡੋਲੇ ਉਤੋਂ ਦੀ ਸੁੱਟੇ ਜਾਂਦੇ ਹਨ। ਇਨ੍ਹਾਂ ਠੀਕਰੀਆਂ ਨੂੰ ਹੱਲੇ ਨਾਲ ਚੁਗਣ ਨੂੰ "ਤੀਆਂ ਲੁੱਟਣਾ" ਕਿਹਾ ਜਾਂਦਾ ਹੈ। ਕੁੜੀਆਂ ਦੀ ਇਕ ਢਾਣੀ ਡਾਂਗਾ ਤੇ ਹਥਿਆਰ ਲੈ ਕੇ ਡਾਕੂਆਂ ਵਾਂਗ ਜੰਞ ਦਾ ਰਾਹ ਰੋਕਣ ਲਈ ਪਹਿਲਾਂ ਹੀ ਤਿਆਰ ਖੜੀ ਹੁੰਦੀ ਹੈ। ਜੰਞ ਤੋਂ ਡੋਲਾ ਖੋਹ ਲੈਣਾ, ਜਾਂ ਲੁੱਟ ਮਚਾ ਦੇਣੀ, ਇਹ ਤੀਆਂ ਦੀ ਅੰਤਮ ਰਸਮ ਹੈ।ਪੰਜਾਬ ਵਿਚ ਮਿੱਥ ਇਹ ਵੀ ਹੈ ਕਿ ਤੀਆਂ ਅਹਿਮਦ ਸ਼ਾਹ ਅਬਦਾਲੀ ਨੇ ਲਗਾਉਣੀਆਂ ਸ਼ੁਰੂ ਕੀਤੀਆਂ। ਉਸ ਦੇ ਹੁਕਮ ਅਨੁਸਾਰ ਸੋਹਣੀਆਂ ਕੁੜੀਆਂ ਸਜ-ਸੰਵਰ ਕੇ ਤੀਆਂ ਵਿਚ ਆਉਂਦੀਆਂ ਤਾਂ ਉਹ ਸਭ ਤੋਂ ਸੋਹਣੀਆਂ ਕੁੜੀਆਂ ਨੂੰ ਨਿਸ਼ਾਨੀ ਵਜੋਂ ਚੂੜੀਆਂ ਪਾ ਜਾਂਦਾ ਅਤੇ ਕੁਝ ਦਿਨਾਂ ਬਾਅਦ ਰਾਣੀਆਂ/ਬਾਂਦੀਆਂ ਬਣਾਉਣ ਲਈ ਲੈ ਜਾਂਦਾ। ਸਿੱਖਾਂ ਨੇ ਆਪਣੇ ਘਰਾਂ ਦੀਆਂ ਧੀਆਂ-ਭੈਣਾਂ ਦਾ ਤੀਆਂ ਵਿਚ ਜਾਣਾ ਬੰਦ ਕਰ ਦਿੱਤਾ। ਇਸ ਦੇ ਨਾਲ ਹੀ ਹੱਥਾਂ ਵਿਚ ਚੂੜੀਆਂ ਪਾਉਣ ਦੀ ਮਨਾਹੀ ਕਰ ਦਿੱਤੀ ਕਿਉਂਕਿ ਇਹ ਮੁਗਲਾਂ ਦੀ ਅਧੀਨਗੀ ਦਾ ਚਿੰਨ੍ਹ ਸੀ। ਇਸ ਗੱਲ ਦਾ ਇਤਿਹਾਸਕ ਆਧਾਰ ਕਿੰਨਾ ਕੁ ਹੈ, ਇਹ ਗੱਲ ਖੋਜ ਦੀ ਮੰਗ ਕਰਦੀ ਹੈ ਪਰ ਇਕ ਗੱਲ ਪੱਕੀ ਹੈ ਕਿ ਹਿੰਦੁਸਤਾਨ ਵਿਚ ਤੀਆਂ ਮੁਗਲ ਕਾਲੋਂ ਪਹਿਲਾਂ ਵੀ ਮਨਾਈਆਂ ਜਾਂਦੀਆਂ ਸਨ। ਹੋ ਸਕਦਾ ਹੈ ਕਿ ਤੀਆਂ ਵਿਚ ਇਕੱਠੀਆਂ ਸਜੀਆਂ/ਸੰਵਰੀਆਂ ਕੁੜੀਆਂ ਦੇਖ ਕੇ ਮੁਗਲਾਂ ਨੇ ਅਜਿਹੇ ਧੱਕੇ ਕੀਤੇ ਹੋਣਗੇ ਅਤੇ ਮਰਦਾਂ ਨੇ ਰਾਜਸੱਤਾ ਨਾਲ ਲੜਾਈ ਲੈਣ ਦੀ ਬਜਾਏ ਔਰਤਾਂ ਨੂੰ ਘਰਾਂ ਅੰਦਰ ਡੱਕ ਲਿਆ ਹੋਵੇ।

ਪੰਜਾਬੀ ਵਿਰਸਾ ਕੋਸ਼ ਵਿਚ ਤੀਆਂ ਬਾਰੇ ਲਿਖਿਆ ਹੈ: "ਇਸਤਰੀਆਂ ਦੇ ਸਾਉਣ ਮਹੀਨੇ ਦੀ ਤੀਜ ਨੂੰ ਸ਼ੁਰੂ ਹੋਣ ਵਾਲੇ ਇਕ ਮੁੱਖ ਤਿਉਹਾਰ ਨੂੰ ਤੀਆਂ ਕਹਿੰਦੇ ਹਨ। ਇਹ ਤਿਉਹਾਰ ਪੰਦਰਾਂ ਦਿਨ ਚੱਲਦਾ ਹੈ। ਪੂਰਨਮਾਸ਼ੀ ਵਾਲੇ ਦਿਨ ਤੱਕ ਮਨਾਇਆ ਜਾਂਦਾ ਹੈ। ਪੂਰਨਮਾਸ਼ੀ ਦੀ ਸ਼ਾਮ ਨੂੰ ਤੀਆਂ ਖਤਮ ਹੁੰਦੀਆਂ ਹਨ। ਤੀਆਂ ਸਮਾਪਤ ਹੋਣ ਦੀ ਰਸਮ ਨੂੰ ਤੀਆਂ ਦਾ ਭੋਗ ਪਾਉਣਾ ਕਿਹਾ ਜਾਂਦਾ ਹੈ। ਬਲੋ ਪਾਉਣੀ ਕਿਹਾ ਜਾਂਦਾ ਹੈ। ਤੀਆਂ ਤੋਂ ਇਕ ਦਿਨ ਪਹਿਲਾਂ ਦੂਜ ਨੂੰ ਇਸਤਰੀਆਂ, ਮੁਟਿਆਰਾਂ, ਕੁੜੀਆਂ ਬੱਚੇ ਸਾਰੇ ਮਹਿੰਦੀ ਲਾਉਂਦੇ ਸਨ। ਮੁਟਿਆਰਾਂ ਵੰਗਾਂ ਚੜ੍ਹਾਉਂਦੀਆਂ ਸਨ। ਜਿਹੜੀਆਂ ਨਵੀਆਂ ਵਿਆਹੀਆਂ ਮੁਟਿਆਰਾਂ ਆਪਣੇ ਸਹੁਰੀਂ ਗਈਆਂ ਹੁੰਦੀਆਂ ਸਨ, ਤੀਆਂ ਵੇਲੇ ਉਨ੍ਹਾਂ ਦੇ ਵੀਰ ਉਨ੍ਹਾ ਨੂੰ ਲੈ ਕੇ ਆਉਂਦੇ ਹੁੰਦੇ ਸਨ। ਇਕ ਧਾਰਨਾ ਇਹ ਵੀ ਸੀ ਕਿ ਨਵੀਆਂ ਵਿਆਹੀਆਂ ਨੂੰਹਾਂ ਤੇ ਸੱਸਾਂ ਦਾ ਸਾਉਣ ਮਹੀਨੇ ਵਿਚ ਇਕੱਠਾ ਰਹਿਣਾ ਕਰੋਪੀ ਮੰਨਿਆ ਜਾਂਦਾ ਸੀ। ਮਾੜਾ ਮੰਨਿਆ ਜਾਂਦਾ ਸੀ। ਇਸ ਲਈ ਨਵੀਆਂ ਵਿਆਹੀਆਂ ਮੁਟਿਆਰਾਂ ਪਹਿਲਾ ਸਾਉਣ ਮਹੀਨਾ ਆਪਣੇ ਪੇਕੇ ਘਰ ਕੱਟਦੀਆਂ ਹੁੰਦੀਆਂ ਸਨ।ਤੀਆਂ ਅਸਲ ਵਿਚ ਕੁੜੀਆਂ ਦਾ ਮੇਲ-ਮਿਲਾਪ ਦਾ ਤਿਉਹਾਰ ਹੁੰਦਾ ਸੀ। ਤੀਆਂ ਵਿਚ ਖੀਰ, ਕੜਾਹ, ਪੂੜੇ, ਗੁਲਗੁਲੇ ਆਦਿ ਪਕਾਏ ਜਾਂਦੇ ਸਨ।ਤੀਆਂ ਵਿਚ ਪਿੱਪਲ, ਬਰੋਟੇ, ਨਿੰਮਾਂ ਆਦਿ ਦੇ ਰੁੱਖਾਂ ਤੇ ਪੀਂਘਾਂ ਪਾ ਕੇ ਝੂਟਿਆ ਜਾਂਦਾ ਸੀ। ਮੁਟਿਆਰਾਂ ਗਿੱਧਾ ਪਾਉਂਦੀਆਂ ਸਨ। ਨੱਚਦੀਆਂ ਸਨ। ਬੋਲੀਆਂ ਪਾਉਂਦੀਆਂ ਸਨ।" ਪੰਜਾਬੀਆਂ ਦੇ ਜ਼ਿਆਦਾਤਰ ਤਿਉਹਾਰ ਚੰਦ੍ਰਮਾ ਦੀਆਂ ਤਿਥਾਂ ਅਨੁਸਾਰ ਮਨਾਏ ਜਾਂਦੇ ਹਨ। ਤੀਆਂ ਵੀ ਚੰਦ੍ਰਮਾ ਦੀਆਂ ਤਿਥਾਂ ਅਨੁਸਾਰ ਮਨਾਇਆ ਜਾਣ ਵਾਲਾ ਔਰਤਾਂ ਦਾ ਤਿਉਹਾਰ ਹੈ ਜੋ ਸਾਵਣ ਮਹੀਨੇ ਦੇ ਚੰਦ੍ਰਮਾ ਦੇ ਚੜ੍ਹਦੇ ਪੱਖ ਵਿਚ ਮਨਾਇਆ ਜਾਂਦਾ ਹੈ। ਪੰਜਾਬ ਵਿਚ ਜਿਵੇਂ ਪਹਿਲਾ ਜਾਪਾ ਪੇਕੇ ਕੱਟਣ ਦੀ ਰੀਤ ਪ੍ਰਚੱਲਤ ਰਹੀ ਹੈ, ਉਸੇ ਤਰ੍ਹਾਂ ਹੀ ਵਿਆਹ ਉਪਰੰਤ ਪਹਿਲੀਆਂ ਤੀਆਂ ਹਰ ਹਾਲਤ ਵਿਚ ਪੇਕੇ ਪਿੰਡ ਰਹਿਣ ਦੀ ਰੀਤ ਰਹੀ ਹੈ। ਇਕ ਦੋ ਸਾਲ ਤਾਂ ਇਹ ਰੀਤ ਨਿਭਦੀ ਰਹੀ ਪਰ ਤੋਂ ਬਾਅਦ ਸਹੁਰੇ ਘਰ ਦੀਆਂ ਲੋੜਾਂ ਅਨੁਸਾਰ ਦਿਨਾਂ ਦੀ ਗਿਣਤੀ ਘਟਦੀ ਰਹੀ ਜਾਂ ਚਿੰਨ੍ਹ ਵਜੋਂ ਸੰਧਾਰੇ ਭੇਜ ਕੇ ਸਾਰਿਆ ਜਾਣ ਲੱਗਾ। ਸਾਉਣ ਮਹੀਨੇ ਵਿਚ ਨੂੰਹ-ਸੱਸ ਦਾ ਮੱਥੇ ਲੱਗਣਾ ਭ ਨਹੀਂ ਸਮਝਿਆ ਜਾਂਦਾ ਅਤੇ ਸਾਉਣ ਮਹੀਨੇ ਵਿਚ ਵਿਆਹ ਵੀ ਨਹੀਂ ਕੀਤਾ ਜਾਂਦਾ। ਕਈ ਵਿਦਵਾਨ ਵਿਆਹੀ ਕੁੜੀ ਨੂੰ ਸਾਉਣ ਮਹੀਨੇ ਵਿਚ ਸਹੁਰੇ ਨਾ ਭੇਜਣ ਦਾ ਕਾਰਨ ਇਹ ਵੀ ਸਮਝਦੇ ਹਨ ਕਿ ਸਾਉਣ ਮਹੀਨੇ ਵਿਚ ਗਰਭਵਤੀ ਹੋਈ ਔਰਤ ਵਿਸਾਖ ਮਹੀਨੇ ਵਿਚ ਬੱਚਾ ਪੈਦਾ ਕਰੇਗੀ। ਵਿਸਾਖ ਮਹੀਨੇ ਵਿਚ ਹਾੜੀ ਦੀ ਫਸਲ ਨੂੰ ਦਾਤੀ ਪੈਂਦੀ ਹੈ। ਇਸ ਪਿੱਛੇ ਜੱਚਾ ਔਰਤ ਨੂੰ ਸੰਭਾਲਣ ਦੀ ਮਜਬੂਰੀ ਵੀ ਹੋ ਸਕਦੀ ਹੈ ਪਰ ਮੇਰੀ ਜਾਚੇ ਅਜਿਹਾ ਨਹੀਂ ਸਗੋਂ ਪੁਰਾਣੇ ਜ਼ਮਾਨੇ ਵਿਚ ਪੰਜਾਬ ਦੇ ਕੱਚੇ ਘਰਾਂ ਦੀ ਬਣਤਰ ਵੀ ਇਸ ਦਾਕਾਰਨ ਸੀ। ਘਰਾਂ ਦੀ ਬਣਤਰ ਇਸ ਤਰ੍ਹਾਂ ਹੁੰਦੀ ਸੀ ਕਿ ਜੋੜਿਆਂ ਨੂੰ ਇਕੱਲਿਆਂ ਕਮਰਾ ਦੇਣ ਦਾ ਸੰਕਲਪ ਹੀ ਨਹੀਂ ਸੀ।ਗਰਮੀ ਦੇ ਮੌਸਮ ਵਿਚ ਕੋਠਿਆਂ ਤੇ, ਕੰਧਾਂ ਜਾਂ ਕੰਧੋਲੀਆਂ ਓਹਲੇ ਤਾਰਿਆਂ ਦੀ ਛੱਤ ਹੇਠ ਸੌਣ ਦੀ ਵਿਵਸਥਾ ਹੁੰਦੀ ਸੀ। ਸਿਆਲਾਂ ਵਿਚ ਵੱਡੀਆਂ ਸਬ੍ਹਾਤਾਂ ਵਿਚ ਡੰਗਰ-ਵੱਛਿਆਂ ਸਮੇਤ ਸਾਰਾ ਪਰਿਵਾਰ ਰਲ ਕੇ ਗੁਜ਼ਾਰਾ ਕਰਦਾ ਸੀ। ਸੋ ਸਾਉਣ ਮਹੀਨੇ ਵਿਚ ਮੀਂਹ ਪੈਣ ਸਮੇਂ ਛੱਤਾਂ ਦੀ ਘਾਟ ਇਸ ਲਈ ਮੁਸ਼ਕਲ ਬਣ ਜਾਂਦੀ ਸੀ। ਸਿੱਟੇ ਵਜੋਂ ਨਵੇਂ ਵਿਆਹੇ ਜੋੜਿਆਂ ਨੂੰ ਦੂਰ ਰੱਖਣ ਦੀ ਮਜ਼ਬੂਰੀ ਬਣ ਜਾਂਦੀ ਸੀ। ਹੇਠ ਲਿਖੀ ਬੋਲੀ ਇਸੇ ਦੀ ਸ਼ਾਹਦੀ ਭਰਦੀ ਹੈ :

ਸਾਉਣ ਦੇ ਮਹੀਨੇ ਮੰਜੇ ਡਾਹੀਏ ਨਾ ਵੇ ਜੋੜ ਕੇ
ਚੱਲਣਗੇ ਪਰਨਾਲੇ ਪਾਣੀ ਲੈ ਨਾ ਜਾਵੇ ਰੋੜ੍ਹ ਕੇ।

ਇਹ ਤਿਉਹਾਰ ਵਿਸ਼ੇਸ਼ ਕਰਕੇ ਸੱਜ-ਵਿਆਹੀਆਂ ਪੰਜਾਬੀ ਔਰਤਾਂ ਆਪਣੇ ਪੇਕੇ ਘਰ/ਪਿੰਡ ਵਿਚ ਮਨਾਉਂਦੀਆਂ ਹਨ।ਤੀਆਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਆਹੀਆਂ ਔਰਤਾਂ ਪੇਕੇ ਘਰ ਜਾਣ ਦੀ ਤਿਆਰੀ ਖਿੱਚ ਲੈਂਦੀਆਂ ਅਤੇ ਅਕਸਰ ਵਿਆਹੀਆਂ ਕੁੜੀਆਂ ਨੂੰ ਸਹੁਰਿਆਂ ਤੋਂ ਭਰਾ ਹੀ ਲੈਣ ਜਾਂਦੇ। ਪਤੀ ਤੀਆਂ ਦੇ ਤਿਉਹਾਰ ਸਮੇਂ ਪੇਕੇ ਛੱਡਣ ਨਹੀਂ ਆਉਂਦਾ ਕਿਉਂਕਿ ਭਰਾ ਦਾ ਤੀਆਂ ਦੇ ਤਿਉਹਾਰ ਤੇ ਭੈਣ ਨੂੰ ਲੈਣ ਜਾਣਾ ਭੈਣ ਲਈ ਮਾਣ ਦਾ ਸੂਚਕ ਹੈ। ਏਕਮ ਤੋਂ ਹੀ ਵਿਆਹੀਆਂ ਲੜਕੀਆਂ ਨੂੰ ਵੀਰ ਸਹੁਰਿਆਂ ਤੋਂ ਪੇਕੇ ਲੈ ਕੇ ਆਉਂਦੇ। ਕਈ ਵਾਰ ਸਹੁਰੇ ਨਹੀਂ ਭੇਜਦੇ ਤਾਂ ਪੇਕਿਆਂ ਦਾ ਸੰਧਾਰਾ ਭੇਜ ਦਿੱਤਾ ਜਾਂਦਾ। ਦੂਜ ਵਾਲੇ ਦਿਨ ਕੱਚ ਦੀਆਂ ਵੰਗਾਂ/ਚੂੜੀਆਂ ਚੜ੍ਹਾਈਆਂ ਜਾਂਦੀਆਂ ਅਤੇ ਰਾਤ ਨੂੰ ਹੱਥਾਂ ਤੇ ਮਹਿੰਦੀ ਲਗਾਈ ਜਾਂਦੀ। ਤੀਜ ਵਾਲੇ ਦਿਨ ਪਿੰਡ ਦੀ ਕਿਸੇ ਸਾਂਝੀ ਥਾਂ ਤੇ ਸਾਰੇ ਪਿੰਡ ਦੀਆਂ ਕੁੜੀਆਂ ਇਕੱਠੀਆਂ ਹੋ ਜਾਂਦੀਆਂ। ਇਹ ਸਾਂਝੀ ਥਾਂ ਪਿੰਡ ਦੀ ਫਿਰਨੀ, ਛੱਪੜ ਦਾ ਕਿਨਾਰਾ, ਕਿਸੇ ਧਾਰਮਿਕ ਸਥਾਨ ਦੇ ਨੇੜੇ ਖੁੱਲ੍ਹੀ ਦਰੱਖਤਾਂ ਦੀ ਛਾਂ, ਸਕੂਲ ਜਾਂ ਧਰਮਸ਼ਾਲਾ ਕੋਈ ਵੀ ਹੋਵੇ, ਇਨ੍ਹਾਂ ਥਾਵਾਂ ਤੇ ਆਮ ਕਰਕੇ ਤੀਆਂ ਭਾਰੀ ਦਰੱਖਤਾਂ ਪਿੱਪਲ, ਬੋਹੜ ਜਾਂ ਨਿੰਮ ਆਦਿ ਦੇ ਦਰੱਖਤਾਂ ਹੇਠ ਲਗਦੀਆਂ।ਤੇਰਾਂ ਦਿਨ ਹਰ ਰੋਜ਼ ਸ਼ਾਮ ਨੂੰ ਨਿਰਧਾਰਤ ਥਾਂ ਤੇ ਇਕੱਠੀਆਂ ਹੋ ਕੇ ਗਿੱਧਾ ਪਾਉਣਾ, ਪੀਂਘਾਂ ਝੂਟਣੀਆਂ, ਕਿੱਕਲੀਆਂ ਪਾਉਣੀਆਂ, ਬੋਲੀਆਂ ਪਾਉਣੀਆਂ, ਤਮਾਸ਼ੇ ਕਰਨੇ ਅਤੇ ਪੁੰਨਿਆਂ ਵਾਲੇ ਦਿਨ ਹਰ ਹਾਲਤ ਬੱਲ੍ਹੋ ਪਾ ਦੇਣੀ। ਤੀਆਂ ਦੀ ਸਮਾਪਤੀ ਵਾਲੇ ਦਿਨ ਪਾਏ ਗਿੱਧੇ ਨੂੰ ਬੱਲ੍ਹੋ ਪਾਉਣਾ ਆਖਿਆ ਜਾਂਦਾ ਹੈ।ਇਸ ਤਿਉਹਾਰ ਦਾ ਸੁਭਾਅ ਹੀ ਪੇਂਡੂ ਹੈ। ਸਾਰੀਆਂ ਕੁੜੀਆਂ ਸਜ-ਧਜ ਕੇ ਘਰਾਂ ਤੋਂ ਝੁੰਡਾਂ ਵਿਚ ਇਕੱਠੀਆਂ ਹੋ ਕੇ ਗੀਤ ਗਾਉਂਦੀਆਂ ਪਿੱਪਲਾਂ/ਬੋਹੜਾਂ ਹੇਠ ਆ ਕੇ ਗਿੱਧੇ ਦਾ ਪਿੜ ਬੰਨ੍ਹਦੀਆਂ ਅਤੇ ਜਿਵੇਂ ਜਿਵੇਂ ਕੁੜੀਆਂ ਦੀ ਗਿਣਤੀ ਵਧਦੀ ਜਾਂਦੀ, ਓਵੇਂ ਓਵੇਂ ਪਿੜਾਂ ਦੀ ਗਿਣਤੀ ਵੀ ਵਧਦੀ ਜਾਂਦੀ ਸੀ। ਇਹ ਪਿੜ ਕਈ ਵਾਰ ਪੱਤੀਆਂ ਅਨੁਸਾਰ, ਉਮਰ ਅਨੁਸਾਰ, ਜ਼ਾਤ ਅਨੁਸਾਰ ਜਾਂ ਸਹੇਲਪੁਣੇ ਅਨੁਸਾਰ ਅਤੇ ਕਈ ਵਾਰ ਗਿੱਧੇ ਦੀ ਵੰਨਗੀ ਦੀ ਪਸੰਦ ਅਨੁਸਾਰ ਵੀ ਬੱਝ ਜਾਂਦੇ। ਗੋਲ਼ ਦਾਇਰੇ ਵਿਚ ਇਕੱਠੇ ਹੋ ਕੇ ਗਿੱਧਾ ਪਾਉਣ ਨੂੰ ਗਿੱਧੇ ਦਾ ਪਿੜ ਆਖਿਆ ਜਾਂਦਾ ਹੈ। ਪਿੜ ਵਿਚ ਔਰਤਾਂ ਦੀ ਗਿਣਤੀ ਵੱਧ-ਘੱਟ ਹੋ ਸਕਦੀ ਸੀ, ਆਮ ਕਰਕੇ ਇਕ ਪਿੜ ਵਿਚ ਔਰਤਾਂ ਦੀ ਗਿਣਤੀ 50 ਕੁ ਤੋਂ ਲੈ ਕੇ ਦੋ ਢਾਈ ਸੌ ਤਕ ਵੀ ਚਲੀ ਜਾਂਦੀ। ਇਕ ਪਿੜ ਵਿਚੋਂ ਜਦੋਂ ਕਿਸੇ ਦਾ ਮਨ ਉਕਤਾ ਜਾਂਦਾ ਤਾਂ ਉਹ ਪਿੜ ਛੱਡ ਕੇ ਦੂਜੇ ਪਿੜ ਵਿਚ ਵੜ ਜਾਣਾ ਸੁਭਾਵਿਕ ਸੀ। ਇਉਂ ਸਾਰੇ ਪਿੜ ਸਥਿਰਤਾ ਦੀ ਬਜਾਏ ਅਦਲੀ-ਬਦਲੀ ਹੁੰਦੀ ਰਹਿੰਦੀ। ਹਰ ਪਿੜ ਵਿਚ ਵੱਧ ਨੱਚਣ ਜਾਂ ਬੋਲੀਆਂ ਪਾਉਣ ਵਾਲੀ ਕੁੜੀ ਨੂੰ ਪਿੜ ਆਪਣੇ ਆਪ ਹੀ ਮੁਰੈਲ੍ਹਣ/ਮੜੈਲ੍ਹਣ ਮੰਨ ਦਾ। ਇਸ ਸਬੰਧੀ ਸਮੁੱਚੇ ਪਿੜ ਦੀ ਆਵਾਜ ਹੀ ਜੱਜਮੈਂਟ ਹੁੰਦੀ ਸੀ। ਆਪਣੀ ਕਲਾ ਦੇ ਜ਼ੋਰ ਹੀ ਬਹੁਗਿਣਤੀ ਤੋਂ ਮੁਰੈਲ੍ਹਣ ਸਿੱਕਾ ਮੰਨਵਾ ਲੈਂਦੀ। ਕਈ ਵਾਰ ਦੋ ਮੁਰੈਲ੍ਹਣਾਂ ਵੀ ਬਣ ਜਾਂਦੀਆਂ। ਸਮੁੱਚਾ ਪਿੜ ਇਨ੍ਹਾਂ ਮੁਰੈਲ੍ਹਣਾਂ ਦੇ ਇਸ਼ਾਰੇ ਤੇ ਚੱਲਣ ਲੱਗ ਜਾਂਦਾ ਜੇ ਕਿਸੇ ਦੀ ਦਾਲ ਨਾ ਗਲਦੀ ਤਾਂ ਉਹ ਕਿਸੇ ਦੂਜੇ ਪਿੜ ਵਿਚ ਕਲਾ ਦਾ ਜੌਹਰ ਦਿਖਾ ਕੇ ਮੂਹਰਲੀ ਕਤਾਰ ਵਿਚ ਆ ਜਾਂਦੀ। ਇਸ ਤਰ੍ਹਾਂ ਜਿੰਨੇ ਪਿੜ ਓਨੀਆਂ ਹੀ ਮੁਰੈਲ੍ਹਣਾਂ ਬਣ ਜਾਂਦੀਆਂ ਤੇ ਅਗਲੀ ਦਿਨ ਤੀਆਂ ਲੱਗਣ ਸਮੇਂ ਉਨ੍ਹਾਂ ਮੁਰੈਲ੍ਹਣਾਂ ਦੀ ਬੇਸਬਰੀ ਨਾਲ ਇੰਤਜ਼ਾਰ ਕੀਤੀ ਜਾਂਦੀ। ਪਿੰਡ ਦੀ ਆਬਾਦੀ ਜਿੰਨੀ ਜ਼ਿਆਦਾ ਹੋਵੇਗੀ, ਪਿੜਾਂ ਦੀ ਗਿਣਤੀ ਵੀ ਉਸੇ ਅਨੁਸਾਰ ਵਧ ਹੋਵੇਗੀ। ਇਸੇ ਤਰ੍ਹਾਂ ਕਿਸੇ ਵਿਚ ਲੰਮੀਆਂ ਬੋਲੀਆਂ, ਕਿਸੇ ਵਿਚ ਜਿਦ-ਜਦਾਈ ਦੀਆਂ ਬੋਲੀਆਂ, ਕਿਸੇ ਕਾਮੁਕ ਨਿਸ਼ੰਗਤਾ ਵਾਲੇ ਇਸ਼ਾਰੇ, ਬੋਲੀਆਂ, ਤਮਾਸ਼ੇ ਭਾਰੂ ਹੋ ਜਾਂਦੇ। ਗੱਲ ਕੀ ਜਿਸ ਦੇ ਮਨ ਵਿਚ ਜੋ ਆਵੇ ਉਹ ਕਰਦੀਆਂ ਸਨ। ਸੂਰਜ ਡੁੱਬਣ ਸਮੇਜ਼ ਗੀਤ ਗਾਉਂਦੀਆਂ ਘਰਾਂ ਨੂੰ ਚਲੀਆਂ ਜਾਂਦੀਆਂ। ਘਰਾਂ ਵਿਚ ਖੀਰਾਂ, ਪੂੜੇ, ਗੁਲਗੁਲੇ ਜਾਂ ਹੋਰ ਵਧੀਆ ਪਕਵਾਨ ਉਨ੍ਹਾਂ ਲਈ ਤਿਆਰ ਕੀਤੇ ਜਾਂਦੇ। ਇਸ ਤਰ੍ਹਾਂ ਇਸ ਤਿਉਹਾਰ ਦੇ ਪੂਰੇ ਤੇਰਾਂ ਦਿਨ ਘਰਾਂ ਵਿਚ ਵੀ ਜਸ਼ਨ ਰਹਿੰਦਾ। ਦਰੱਖਤਾਂ ਨਾਲ ਪਈਆਂ ਪੀਂਘਾਂ ਤੇ ਹੀਂਘ ਲੈਂਦੀਆਂ ਮੁਟਿਆਰਾਂ ਸੱਸ ਦਾ ਝਾਟਾ/ਚੂੰਡਾ ਪੱਟ ਲਿਆਉਂਦੀਆਂ।(ਪੀਂਘ ਝੂਟਦੇ ਹੋਏ ਇਕ ਹੱਥ ਨਾਲ ਦਰੱਖਤ ਦੀ ਟਾਹਣੀ ਤੋੜਨ ਜਾਂ ਪੱਤੇ ਤੋੜਨ ਨੂੰ ਸੱਸ ਦਾ ਝਾਟਾ ਪੱਟਣਾ ਆਖਿਆ ਜਾਂਦਾ ਹੈ)। ਖੜੇ ਹੋ ਕੇ ਪੱਟਾਂ ਦੇ ਜੋਰ ਨਾਲ ਹੁਝਕੇ ਮਾਰ ਕੇ ਝੂਟੇ ਨੂੰ ਦਰੱਖਤ ਦੀਆਂ ਟਾਹਣੀਆਂ ਤਕ ਲਿਜਾਣ ਨੂੰ ਹੀਂਘ ਚੜਾਉਣਾ ਆਖਿਆ ਜਾਂਦਾ ਹੈ। ਜੋ ਇਕੱਲੀ ਪੀਂਘ ਚੜ੍ਹਾ ਕੇ ਸੱਸ ਦਾ ਝਾਟਾ ਪੱਟ ਕੇ ਲਿਆਵੇ ਉਸ ਨੂੰ ਜੋਰਾਵਰ ਸਮਝਿਆ ਜਾਂਦਾ ਹੈ। ਕਈ ਵਾਰ ਦੋ ਔਰਤਾਂ ਦਾ ਜੋਟਾ ਵੀ ਰਲ ਕੇ ਹੀਂਘ ਚੜ੍ਹਾਉਂਦਾ ਹੈ। ਹੀਂਘ ਸ਼ਬਦ ਮਾਲਵੇ ਵਿਚ ਵੱਧ ਪ੍ਰਚੱਲਤ ਹੈ, ਕਈ ਇਲਾਕਿਆਂ ਵਿਚ ਪੀਂਘ ਚੜ੍ਹਾਉਣਾ ਵੀ ਆਖਿਆ ਜਾਂਦਾ ਹੈ। ਜਿਵੇਂ ਜਿਵੇਂ ਚੰਨ ਦੀਆਂ ਤਿਥਾਂ ਵਧਦੀਆਂ ਤੀਆਂ ਵਿਚ ਜੋਸ਼ ਵਧਣਾ ਸ਼ੁਰੂ ਹੋ ਜਾਂਦਾ ਤੇ ਅਖੀਰ ਸਿਆਣੀਆਂ ਬਜ਼ੁਰਗ ਔਰਤਾਂ ਚੰਨ ਦੇ ਗੋਡੀ ਮਾਰਨ ਤੋਂ ਪਹਿਲਾਂ ਭਾਵ ਪੁੰਨਿਆਂ ਤੋਂ ਪਹਿਲਾਂ ਕੁੜੀਆਂ ਨੂੰ ਬੱਲ੍ਹੋ ਪਾਉਣ ਲਈ ਪ੍ਰੇਰਦੀਆਂ। ਕਈ ਵਾਰ ਪੁੰਨਿਆਂ ਤੋਂ ਇਕ ਜਾਂ ਦੋ ਦਿਨ ਪਹਿਲਾਂ ਵੀ ਬੱਲ੍ਹੋ ਪਾ ਦਿੱਤੀ ਜਾਂਦੀ। ਮਰਦਾਂ ਨੂੰ ਤੀਆਂ ਦਾ ਗਿੱਧਾ ਵੇਖਣ ਦੀ ਮਨਾਹੀ ਰਹੀ ਹੈ। ਕਈ ਵਾਰ ਛੋਟੇ ਲੜਕੇ ਮਾਵਾਂ ਦੇ ਨਾਲ ਆ ਕੇ ਤੀਆਂ ਵੇਖ ਜਾਂਦੇ। ਜੇਕਰ ਕੋਈ ਚੋਰੀ ਛਿੱਪੇ ਤੀਆਂ ਦੇਖਦਾ ਕੁੜੀਆਂ ਦੇ ਅੜਿੱਕੇ ਆ ਜਾਵੇ ਤਾਂ ਉਸ ਦੀ ਖੂਬ ਮਾਰ-ਕੁਟਾਈ ਕੀਤੀ ਜਾਂਦੀ। ਉਸ ਦੀ ਸੁਣਵਾਈ ਕਿਸੇ ਵੀ ਪੰਚਾਇਤ ਪਾਸ ਨਹੀਂ ਹੁੰਦੀ ਸੀ ਸਗੋਂ ਸਮਾਜ ਵਿਚ ਉਸੇ ਨੂੰ ਹੀ ਨਿੰਦਿਆ ਜਾਂਦਾ। ਬੱਲ੍ਹੋ ਵਾਲੇ ਦਿਨ ਤਾਂ ਵਿਸ਼ੇਸ਼ ਕਿਸਮ ਦੇ ਗਿੱਧੇ ਅਤੇ ਬੋਲੀਆਂ ਦੇ ਜੋਸ਼ ਵਿਚ ਪਿੰਡ ਦੀਆਂ ਸੱਥਾਂ ਵਿਚ ਬੈਠੇ ਬਜ਼ੁਰਗ ਜਾਂ ਪਤਵੰਤੇ ਸੱਜਣਾਂ ਦੀ ਵੀ ਪਰਵਾਹ ਨਹੀਂ ਕੀਤੀ ਜਾਂਦੀ ਸੀ ਸਗੋਂ ਉਨ੍ਹਾਂ ਦੇ ਵਿਚਕਾਰ ਜਾ ਕੇ ਜੋਸ਼ ਨਾਲ ਗਿੱਧਾ ਪਾ ਕੇ ਨੱਚਣ ਲੱਗ ਪੈਣਾ ਤਾਂ ਸਿਆਣੇ ਮਰਦ ਨੀਵੀਂ ਪਾ ਕੇ ਘਰਾਂ ਨੂੰ ਤੁਰ ਜਾਂਦੇ ਤੇ ਲਾਡ ਨਾਲ ਆਖਦੇ ਸਹੁਰੀਓ ਥੱਕ ਜਾਉਂਗੀਆਂ। ਕੁੜੀਆਂ ਸਗੋਂ ਹੋਰ ਮੱਛਰ ਜਾਂਦੀਆਂ ਤੇ ਬੋਲੀ ਪਾਉਂਦੀਆਂ :

ਵੇ ਤੂੰ ਨਾ ਝਿੜਕੀਂ ਵੇ ਚਾਚਾ
ਵੇ ਇਹ ਤਾਂ ਕੁੜੀਆਂ ਦਾ ਤਮਾਸ਼ਾ
ਵੇ ਤੂੰ ਨਾ ਝਿੜਕੀਂ ਵੇ ਵੀਰਾ
ਇਹ ਤਾਂ ਕੁੜੀਆਂ ਦਾ ਰਵੀਰਾ
ਨੀ ਤੂੰ ਨਾ ਝਿੜਕੀ ਨੀ ਮਾਏ
ਇਹ ਤਾਂ ਸਾਵਣ ਦੇ ਦਿਨ ਆਏ।

ਤੀਆਂ ਵਿਚ ਪੇਸ਼ ਤਮਾਸ਼ੇ ਜਾਂ ਬੋਲੀਆਂ ਆਮ ਘਰਾਂ ਜਾਂ ਸਮਾਜ ਸਾਹਮਣੇ ਕੀਤੇ ਹੀ ਨਹੀ ਜਾ ਸਕਦੇ। ਸਮਾਜ ਨੂੰ ਇਸ ਗੱਲ ਦਾ ਭਲੀ-ਭਾਂਤ ਪਤਾ ਹੈ ਕਿ ਉਹ ਨਾਰੀ ਨੂੰ ਦਬਾ ਕੇ ਰੱਖ ਰਿਹਾ ਹੈ। ਇਸੇ ਕਰਕੇ ਉਹ ਉਸ ਦੀਆਂ ਪ੍ਰਕਿਰਤਕ ਅਕਾਂਖਿਆਵਾਂ ਨੂੰ ਸਮਝਦਾ ਹੋਇਆ, ਓਹਲੇ ਦੇ ਵਿਚ ਖੁੱਲ੍ਹ ਦਿੰਦਾ ਸਹਿਜ ਰੂਪ ਵਿਚ ਸਵੀਕਾਰ ਲੈਂਦਾ ਹੈ। ਇਸ ਤਿਉਹਾਰ ਵਿਚ ਨਾਰੀ ਦੇ ਪਾਰਬਤੀ ਵਾਂਗ ਸ਼ਿਵ ਨੂੰ ਵੱਸ ਕਰਨ ਦੀ ਸਮਰਥਾ ਹੈ। ਇਸੇ ਕਰਕੇ ਇਹ ਗੌਰੀ ਪੂਜਾ ਨਾਲ ਜੁੜਦਾ ਹੈ। ਚਾਨਣੇ ਪੱਖ ਦੀ ਤੀਜੀ ਤਿੱਥ ਜਿਵੇਂ ਚੜ੍ਹਦੀ ਜਵਾਨੀ ਨੂੰ ਚਿਹਨਤ ਕਰਦੀ ਹੈ, ਉਸੇ ਤਰ੍ਹਾਂ ਪੁੰਨਿਆਂ ਜਵਾਨੀ ਵਿਚ ਕਾਮੁਕਤਾ ਦੀ ਸਿਖਰ ਨੂੰ ਚਿਹਨਤ ਕਰਦੀ ਹੈ। ਜਵਾਨੀ ਤੋਂ ਪਿੱਛੋਂ ਬੁਢਾਪਾ ਤੇ ਮੌਤ ਹੁੰਦੇ ਹਨ। ਇਸੇ ਕਰਕੇ ਪੁੰਨਿਆਂ ਤੋਂ ਪਹਿਲਾਂ ਜਾਂ ਪੁੰਨਿਆਂ ਤਕ ਹੀ ਸਭ ਜਸ਼ਨਾਵੀ ਹੈ। ਨਾਰੀ ਮੁਕੰਮਲ ਮਰਦ ਚਾਹੁੰਦੀ ਹੈ। ਚੰਦ ਦਾ ਗੋਡੀ ਮਾਰਨਾ ਢਲਦੀ ਜਵਾਨੀ ਦਾ ਪ੍ਰਤੀਕ ਹੈ। ਇਸੇ ਕਰਕੇ ਤਾਂ ਆਖਦੀ ਹੈ :

ਚੰਦ ਕੁੜੀਆਂ ਦਾ ਵੈਰੀ, ਗੋਡੀ ਮਾਰ ਗਿਆ।

ਤੀਆਂ ਦੇ ਵਿਚ ਪਾਈਆਂ ਪੀਂਘਾਂ ਮਨੁੱਖੀ ਕਾਮੁਕ ਸ਼ਕਤੀ ਦੀਆਂ ਪ੍ਰਤੀਕ ਬਣ ਜਾਂਦੀਆਂ ਹਨ। ਪੀਂਘ ਦਾ ਸਿਖਰਾਂ ਛੂਹਣਾ, ਨਾਰੀ ਦੀ ਸਰੀਰਕ ਕਾਮੁਕ ਸਮਰਥਾ ਦੇ ਚਿਹਨ ਵਜੋਂ ਉਘੜਦਾ ਹੈ। ਜੋਟੇ ਦਾ ਪੀਂਘ ਚੜ੍ਹਾਉਣਾ ਵੀ ਨਰ/ਨਾਰੀ ਦੇ ਕਾਮੁਕ ਰਿਸ਼ਤੇ ਵਿਚ ਸਰੀਰਕ ਬਰਾਬਰਤਾ ਦੀ ਹਿੱਸੇਦਾਰੀ ਵਜੋਂ ਪੇਸ਼ ਹੁੰਦਾ ਹੈ। ਇਸ ਕਾਮੁਕ ਰਿਸ਼ਤੇ ਵਿਚ ਔਕੜ ਬਣਦੀਆਂ ਸੱਸਾਂ ਦਰੱਖਤਾਂ ਦੀਆਂ ਟਹਿਣੀਆਂ ਰਾਹੀਂ ਚੂੰਡੇ ਪੁਟਾਉਂਦੀਆਂ ਹਨ। ਚੂੰਡਾ ਪੁੱਟਣਾ ਅਸਲ ਵਿਚ ਉਸ ਦਾ ਸਮਾਜਿਕ ਮਰਯਾਦਾਵਾਂ ਪ੍ਰਤੀ ਵਿਦਰੋਹ ਦਾ ਚਿਹਨ ਹੈ ਜੋ ਉਸ ਨੂੰ ਇਨ੍ਹਾਂ ਰਿਸ਼ਤਿਆਂ ਵਿਚ ਦਬਾਉਂਦੀਆਂ ਹਨ। ਇਹ ਦਬਾਉਣ ਵਾਲੀਆਂ ਸ਼ਕਤੀਆਂ ਕੇਵਲ ਸੱਸਾਂ ਹੀ ਨਹੀਂ ਸਗੋਂ ਉਸ ਦਾ ਬਾਬਲ ਵੀ ਹੋ ਸਕਦਾ ਹੈ। ਬਾਬਲ ਤੀਆਂ ਵਿਚ ਤੀਖਣ ਵਿਅੰਗ ਦਾ ਨਿਸ਼ਾਨਾ ਬਣਦਾ ਹੈ। ਤੀਆਂ ਦੇ ਵਿਚ ਪਾਈ ਬੱਲ੍ਹੋ ਨਾਰੀ ਦੀ ਸਰੀਰਕ ਸਮਰਥਾ ਦਾ ਕਥਾਰਸਿਸ ਹੈ। ਅਖੀਰ ਦੇ ਵਿਚ ਦੱਭ/ਘਾਹ ਦਾ ਪੁੱਟਕੇ ਚੁੰਨੀ ਦੇ ਪੱਲੇ ਨਾਲ ਬੰਨ੍ਹਣਾ ਨਾਰੀ ਦਾ ਧਰਤੀ ਵਾਂਗ ਵੰਸ਼ ਨੂੰ ਅੱਗੇ ਤੋਰਨ ਨੂੰ ਚਿਹਨਤ ਕਰਦਾ ਹੈ। ਉਹ ਘਰ ਲਿਜਾ ਕੇ ਉਸ ਘਾਹ ਦੀ ਜੜ ਗਿੱਲੇ ਥਾਂ ਤੇ ਲਗਾਉਂਦੀ ਹੈ। ਅਸਲ ਵਿਚ ਇਹ ਕਿਰਿਆ ਨਾਰੀ ਦੇ ਪਰਿਵਾਰ ਦੀ ਜੜ ਲਗਾਉਣ ਨੂੰ ਹੀ ਚਿਹਨਤ ਕਰਦੀ ਹੈ।

# *ਚੰਦਰੀ ਚੌਧਰ ਦਾ ਸਵਾਲ?*

ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਿਅਦਬੀ ਵਿਰੁੱਧ ਬਣਾਏ ਗਏ ਕਾਨੂੰਨ ਦੀ ਭਰਵੀਂ ਸ਼ਲਾਘਾ ਵੀ ਹੋ ਰਹੀ ਹੈ ਅਤੇ ਕੁੱਝ ਅਵਾਜਾਂ ਵਿਰੋਧ ਦੀਆਂ ਵੀ ਆ ਰਹੀਆਂ ਹਨ।ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵਲੋਂ ਇਸ ਕਾਨੂੰਨ ਦੇ ਕੀਤੇ ਜਾ ਰਹੇ ਵਿਰੋਧ ਵਿੱਚ ਕਈ ਕਾਨੂੰਨੀ ਘਾਟਾਂ/ਖਦਸ਼ਿਆਂ ਤੋਂ ਇਲਾਵਾ ਵੱਡੇ ਜੋਰ ਸ਼ੋਰ ਨਾਲ ਇਹ ਕਾਰਨ ਵੀ ਉਭਾਰਿਆ ਜਾ ਰਿਹਾ ਹੈ ਕਿ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਅਰੰਭ ਕਰਨ ਵੇਲੇ ਸਾਨੂੰ ਪੁੱਛਿਆ ਤੱਕ ਨਹੀਂ ਗਿਆ।

ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਸਾਹਬ ਨੇ ਇਸ ਕਾਨੂੰਨ ਦੇ ਬਣਦੇ ਸਾਰ ਸ਼੍ਰੋਮਣੀ ਸੰਸਥਾ ਵਲੋਂ ਪਹਿਲਾਂ ਕੀਤੀ 'ਪੁਰਜ਼ੋਰ ਸ਼ਲਾਘਾ' ਅਤੇ ਪੰਜਾਬ ਸਰਕਾਰ ਦੇ ਕੀਤੇ ਗਏ 'ਧੰਨਵਾਦ' ਦੀ, ਹਫਤੇ ਕੁ ਮਗਰੋਂ ਮੁਆਫੀ ਮੰਗਦਿਆਂ ਵਿਰੋਧ ਦਾ ਇਹ ਕਾਰਨ ਉਚੇਚ ਨਾਲ ਦੁਹਰਾਇਆ ਕਿ ਸਿੱਖ ਪੰਥ ਦੇ ਇਸ਼ਟ ਸਬੰਧੀ ਇਹ ਕਾਨੂੰਨ ਬਣਾਉਣ ਵੇਲੇ ਰਾਏ ਦੇਣ ਦੇ ਅਸੀਂ 'ਪ੍ਰਥਮ ਹੱਕਦਾਰ' ਸਾਂ ਪਰ ਮਾਨ ਸਰਕਾਰ ਨੇ ਸਾਨੂੰ ਅਣਗੌਲ਼ਿਆ ਕਰ ਦਿੱਤਾ।ਵੈਸੇ ਮੇਰਾ ਮੰਨਣਾ ਹੈ ਕਿ ਜੇ ਏਹੀ ਕਾਨੂੰਨ ਸੁਖਬੀਰ ਸਿੰਘ ਬਾਦਲ ਦੇ ਰਾਜ-ਭਾਗ ਵਿੱਚ ਬਣਿਆਂ ਹੁੰਦਾ ਤਾਂ ਧਾਮੀ ਸਾਹਬ ਨੇ ਸਾਰੇ ਇਤਹਾਸਿਕ ਗੁਰਦੁਆਰਾ ਸਾਹਿਬਾਨ ਵਿੱਚ ਸੁਖਬੀਰ ਬਾਦਲ ਨੂੰ ਸੱਦ ਸੱਦ ਕੇ ਉਹਦੀ ਗਰਦਣ ਸਿਰੋਪਿਆਂ ਨਾਲ਼ ਭਰ ਦੇਣੀ ਸੀ!

ਚਲੋ ਖੈਰ ਕਾਨੂੰਨੀ ਬਰੀਕੀਆਂ ਦੀ ਕੋਈ ਚੀਰ-ਫਾੜ ਕਰਨ ਦੀ ਬਜਾਇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਧਾਮੀ ਜੀ ਦੇ ਉਕਤ ਹਿਰਖ ਬਾਰੇ ਮੈਨੂੰ ਪੇਂਡੂ ਪਿਛੋਕੜ ਵਾਲ਼ੀ ਇਕ ਲੋਕ-ਵਾਰਤਾ ਚੇਤੇ ਆ ਗਈ ਜੋ ਇਸ ਘਟਨਾਕ੍ਰਮ ਨਾਲ ਕਾਫੀ ਢੁਕਦੀ ਹੈ-

ਕਹਿੰਦੇ ਕਿਸੇ ਪੇਂਡੂ ਘਰ ਵਿੱਚ ਨਵੀਂ ਨਵੀਂ ਆਈ ਵਹੁਟੀ ਨੇ ਆਪਣੇ ਸਹੁਰਾ ਪ੍ਰਵਾਰ ਦੇ ਜੀਆਂ ਦੀ ਫਿਤਰਤ ਬਾਰੇ ਜਾਣ ਲਿਆ ਕਿ ਇਹ ਏਨੇ ਕੰਜੂਸ ਹਨ ਕਿ ਦਰ ਆਏ ਕਿਸੇ ਮੰਗਤੇ ਫਕੀਰ ਨੂੰ ਖ਼ੈਰ ਵੀ ਨਹੀਂ ਪਾਉਂਦੇ!

ਇਕ ਦਿਨ ਕੀ ਹੋਇਆ ਕਿ ਵਹੁਟੀ ਝਾੜੂ-ਬਹਾਰੂ ਕਰਕੇ ਜਿਉਂ ਹੀ ਕੂੜਾ ਸੁੱਟਣ ਦਰਵਾਜਿਉਂ ਬਾਹਰ ਨਿਕ਼ਲੀ ਤਾਂ ਇਕ ਮੰਗਤੇ ਨੇ ਅਲਖ ਜਗਾਈ।ਵਹੁਟੀ ਨੇ ਹੱਥ ਦਾ ਇਸ਼ਾਰਾ ਕਰਦਿਆਂ ਦੱਬਵੀਂ ਜ਼ੁਬਾਨੇ ਮੰਗਤੇ ਨੂੰ ਕਹਿ'ਤਾ ਕਿ ਭਾਈ ਅਗਲੇ ਘਰ ਚਲਾ ਜਾਹ ਇੱਥੋਂ ਕੁੱਝ ਨਹੀਂ ਮਿਲਣਾ ਤੈਨੂੰ!

ਮੰਗਤਾ ਤਾਂ ਇਹ ਘਰ ਛੱਡਕੇ ਗ਼ਲੀ ਓ ਗ਼ਲੀ ਅਗਲੇ ਘਰ ਨੂੰ ਤੁਰ ਪਿਆ ਪਰ ਓਧਰ ਘਰ ਵਿੱਚ ਤੁਰੀ ਫਿਰਦੀ ਸੱਸ ਨੇ ਸੁਣ ਲਿਆ ਕਿ ਵਹੁਟੀ ਨੇ ਦਰ ਆਏ ਮੰਗਤੇ ਨੂੰ 'ਕੁੱਝ ਕਿਹਾ' ਹੈ।ਸੋ ਉਹ 'ਮੌਕਾ ਦੇਖਣ ਵਾਲ਼ਿਆਂ' ਵਾਂਗ ਦਰਵਾਜੇ ਵੱਲ੍ਹ ਨੂੰ ਦੌੜੀ ਆਈ ਤੇ ਇਹ ਘਰ ਛੱਡ ਕੇ ਅਗਲੇ ਘਰ ਵੱਲ੍ਹ ਤੁਰੇ ਜਾਂਦੇ ਮੰਗਤੇ ਨੂੰ 'ਵਾਜ ਮਾਰ ਕੇ ਪਿੱਛੇ ਨੂੰ ਮੋੜ ਲਿਆ।

ਕਹਿੰਦੀ-ਵੇ ਭਾਈ,ਸਾਡੇ ਘਰ ਮੰਗਣ ਆਏ ਨੂੰ ਤੈਨੂੰ ਵਹੁਟੀ ਨੇ ਕੀ ਕਹਿ ਦਿੱਤਾ ?

ਨਿਮਾਣਾ ਜਿਹਾ ਹੁੰਦਿਆਂ ਮੰਗਤਾ ਕਹਿੰਦਾ ਜੀ ਬੀਬੀ ਨੇ ਏਹੀ ਕਿਹਾ ਕਿ ਇਸ ਘਰੋਂ ਤੈਨੂੰ ਖ਼ੈਰ ਨਹੀਂ ਮਿਲਣੀ.......!

ਸੱਸ ਮਾਤਾ ਉਹਨੂੰ ਵਿੱਚੋਂ ਹੀ ਟੋਕਦਿਆਂ ਬੋਲੀ-

"ਉਹ ਕੌਣ ਹੁੰਦੀ ਐ ਤੈਨੂੰ ਜਵਾਬ ਦੇਣ ਵਾਲ਼ੀ! ਕੱਲ੍ਹ ਆ ਕੇ 'ਪ੍ਰਧਾਨ' ਬਣ ਗਈ ਐ? ਜਵਾਬ ਤਾਂ ਤੈਨੂੰ ਮੈਂ ਦੇਣਾ ਸੀ! ..... ਜਾਹ ਭਾਈ ਭੱਜ ਜਾ ਇੱਥੋਂ !"

-ਤਰਲੋਚਨ ਸਿੰਘ ਦੁਪਾਲ ਪੁਰ, 001-408-905-5517

# ਖੀਰ ਪੂੜੇ

ਜਦੋਂ ਬਣਾਉਂਦੀ ਹਾਂ
ਖੀਰ ਪੂੜੇ
ਤਾਂ ਮਾਂ ਨੂੰ ਲੱਗਦਾ ਹੈ
ਧੀ ਸਿਆਣੀ ਹੋ ਗਈ
ਜਦੋਂ ਪਾਉਂਦੀ ਹਾਂ
ਸੂਟ ਸਲਵਾਰ
ਮਾਂ ਨੂੰ ਲੱਗਦਾ ਹੈ
ਧੀ ਸਿਆਣੀ ਹੋ ਗਈ
ਜਦੋਂ ਕਦੇ
ਸਹਿ ਜਾਂਦੀ ਹਾਂ
ਕੋਈ ਧੱਕਾ
ਚੁੱਪ ਚਾਪ
ਮਾਂ ਨੂੰ ਲੱਗਦਾ ਹੈ
ਧੀ ਸਿਆਣੀ ਹੋ ਗਈ
ਜਦੋਂ ਦੇਖ ਕੇ
ਕਿਸੇ ਨਾਲ ਹੋਇਆ
ਕੋਈ ਜ਼ੁਲਮ



ਕਰਦੀ ਹਾਂ ਆਵਾਜ਼ ਬੁਲੰਦ
ਮਾਂ ਕਹਿੰਦੀ ਹੈ
ਸਿਆਣੀ ਬਣ
ਜਦੋਂ ਕੋਈ ਤਕੜਾ
ਕਿਸੇ ਮਜ਼ਲੂਮ ਨੂੰ
ਦਬਾਉਣ ਦੀ ਕੋਸ਼ਿਸ਼ ਕਰਦਾ
ਰਹਿ ਨਹੀਂ ਹੁੰਦਾ ਮੈਥੋਂ
ਖੜੀ ਹੋ ਜਾਂਦੀ ਹਾਂ
ਮਜ਼ਲੂਮ ਦੀ ਢਾਲ ਬਣ
ਮਾਂ ਕਹਿੰਦੀ ਹੈ
ਸਿਆਣੀ ਬਣ
ਦਰਅਸਲ
ਮਾਂ ਲਈ
ਝੁਕ ਜਾਣਾ
ਆਪਣੀ ਆਵਾਜ਼ ਦੱਬ ਲੈਣਾ
ਹੀ ਹੈ
ਸਿਆਣੇ ਹੋਣਾ
ਉਹ ਨਹੀਂ ਜਾਣਦੀ
ਔਰਤਾਂ
ਜਿਨਾਂ ਨੇ ਆਪਣਾ ਜ਼ਮੀਰ ਮਾਰ
ਕੇ
ਘਰ ਵਸਾਏ
ਸਿਆਣੀਆਂ ਨਹੀਂ ਸੀ
ਸਿਆਣੀਆਂ ਦਿਸਣ ਦੀ
ਕੋਸ਼ਿਸ਼
ਕਰ ਰਹੀਆਂ ਸੀ।

# ਕੋਮਲ...



ਕੋਮਲ ਛੱਤ ਤੇ ਬੂਟਿਆਂ ਨੂੰ ਪਾਣੀ ਦੇ ਰਹੀ ਸੀ। ਅਚਾਨਕ ਉਹਨੂੰ ਸਾਹਮਣੇ ਘਰ ਵਾਲੇ ਪੂਜਾ ਦੀਦੀ ਦਿੱਸੀ। ਆਵਾਜ਼ ਮਾਰੀ ਤਾਂ ਉਹ ਵੀ ਬਨੇਰੇ 'ਤੇ ਆ ਗਏ।

"ਤੁਸੀਂ ਜੋਤੀ ਲਈ ਮੁੰਡਾ ਦੇਖਣ ਗਏ ਸੀ, ਆ ਗਿਆ ਪਸੰਦ?", ਕੋਮਲ ਪੁੱਛਣ ਲੱਗੀ।

ਮੁੰਡਾ ਤਾਂ ਠੀਕ ਸੀ ਪਰ ਉਹਨਾਂ ਸਾਰਿਆਂ ਨੇ ਸਧਾਰਨ ਚੱਪਲ ਪਾਈ ਹੋਈ ਸੀ, ਇਹ ਗੱਲ ਮੈਨੂੰ ਠੀਕ ਨਹੀਂ ਲੱਗੀ।

ਲੈ ਇਹਦੇ ਚ ਕੀ ਗੱਲ, ਘਰ ਤਾਂ ਬੰਦਾ ਏਦਾਂ ਈ ਹੁੰਦਾ ਸਗੋਂ ਸਾਦਗੀ ਵਧੀਆ ਗੱਲ ਏ, ਕੋਮਲ ਕਹਿਣ ਲੱਗੀ।

...ਨਹੀਂ ਭੈਣ ਜੀ ਜੇ ਪਤਾ ਹੋਵੇ ਕਿਸੇ ਨੇ ਆਉਣਾ ਤਾਂ ਬੰਦੇ ਨੂੰ ਪਾਉਣ ਲਾਹੁਣ ਦਾ ਚੱਜ ਤਾਂ ਹੋਣਾ ਚਾਹੀਦਾ।

ਆਹੋ, ਵੈਸੇ ਮੇਰੀ ਨਨਾਣ ਦਾ ਫੋਨ ਵੀ ਆਇਆ ਸੀ। ਉਹ ਵੀ ਕੁੜੀ ਦੇਖਣ ਗਏ ਸੀ, ਆਪਣੇ ਮੁੰਡੇ ਲਈ। ਉਹ ਵੀ ਨਾਂ ਕਰ ਆਏ, ਕਹਿੰਦੇ ਕੁੜੀ ਵਾਲਿਆਂ ਨੇ ਕਿਸੇ ਨੇ ਸੋਨਾ ਵਗੈਰਾ ਨਹੀਂ ਪਾਇਆ ਹੋਇਆ ਸੀ, ਬਿਲਕੁਲ ਸਾਦੇ ਸੀ, ਏਥੋਂ ਈ ਪਤਾ ਲੱਗਦਾ... ਉਹਨਾਂ ਆਪਣੀ ਕੁੜੀ ਨੂੰ ਕੀ ਪਾਉਣਾ ਫੇਰ?...

ਕਈ ਵਾਰ ਕਈਆਂ ਕੋਲ ਹੁੰਦਾ ਪਰ ਸ਼ੋਅ ਨਹੀਂ ਕਰਦੇ, ਜਿਵੇਂ ਅਸੀਂ। ਦੋਵੇਂ ਹੱਸਣ ਲੱਗੀਆਂ ਤਾਂ ਪੂਜਾ ਕਹਿੰਦੀ ਹੋਰ ਤਾਂ ਹੋਰ ਉਹਨਾਂ ਦੇ ਘਰ ਚਮਚ ਵੀ ਇਕੋ ਜਿਹੇ ਨਹੀਂ ਸਨ। ਤੀਜੇ ਬਨੇਰੇ ਤੇ ਖੜੀ ਸ਼ੈਲੀ ਉਹਨਾਂ ਦੀਆਂ ਗੱਲਾਂ ਸੁਣ ਕੇ ਸੋਚ ਰਹੀ ਸੀ ਕਿ ਇਹਨਾਂ ਦੋਵਾਂ ਨੇ ਮੁੰਡੇ, ਕੁੜੀ ਦੀ ਪੜਾਈ ਦੀ ਜਾਂ ਗੱਲਬਾਤ ਕਰਨ ਦੇ ਸਲੀਕੇ ਦੀ ਕੋਈ ਗੱਲ ਨਹੀਂ ਕੀਤੀ।

ਬਸ ਬਾਹਰੀ ਗੁਣ ਦੇਖੇ।

ਰਿਸ਼ਤੇ ਕਰਨ ਲੱਗੇ ਸੌ ਗੱਲਾਂ ਦੇਖਣੀਆਂ ਪੈਂਦੀਆਂ ਪਰ ਆਹ ਗੱਲਾਂ ਸੋਚਣ ਲਈ ਮਜਬੂਰ ਕਰਦੀਆਂ ਕਿ ਕਿੱਥੇ ਖੜੀ ਸਾਡੀ ਸੋਚ ?ਇਹ ਸੋਚਦੀ ਸੋਚਦੀ ਸ਼ੈਲੀ ਥੱਲੇ ਚਲੀ ਗਈ।

ਲਿਖਤ- ਕੁਲਵਿੰਦਰ ਕੌਰ

# ਰੰਗ ਤਿੰਨ, ਦਿਲ ਇੱਕ

ਤਿਰੰਗਾ ਸਿਰਫ਼ ਕੱਪੜਾ ਨਹੀਂ,
ਨਾ ਹੀ ਕੋਈ ਸਧਾਰਨ ਬੈਨਰ ਹੈ,
ਇਹ ਭਾਰਤ ਦੀ ਰੂਹ ਦਾ
ਸੱਚਾ ਪਿਆਰ ਤੇ ਮਾਣ ਹੈ।
ਕੇਸਰੀਆ ਸਾਨੂੰ ਤਿਆਗ ਸਿਖਾਵੇ,
ਚਿੱਟਾ ਸ਼ਾਂਤੀ ਦਾ ਰਾਹ ਦਿਖਾਵੇ,
ਹਰਾ ਰੰਗ ਖੁਸ਼ਹਾਲੀ ਲਿਆਵੇ,
ਨੀਲਾ ਚੱਕਰ ਕਰਮ ਸਿਖਾਵੇ।
ਸੂਬੇ ਭਾਵੇਂ ਵੱਖ-ਵੱਖ ਨੇ,
ਭਾਸ਼ਾਵਾਂ ਤੇ ਬੋਲੀਆਂ ਅਨੇਕ,
ਧਰਮ, ਪਹਿਰਾਵੇ, ਰਸਮਾਂ ਵੱਖਰੀਆਂ,
ਪਰ ਦਿਲਾਂ ਵਿੱਚ ਭਾਰਤ ਇੱਕ।
ਤਿਰੰਗਾ ਸਿਰਫ਼ ਹੱਥਾਂ ਵਿੱਚ ਨਹੀਂ,
ਇਹ ਜੀਵਨ ਵਿੱਚ ਵੀ ਲਹਿਰਾਉਣਾ ਹੈ,
ਇਸ ਦੇ ਰੰਗਾਂ ਦੇ ਅਰਥਾਂ ਨੂੰ
ਆਪਣੇ ਕਰਮਾਂ ਵਿੱਚ ਲਿਆਉਣਾ ਹੈ।
ਨਾ ਇਹ ਸਿਰਫ਼ ਰਾਜਨੀਤੀ ਦੀ ਗੱਲ,
ਨਾ ਸਿਰਫ਼ ਤਿਉਹਾਰਾਂ ਦੀ ਸ਼ਾਨ,
ਇਹ ਹਰ ਭਾਰਤੀ ਦੇ ਦਿਲ ਅੰਦਰ
ਵੱਸਦਾ ਸੱਚਾ ਹਿੰਦੁਸਤਾਨ।
ਆਓ ਧਰਮਾਂ ਦਾ ਮਾਣ ਕਰੀਏ,
ਹਰ ਭਾਸ਼ਾ ਦਾ ਸਤਿਕਾਰ ਕਰੀਏ,
ਹਰ ਸਭਿਆਚਾਰ ਨੂੰ ਗਲੇ ਲਗਾ ਕੇ,
ਭਾਰਤ ਨੂੰ ਹੋਰ ਪਿਆਰ ਕਰੀਏ।
ਰੰਗ ਤਿੰਨ, ਪਛਾਣ ਅਨੇਕ,
ਪਰ ਦਿਲਾਂ ਦੀ ਧੜਕਣ ਇੱਕ—
ਇੱਕ ਆਵਾਜ਼, ਇੱਕ ਅਰਮਾਨ,
ਮੇਰਾ ਭਾਰਤ, ਮੇਰੀ ਸ਼ਾਨ!

ਸਤਵਿੰਦਰ ਕੌਰ





We Require:
• Min. 2 yrs. experience • Must have FAST CARD
• Clean driver abstract & CVOR
• Clean police report • Clean drug and alcohol test
We Offer:
• Dedicated lanes from WINDSOR to OH, ILL, MO, GA, TN, KY, OK
Teams required for TX • Steady work
• Decent home time • Excellent mileage rate
• Excellent equipment • Friendly atmosphere
• Newer model Freightliner Hi-Con. Trucks
For more information call Paul
416-741-0204
Or email at: pauls@autobahnfreight.com
www.autobahnfreight.com

SherGill Law Firm
Barrister, Solicitor & Notary Public
A Firm That Acts Big!
Services:
• Real Estate
• Residential, Commerical, Franchise
• Criminal Law
• Family Law
• Affidavit, Power of Attorney & Notarization
• Immigration Matters
Paramjit Singh Gill (MBA, LL.B.)
Tel: 905-790-3636

2565 Steeles Ave E. Unit #20, Brampton, ON L6T 4L6
Emergency Contact: 416-910-5676
www.shergilllawfirm.ca

# ਅਤੀਤ ਦੇ ਸਮੁੰਦਰ 'ਚ ਡੁੱਬਦੀ ਹੋਈ ਬੋਲ ਉਠੀ...



ਐਨਕ ਸਾਫ ਕਰਦੇ ਹੋਏ ਨੇ ਨਾਲਦੀ ਨੂੰ ਆਖਿਆ..."ਸਾਡੇ ਵੇਲੇ ਮੁਬਾਇਲ ਨਹੀਂ ਸਨ ਹੁੰਦੇ ਤਾਂ ਵੀ ਪਤਾ ਨੀ ਕਿੱਦਾਂ ਹੋ ਜਾਂਦਾ ਸੀ ਇਹ ਸਭ ਕੁਝ"?

ਅੱਗੋਂ ਆਖਣ ਲੱਗੀ..."ਤੁਹਾਨੂੰ ਚੇਤਾ ਏ...ਠੀਕ ਪੰਜ ਵੱਜ ਕੇ ਪੰਜ ਮਿੰਟ ਤੇ ਪਾਣੀ ਦਾ ਗਿਲਾਸ ਫੜੀ ਅਜੇ ਬੂਹੇ ਕੋਲ ਪੁੱਜਦੀ ਹੀ ਹੁੰਦੀ ਸਾਂ ਕੇ ਸਾਈਕਲ ਦੀ ਘੰਟੀ ਵੱਜ ਉੱਠਦੀ...ਬੂਹਾ ਖਲੋਂਦੀ ਤੇ ਅੱਗੇ ਤੁਸੀਂ ਖਲੋਤੇ ਹੁੰਦੇ..."!

"ਨਾ ਟਾਈਮ ਪੀਸ ਤੇ ਨਾ ਘੜੀ..ਤੀਹ ਸਾਲ ਤੱਕ ਸਮਝ ਨਹੀਂ ਪਈ ਕੇ ਤੂੰ ਪਾਣੀ ਦਾ ਗਿਲਾਸ ਲਿਆਉਂਦੀ ਸੀ ਤਾਂ ਮੈਂ ਆਇਆ ਕਰਦਾ ਸਾਂ ਕੇ ਮੇਰੇ ਆਉਣ ਤੇ ਤੂੰ ਗਿਲਾਸ ਭਰਨਾ ਸ਼ੁਰੂ ਕਰਿਆ ਕਰਦੀ?"

ਅਤੀਤ ਦੇ ਸਮੁੰਦਰ ਵਿਚ ਡੁੱਬਦੀ ਹੋਈ ਬੋਲ ਉਠੀ..."ਹਾਂ ਸੱਚ ਤੁਹਾਨੂੰ ਯਾਦ ਏ ਰਿਟਾਇਰਮੈਂਟ ਤੋਂ ਪਹਿਲਾਂ ਜਦੋਂ ਤੁਹਾਨੂੰ ਸ਼ੂਗਰ ਵਾਲੀ ਕਸਰ ਨਹੀਂ ਸੀ ਹੁੰਦੀ ਇੱਕ ਦਿਨ ਦੁਪਹਿਰ ਦੀ ਰੋਟੀ ਤੋਂ ਮਗਰੋਂ ਤਾਜੇ ਦੁੱਧ ਦੀ ਖੀਰ ਦੇਖ ਤੁਸੀਂ ਆਖਿਆ ਸੀ ਕੇ ਮੈਂ ਅੱਜ ਸੁਵੇਰੇ ਦਾ ਸੋਚੀ ਜਾ ਰਿਹਾਂ ਸਾਂ ਕੇ ਕਿੰਨਾ ਚੰਗਾ ਹੋਵੇ ਜੇ ਕਿਤੇ ਅੱਜ ਰੋਟੀ ਮਗਰੋਂ ਖੀਰ ਮਿਲ ਜਾਵੇ..."!

ਉਹ ਹੱਸਦਾ ਹੋਇਆ ਆਖਣ ਲੱਗਾ.."ਦਫਤਰੋਂ ਨਿੱਕਲ ਅਕਸਰ ਹੀ ਸਾਈਕਲ ਦੇ ਪੈਡਲ ਮਾਰਦਾ ਹੋਇਆ ਜੋ ਵੀ ਮਨ ਵਿਚ ਸੋਚਦਾ ਹੁੰਦਾ ਘਰੇ ਸਬੱਬ ਨਾਲ ਓਹੀ ਕੁਝ ਹੀ ਬਣਿਆ ਹੁੰਦਾ ਸੀ..."!

ਪੱਲੇ ਦੀ ਨੁੱਕਰ ਨਾਲ ਅੱਖਾਂ ਸਾਫ ਕਰਦੀ ਬੋਲੀ.."ਤੁਹਾਨੂੰ ਪਤਾ "ਗੁਰਮੁਖ" ਦੇ ਟੈਮ ਜਦੋਂ ਪੇਕੇ ਗਈ ਸਾਂ..ਅੱਧੀ ਰਾਤ ਪੀੜਾਂ ਲੱਗ ਗਈਆਂ..ਮੁੜਕੋ-ਮੁੜਕੀ ਹੋਈ ਸੋਚੀ ਜਾਵਾਂ ਕੇ ਜੇ ਕਿਤੇ ਤੁਸੀਂ ਨੇੜੇ ਹੋਵੋ ਤਾਂ..ਪਤਾ ਨੀ ਫਿਰ ਰੱਬ ਦੀ ਕੀ ਕੁਦਰਤ ਹੋਈ..ਸੁਵੇਰੇ ਏਧਰ ਦਾਈ ਨੇ ਇਹਨੂੰ ਮੇਰੀ ਝੋਲੀ ਪਾਇਆ ਤੇ ਓਧਰ ਓਸੇ ਵੇਲੇ ਆਪਣੇ ਸਾਈਕਲ ਦੀ ਘੰਟੀ ਦੀ ਵਾਜ ਕੰਨਾਂ ਵਿਚ ਆਣ ਪਈ..ਤੇ ਸਾਮਣੇ ਤੁਸੀਂ ਖਲੋਤੇ ਸੀ..ਅੱਖਾਂ ਵਿਚ ਅਥਰੂ ਲਈ..ਸ਼ਾਇਦ ਗੁਰਮੁਖ ਨਾਲੋਂ ਮੇਰੇ ਵਜੂਦ ਤੇ ਵਰਤ ਗਈ ਪੀੜ ਦਾ ਦੁੱਖ ਵਧੇਰੇ ਸੀ"!

ਕੁਝ ਯਾਦ ਕਰਦਾ ਉਹ ਅੱਗੋਂ ਬੋਲ ਉਠਿਆ..."ਹਾਂ ਹਾਂ ਚੇਤੇ ਏ...ਓਸੇ ਦਿਨ ਪਤਾ ਨੀ ਕਿਓਂ ਦਫਤਰ ਵਿਚ ਜੀ ਜਿਹਾ ਨਾ ਲੱਗੇ...ਸਿੱਧਾ ਸਾਬ ਕੋਲ ਗਿਆ ਤੇ ਛੁੱਟੀ ਮੰਗ ਲਈ..ਤੇ ਸਾਈਕਲ ਸਿੱਧਾ ਤੇਰੇ ਪਿੰਡ ਨੂੰ ਜਾਂਦੇ ਨਹਿਰ ਵਾਲੇ ਰਾਹ ਤੇ ਪਾ ਲਿਆ...ਘੰਟੇ ਦੀ ਵਾਟ ਪਤਾ ਨੀ ਕਿੱਦਾਂ ਅੱਧੇ ਘੰਟੇ ਵਿਚ ਹੀ ਮੁੱਕ ਗਈ ਉਸ ਦਿਨ...ਰੱਬ ਹੀ ਜਾਣਦਾ"!

"ਅੱਛਾ ਹੋਰ ਇਕ ਗੱਲ..ਤੁਹਾਨੂੰ ਪਤਾ ਜਦੋਂ ਤੁਸੀਂ ਭਰੀ ਸਭਾ ਵਿਚ ਓਹਲੇ ਜਿਹੇ ਨਾਲ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਆਪਣੀ ਤਾਜੀ ਲਿਖੀ ਕਵਿਤਾ ਦੀਆਂ ਦੋ ਲਾਈਨਾਂ ਬੋਲਦੇ ਸੀ ਤੇ ਮੈਂ ਸੰਗਦੀ ਹੋਈ ਆਪਣਾ ਮੂੰਹ ਚੁੰਨੀ ਵਿਚ ਲਕੋ ਲਿਆ ਕਰਦੀ...ਤੇ ਤੁਹਾਨੂੰ ਓਸੇ ਵੇਲੇ ਪਤਾ ਲੱਗ ਜਾਂਦਾਂ ਕੇ ਕਵਿਤਾ ਦਰਗਾਹੇ ਪ੍ਰਵਾਨ ਹੋ ਗਈ..."!

ਥੋੜੇ ਵਕਫ਼ੇ ਬਾਅਦ ਫੇਰ ਬੋਲੀ.."ਤੁਹਾਨੂੰ ਯਾਦ ਹੋਣਾ ਜਦੋਂ ਇੱਕ ਵਾਰ ਤਵੇ ਦੀ ਨੁੱਕਰ ਨਾਲ ਲੱਗ ਮੇਰੀ ਬਾਂਹ ਸੜ ਗਈ ਸੀ ਤੇ ਤੁਸੀਂ ਉਸੇ ਵੇਲੇ ਜੇਬ 'ਚੋਂ "ਬਰਨੌਲ" ਕੱਢੀ ਤੇ ਆਪਣੇ ਹੱਥਾਂ ਨਾਲ ਮੇਰੀ ਬਾਂਹ ਮਲਦੇ ਹੋਏ ਆਖਿਆ ਸੀ ਕੇ ਇਹ ਲੈ ਬਾਕੀ ਦੀ ਰੱਖ ਲਵੀਂ ਸੰਦੂਖ ਵਿਚ..."।

"ਹਾਂ ਤੇਰੀ ਬਾਂਹ ਸੜਨ ਤੋਂ ਇੱਕ ਦਿਨ ਪਹਿਲਾਂ ਹੀ ਵੱਡੇ ਬਜਾਰ ਤੁਰੇ ਜਾਂਦੇ ਨੂੰ ਅਚਾਨਕ ਹੀ ਖਿਆਲ ਜਿਹਾ ਆਇਆ ਕੇ ਘਰੇ "ਬਰਨੌਲ" ਮੁੱਕੀ ਹੈ..ਲੈਂਦਾ ਜਾਵਾਂ..ਪਤਾ ਨੀ ਕਦੋਂ ਲੋੜ ਪੈ ਜਾਵੇ !"

"ਕੱਲੀ ਸਬਜ਼ੀ ਤੇ ਸੌਦੇ ਵਾਲੇ ਭਰੇ ਝੋਲੇ ਚੁੱਕੀ ਤੁਰੀ ਜਾਂਦੀ ਦੇ ਮਗਰ ਅਚਾਨਕ ਸਾਈਕਲ ਦੀ ਘੰਟੀ ਕਿਓਂ ਵਜਾ ਦਿਆ ਕਰਦੇ ਸੀ?

ਤੁਹਾਨੂੰ ਪਤਾ ਮੇਰਾ ਤ੍ਰਾਹ ਨਿੱਕਲ ਜਾਇਆ ਕਰਦਾ ਸੀ..ਪਰ ਓਦੋਂ ਬੜਾ ਚੰਗਾ ਲੱਗਦਾ ਜਦੋਂ ਸਾਰੇ ਝੋਲੇ ਹੈਂਡਲ ਤੇ ਟੰਗ ਮੈਨੂੰ ਪਿੱਛੇ ਬਿਠਾ ਮਿੰਟਾਂ ਵਿਚ ਅਸੀਂ ਘਰ ਪਹੁੰਚ ਜਾਇਆ ਕਰਦੇ..ਮੋਬਾਈਲ ਤੇ ਹੁੰਦੇ ਨਹੀਂ ਸਨ..ਫੇਰ ਵੀ ਏਨਾ ਸਾਰਾ ਕੁਝ ਪਤਾ ਨਹੀਂ ਕਿੱਦਾਂ ਹੋ ਜਾਇਆ ਕਰਦਾ..?"

ਉਹ ਅੱਗੋਂ ਅੱਖਾਂ ਪੂੰਝਦਾ ਆਖਣ ਲੱਗਾ.."ਸੱਚੀਂ ਪੁੱਛੇ ਭਾਗਵਾਨੇ..ਅੱਜ ਕੱਲ ਨਿਆਣਿਆਂ ਨੂੰ ਘੰਟਿਆਂ ਬੱਧੀ ਫੋਨ ਦੀਆਂ ਸਕਰੀਨਾਂ ਤੇ ਨਜਰਾਂ ਗੱਡੀ ਹੱਸਦੇ-ਰੋਂਦੇ ਦੇਖਦਾ ਹਾਂ ਤਾਂ ਕਾਲਜਾ ਮੂੰਹ ਨੂੰ ਆਉਂਦਾ..ਕੋਈ ਗੱਲ ਕਰਕੇ ਰਾਜੀ ਹੀ ਨਹੀਂ ਇੱਕ ਦੂਜੇ ਨਾਲ..ਪਤਾ ਨਹੀਂ ਕਿਹੜੀ ਚੰਦਰੀ ਵਾ ਵਗ ਤੁਰੀ ਏ..ਅਜੀਬ ਸੰਨਾਟਾ ਹੁੰਦਾ ਏ ਹਰੇ ਭਰੇ ਘਰ ਵਿਚ..?"

ਅੱਗੋਂ ਮੌਕਾ ਸੰਭਾਲਦੀ ਤੇ ਹੱਸਦੀ ਹੋਈ ਆਖਣ ਲੱਗੀ.."ਛੱਡੋ ਪਰਾਂ ਜੀ ਇਹਨਾਂ ਫਜੂਲ ਦੀਆਂ ਗੱਲਾਂ ਨੂੰ...ਕਾਹਨੂੰ ਦਿਲ ਹੌਲਾ ਕਰਦੇ ਓ..ਪੰਜਾਂ ਮਿੰਟਾਂ ਵਿਚ ਲਾਚੀਆਂ ਤੇ ਅਦਰਕ ਵਾਲੀ ਚਾਹ ਬਣਾ ਕੇ ਲਿਆਈ ਥੋੜੇ ਲਈ...ਫੇਰ ਕੱਠੇ ਬਹਿ ਕੇ ਪੀਂਦੇ ਹਾਂ"

ਅੱਗੋਂ ਹੈਰਾਨ ਹੁੰਦਾ ਆਖਣ ਲੱਗਾ..."ਮੈਂ ਵੀ ਬਸ ਆਖਣ ਹੀ ਲੱਗਾ ਸਾਂ ਕੇ ਚਾਹ ਧਰ ਲੈ...ਪਰ ਇੱਕ ਗੱਲ ਤਾਂ ਦੱਸ...ਤੈਨੂੰ ਕਿੱਦਾਂ ਪਤਾ ਲੱਗਾ ਕੇ ਅੱਜ ਮੇਰਾ ਗਲਾ ਖ਼ਰਾਬ ਏ?

ਹਰਪ੍ਰੀਤ ਸਿੰਘ ਜਵੰਦਾ

# ਘਰ ਦੀ ਕੁੜੀ ਤੋਂ ਭੂਆ ਬਣਨ ਤੱਕ

## ਰਿਸ਼ਤੇ ਦਾ ਅੰਤਰ...

ਦੋ ਸਾਲ ਪਹਿਲਾਂ ਗੁਰਮੀਤ ਕੌਰ ਦੀ ਭਰਜਾਈ ਇਸ ਦੁਨੀਆਂ ਤੋਂ ਚਲੀ ਗਈ ਸੀ 'ਤੇ ਪਿਛਲੇ ਸਾਲ ਉਸਦਾ ਭਰਾ ਵੀ ਸਦਾ ਲਈ ਵਿਛੋੜਾ ਦੇ ਗਿਆ ਸੀ,

ਭਰਾ ਦੇ ਤੁਰ ਜਾਣ ਤੋਂ ਬਾਅਦ ਗੁਰਮੀਤ ਕੌਰ ਦਾ ਪੇਕਿਆਂ ਦੇ ਘਰ ਜਾਣ ਨੂੰ ਉੱਕਾ ਹੀ ਜੀ ਨਹੀਂ ਕਰਦਾ ਸੀ, ਜਿਹੜਾ ਘਰ ਕਦੇ ਉਸਨੂੰ ਆਪਣਾ ਲੱਗਦਾ ਸੀ ਹੁਣ ਉੱਥੇ ਜਾਣ ਬਾਰੇ ਸੋਚਕੇ ਹੀ ਦਿਲ ਭਾਰਾ ਹੋ ਜਾਂਦਾ ਸੀ।

ਉੱਪਰੋਂ ਭਤੀਜਿਆਂ ਨੇ ਵੀ ਕਦੇ ਫੋਨ ਕਰਕੇ ਉਸਦੀ ਸੁੱਖ-ਸਾਂਦ ਨਹੀਂ ਪੁੱਛੀ ਸੀ ਪਰ ਪਿਛਲੇ ਕੁਝ ਦਿਨਾਂ ਤੋਂ ਪਤਾ ਨਹੀਂ ਕਿਉਂ, ਉਸਦੇ ਦਿਲ ਵਿੱਚ ਪੇਕਿਆਂ ਦੇ ਘਰ ਜਾਣ ਦੀ ਖੋਹ ਜਿਹੀ ਪੈ ਰਹੀ ਸੀ,

ਰੱਖੜੀ ਵੀ ਨੇੜੇ ਆ ਰਹੀ ਸੀ ਉਹ ਆਪਣੇ ਆਪ ਨੂੰ ਸਮਝਾਉਂਦੀ ਰਹੀ....ਭਰਾ ਤਾਂ ਹੁਣ ਹੈ ਨਹੀਂ... ਪਰ ਭਤੀਜੇ ਤਾਂ ਹੈਗੇ ਆ... ਧੀਆਂ ਨੂੰ ਪੇਕਿਆਂ ਦੀ ਝਾਕ ਆਖਰੀ ਸਾਹ ਤੱਕ ਰਹਿੰਦੀ ਆ, ਇੱਕ ਵਾਰ ਜਾਕੇ ਰੱਖੜੀ ਬੰਨ੍ਹ ਆਵਾਂਗੀ।

ਰੱਖੜੀ ਤੋਂ ਕੁਝ ਦਿਨ ਪਹਿਲਾਂ ਉਸਨੇ ਆਪਣੇ ਵੱਡੇ ਪੁੱਤਰ ਨੂੰ ਕਿਹਾ...ਪੁੱਤ... ਮੈਨੂੰ ਮੇਰੇ ਪੇਕੇ ਛੱਡ ਆ.... ਮੈਂ ਆਪਣੇ ਭਤੀਜਿਆਂ ਦੇ ਰੱਖੜੀ ਬੰਨ੍ਹਕੇ ਆਉਣੀ ਆ...।

ਮੁੰਡਾ ਕੁਝ ਪਲ ਚੁੱਪ ਰਿਹਾ, ਫਿਰ ਬੋਲਿਆ....ਮਾਂ, ਉਹ ਤਾਂ ਕਦੇ ਫੋਨ ਵੀ ਨਹੀਂ ਕਰਦੇ ਤੂੰ ਬੱਸ ਐਵੇਂ ਹੀ ਦਿਲ ਲਾਈ ਬੈਠੀ ਆਂ... ਕੀ ਲੈਣ ਜਾਣਾ ਉੱਥੇ।

ਗੁਰਮੀਤ ਕੌਰ ਨੇ ਪੁੱਤ ਵੱਲ ਦੇਖਿਆ 'ਤੇ ਕਿਹਾ....ਪੁੱਤ... ਧੀਆਂ ਨੂੰ ਤਾਂ ਆਖਰੀ ਵੇਲੇ ਤੱਕ ਪੇਕਿਆਂ ਦੀ ਝਾਕ ਹੁੰਦੀ ਆ, ਜੇ ਤੂੰ ਨਹੀਂ ਜਾਣਾ ਚਾਹੁੰਦਾ ਤਾਂ ਘਰੇ ਨਾ ਜਾਵੀਂ, ਮੈਨੂੰ ਬੂਹੇ ਅੱਗੇ ਛੱਡਕੇ ਮੁੜ ਆਵੀਂ...ਮਾਂ ਦੀਆਂ ਅੱਖਾਂ ਵਿੱਚਲੀ ਤੜਫ ਪੁੱਤ ਪੜ੍ਹ ਗਿਆ। ਉਹ ਮੰਨ ਗਿਆ...ਸਹਿਰੋਂ ਉਸਨੇ ਮਾਂ ਲਈ ਮਠਿਆਈ, ਰੱਖੜੀਆਂ 'ਤੇ ਫਲ ਲਏ.... ਗੁਰਮੀਤ ਕੌਰ ਨੂੰ ਨਾਨਕਿਆਂ ਦੇ ਘਰ ਦੇ ਬੂਹੇ ਅੱਗੇ ਉਤਾਰਦਿਆਂ ਪੁੱਤ ਨੇ ਕਿਹਾ....

ਮਾਂ, ਫੋਨ ਕਰ ਦਈਂ... ਮੈਂ ਆ ਜਾਵਾਂਗਾ ਲੈਣ...ਗੁਰਮੀਤ ਕੌਰ ਨੇ ਸਿਰ ਹਿਲਾਇਆ 'ਤੇ ਪੁੱਤ ਨੂੰ ਅਸੀਸ ਦਿੰਦਿਆਂ ਅੰਦਰ ਵੱਲ ਤੁਰ ਪਈ।

ਗੁਰਮੀਤ ਕੌਰ ਘਰ ਅੰਦਰ ਵੜੀ ਤਾਂ ਤਕਰੀਬਨ ਸਾਰਾ ਪਰਿਵਾਰ ਘਰ ਵਿੱਚ ਹੀ ਸੀ, ਉਸਨੂੰ ਦੇਖਕੇ ਕਿਸੇ ਦੇ ਚਿਹਰੇ ਉੱਤੇ ਉਹ ਖੁਸ਼ੀ ਨਹੀਂ ਸੀ, ਜਿਸਦੀ ਉਸਨੇ ਦਿਲ ਵਿੱਚ ਉਮੀਦ ਲਾਈ ਹੋਈ ਸੀ...ਆ ਜਾ... ਆ ਜਾ ਭੂਆ...ਭਤੀਜੇ ਨੇ ਉੱਤੋਂ-ਉੱਤੋਂ ਆਖਿਆ, ਪਰ ਚਿਹਰਿਆਂ ਉੱਤੇ ਆਈ ਬਣਾਉਟੀ ਖੁਸ਼ੀ ਗੁਰਮੀਤ ਕੌਰ ਤੋਂ ਲੁਕੀ ਨਾ ਰਹੀ, ਉਹ ਚੁੱਪਚਾਪ ਇੱਕ ਪਾਸੇ ਬੈਠ ਗਈ। ਕੁਝ ਸਮੇਂ ਬਾਅਦ ਉਸਦੀ ਭਤੀਜੀ ਪ੍ਰਦੀਪ ਵੀ ਰੱਖੜੀ ਬੰਨ੍ਹਣ ਆ ਗਈ...ਜਿਵੇਂ ਹੀ ਪ੍ਰਦੀਪ ਨੇ ਘਰ ਵਿੱਚ ਪੈਰ ਰੱਖਿਆ, ਮਾਹੌਲ ਹੀ ਬਦਲ ਗਿਆ...।

ਸਾਰੇ ਚਿਹਰੇ ਖਿੜ ਗਏ...ਓਏ ਪ੍ਰਦੀਪ ਆ ਗਈ...ਆ ਬੈਠ ਭੈਣੇ..ਕੀ ਖਾਵੇਂਗੀ...ਚਾਹ ਬਣਾਓ... ਮਠਿਆਈ ਲਿਆਓ... ਫਲ ਕੱਟੋ...ਜਿਹੜਾ ਖਾਣ-ਪੀਣ ਦਾ ਸਮਾਨ ਗੁਰਮੀਤ ਕੌਰ ਦੇ ਆਉਣ ਤੋਂ ਪਹਿਲਾਂ ਰਸੋਈ ਵਿੱਚ ਪਿਆ ਸੀ, ਉਹ ਸਾਰਾ ਮੇਜ਼ ਉੱਤੇ ਸਜ ਗਿਆ। ਪ੍ਰਦੀਪ ਨੂੰ ਪਿਆਰ ਨਾਲ ਬਿਠਾਇਆ ਗਿਆ, ਉਸਦੇ ਹੱਥੋਂ ਰੱਖੜੀ ਬੰਨ੍ਹਵਾਉਂਦਿਆਂ ਭਤੀਜੇ ਹੱਸ ਰਹੇ ਸਨ. ਗੁਰਮੀਤ ਕੌਰ ਇੱਕ ਕੋਨੇ ਵਿੱਚ ਚੁੱਪ ਬੈਠੀ ਸਭ ਕੁਝ ਦੇਖਦੀ ਰਹੀ, ਉਸ ਦੀਆਂ ਅੱਖਾਂ ਭਰ ਆਈਆਂ, ਉਸਨੂੰ ਆਪਣਾ ਭਰਾ ਯਾਦ ਆ ਗਿਆ...।

ਉਹ ਦਿਨ ਯਾਦ ਆ ਗਏ ਜਦੋਂ ਉਹ ਪੇਕਿਆਂ ਦੇ ਘਰ ਆਉਂਦੀ ਸੀ ਤਾਂ ਉਸਦਾ ਭਰਾ ਦੂਰੋਂ ਹੀ ਆਖਦਾ,ਲੈ ਬਈ ਗੁਰਮੀਤ ਆ ਗਈ।

ਭਰਜਾਈ ਰਸੋਈ ਵਿੱਚੋਂ ਆਖਦੀ...ਭੈਣ ਆਈ ਆ, ਅੱਜ ਤਾਂ ਸਾਰੇ ਕੰਮ ਛੱਡੋ... ਪਹਿਲਾਂ ਇਸਨੂੰ ਬਿਠਾਓ..ਉਹ ਦੋਵੇਂ ਉਸਦੇ ਆਉਣ ਨੂੰ ਤਿਉਹਾਰ ਸਮਝਦੇ ਸਨ,

ਅੱਜ ਉਹ ਹੀ ਘਰ ਸੀ...ਪਰ ਭਰਾ ਨਹੀਂ ਸੀ, ਭਰਜਾਈ ਨਹੀਂ ਸੀ 'ਤੇ ਸਭ ਤੋਂ ਵੱਡੀ ਗੱਲ...ਉਹ ਚਾਅ ਨਹੀਂ ਸੀ।

ਗੁਰਮੀਤ ਕੌਰ ਨੇ ਆਪਣੇ ਨਾਲ ਲਿਆਂਦੀ ਮਠਿਆਈ ਦਾ ਡੱਬਾ ਹੌਲੀ ਜਿਹੀ ਆਪਣੇ ਕੋਲ ਖਿੱਚ ਲਿਆ, ਰੱਖੜੀਆਂ ਵੱਲ ਦੇਖਿਆ 'ਤੇ ਅੱਖਾਂ ਪੂੰਝ ਲਈਆਂ,

ਉਸਨੇ ਮਨ ਹੀ ਮਨ ਆਪਣੇ ਮਰੇ ਹੋਏ ਭਰਾ ਨੂੰ ਕਿਹਾ...ਵੀਰਿਆ

ਤੂੰ ਹੁੰਦਾ ਤਾਂ ਅੱਜ ਮੈਨੂੰ ਇੰਨੀ ਪਰਾਈ ਮਹਿਸੂਸ ਨਾ ਹੋਣ ਦਿੰਦਾ।

ਅੱਖਾਂ ਵਿੱਚੋਂ ਹੰਝੂ ਵਹਿ ਤੁਰੇ, ਉਸਨੇ ਕਿਸੇ ਨੂੰ ਕੁਝ ਨਹੀਂ ਕਿਹਾ...ਬੱਸ ਉੱਠੀ, ਆਪਣਾ ਪਰਸ ਚੁੱਕਿਆ 'ਤੇ ਬੂਹੇ ਵੱਲ ਤੁਰ ਪਈ...ਜਾਂਦੀ ਜਾਂਦੀ ਉਸਨੇ ਇੱਕ ਵਾਰ ਪਿੱਛੇ ਮੁੜਕੇ ਦੇਖਿਆ...। ਉਸ ਘਰ ਵਿੱਚ ਪ੍ਰਦੀਪ ਹੱਸ ਰਹੀ ਸੀ 'ਤੇ ਸਾਰਾ ਪਰਿਵਾਰ ਉਸਦੇ ਆਲੇ-ਦੁਆਲੇ ਬੈਠਾ ਸੀ। ਉਸਨੇ ਦਿਲ ਵਿੱਚ ਕਿਹਾ....ਚੱਲ ਗੁਰਮੀਤ... ਅੱਜ ਤੈਨੂੰ ਸਮਝ ਆ ਗਈ... ਪੇਕਾ ਘਰ ਇੱਟਾਂ 'ਤੇ ਕੰਧਾਂ ਨਾਲ ਨਹੀਂ ਹੁੰਦਾ... ਪੇਕਾ ਘਰ ਤਾਂ ਉਨ੍ਹਾਂ ਲੋਕਾਂ ਦੇ ਨਾਲ ਹੁੰਦਾ ਜਿਹੜੇ ਆਉਣ ਦੀ ਉਡੀਕ ਕਰਦੇ ਨੇ।

ਉਹ ਬਾਹਰ ਆ ਗਈ...ਕੁਝ ਦੇਰ ਬਾਅਦ ਪੁੱਤ ਉਸਨੂੰ ਲੈਣ ਆ ਗਿਆ...ਗੱਡੀ ਵਿੱਚ ਬੈਠਦਿਆਂ ਪੁੱਤ ਨੇ ਪੁੱਛਿਆ....ਮਾਂ... ਰੱਖੜੀ ਬੰਨ੍ਹ ਆਈ ਏ.. ਗੁਰਮੀਤ ਕੌਰ ਨੇ ਖਿੜਕੀ ਤੋਂ ਬਾਹਰ ਦੇਖਦਿਆ ਆਪਣੀਆਂ ਭਰੀਆਂ ਅੱਖਾਂ ਲੁਕਾਈਆਂ 'ਤੇ ਬੜੀ ਮੁਸ਼ਕਿਲ ਨਾਲ ਮੁਸਕਰਾਉਂਦਿਆਂ ਕਿਹਾ.ਹਾਂ ਪੁੱਤ ਬੰਨ੍ਹ ਆਈ ਆ।

ਪੁੱਤ ਨੇ ਮਾਂ ਵੱਲ ਦੇਖਿਆ... ਉਸਨੂੰ ਸਭ ਕੁਝ ਸਮਝ ਆ ਗਿਆ ਸੀ... ਮਾਂ ਦੇ ਹੱਥ ਵਿੱਚ ਉਹ ਹੀ ਰੱਖੜੀਆਂ ਸਨ ਜਿਹੜੀਆਂ ਉਹ ਲੈਕੇ ਗਈ ਸੀ... ਮਠਿਆਈ ਦਾ ਡੱਬਾ ਵੀ ਜਿਉਂ ਦਾ ਤਿਉਂ ਬੰਦ ਪਿਆ ਸੀ। ਉਸਨੇ ਮਾਂ ਨੂੰ ਹੋਰ ਕੁਝ ਨਾ ਪੁੱਛਿਆ...ਬੱਸ ਗੱਡੀ ਚਲਾਉਂਦਿਆਂ ਆਪਣੀ ਮਾਂ ਦਾ ਹੱਥ ਫੜ ਲਿਆ.ਗੁਰਮੀਤ ਕੌਰ ਨੇ ਵੀ ਪੁੱਤ ਦਾ ਹੱਥ ਘੁੱਟਕੇ ਫੜ ਲਿਆ 'ਤੇ ਅੱਖਾਂ ਬੰਦ ਕਰ ਲਈਆਂ ਉਸਦੇ ਅੰਦਰੋਂ ਇੱਕ ਹੂਕ ਜਿਹੀ ਉੱਠੀ...ਵੀਰਿਆ...ਜਿਸ ਘਰ ਦੇ ਬੂਹੇ ਉੱਤੇ ਕਦੇ ਮੇਰੇ ਆਉਣ ਦਾ ਚਾਅ ਹੁੰਦਾ ਸੀ, ਅੱਜ ਉੱਥੇ ਮੈਂ ਪਰਾਈ ਹੋ ਗਈ ਆਂ।

ਉਸ ਦੀਆਂ ਅੱਖਾਂ ਵਿੱਚੋਂ ਹੰਝੂ ਵਗ ਪਏ..ਉਸਨੇ ਆਪਣੇ ਪਰਸ ਵਿੱਚੋਂ ਰੱਖੜੀ ਕੱਢੀ... ਫਿਰ ਉਸਨੂੰ ਆਪਣੀ ਛਾਤੀ ਨਾਲ ਲਾ ਲਿਆ...ਵੀਰਿਆ... ਤੂੰ ਹੁੰਦਾ ਤਾਂ ਮੈਂ ਅੱਜ ਖਾਲੀ ਹੱਥ ਨਾ ਮੁੜਦੀ...। ਤੂੰ ਮੇਰੇ ਕੋਲੋਂ ਰੱਖੜੀ ਬੰਨ੍ਹਵਾਉਂਦਾ... ਮੇਰੇ ਸਿਰ 'ਤੇ ਹੱਥ ਰੱਖਕੇ ਕਹਿੰਦਾ...ਗੁਰਮੀਤ, ਤੂੰ ਆਇਆ ਕਰ... ਇਹ ਘਰ ਤੇਰਾ ਏ। ਉਸ ਦਿਨ ਗੁਰਮੀਤ ਕੌਰ ਨੇ ਦਿਲ ਵਿੱਚ ਇੱਕ ਗੱਲ ਪੱਕੀ ਕਰ ਲਈ ਸੀ ਕਿ...ਧੀ ਨੂੰ ਪੇਕਿਆਂ ਦੀ ਝਾਕ ਆਖਰੀ ਸਾਹ ਤੱਕ ਰਹਿੰਦੀ ਏ...ਪਰ ਜਿੱਥੇ ਧੀ ਦੀ ਉਡੀਕ ਮੁੱਕ ਜਾਵੇ...ਉੱਥੇ ਪੇਕਾ ਘਰ ਸਿਰਫ ਘਰ ਰਹਿ ਜਾਂਦਾ ਏ... ਪੇਕਾ ਨਹੀਂ।

# ਇਕ ਸੱਚੀ ਘਟਨਾ ਜੋ ਤੁਹਾਡੇ ਦਿਲ ਨੂੰ ਵਿਸ਼ਵਾਸ਼ ਨਾਲ ਭਰ ਦੇਵੇਗੀ

ਇਕ ਸੱਚੀ ਘਟਨਾ ਜੋ ਤੁਹਾਡੇ ਦਿਲ ਨੂੰ ਵਿਸ਼ਵਾਸ ਨਾਲ ਭਰ ਦੇਵੇਗੀ
ਇਹ ਘਟਨਾ ਅੰਮ੍ਰਿਤਸਰ ਦੇ ਇਕ ਪਿੰਡ ਦੀ ਹੈ।

ਇਕ ਕੁੜੀ ਸੀ ਜਿਸ ਦਾ ਗੁਰੂ ਨਾਨਕ ਦੇਵ ਜੀ ਵਿੱਚ ਬਹੁਤ ਵਿਸ਼ਵਾਸ ਸੀ। ਉਹ ਸਵੇਰੇ 3 ਵਜੇ ਉਠ ਜਾਂਦੀ ਤੇ ਪਾਠ ਕਰਦੀ। ਰੋਜ਼ ਗੁਰੂਦੁਆਰੇ ਜਾਂਦੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੀ, ਸਹਿਜ ਪਾਠ ਕਰਦੀ। ਉਹਨੂੰ ਬਹੁਤ ਸਾਰੀ ਬਾਣੀ ਜ਼ਬਾਨੀ ਯਾਦ ਸੀ। ਉਹ ਜਦ ਘਰ ਦਾ ਕੰਮ ਵੀ ਕਰਦੀ ਤਾਂ ਗੁਰਬਾਣੀ ਦੀ ਕੋਈ ਨਾ ਕੋਈ ਤੁਕ ਹਮੇਸ਼ਾ ਉਹਦੇ ਮੂੰਹ ਤੇ ਹੁੰਦੀ। ਉਹ ਸਿਰ ਤੇ ਹਮੇਸ਼ਾ ਚੁੰਨੀ ਲੈ ਕੇ ਰੱਖਦੀ ਸੀ। ਫਿਰ ਉਹਦਾ ਵਿਆਹ ਹੋ ਗਿਆ। ਸਹੁਰੇ ਘਰ ਜਾ ਕੇ ਵੀ ਉਹਨੇ ਆਪਣਾ ਨਿਤਨੇਮ ਨਾ ਛੱਡਿਆ। ਰੋਜ ਗੁਰਦੁਆਰੇ ਜਾਣਾ, ਸੇਵਾ ਕਰਨੀ, ਪਰਕਾਸ਼ ਕਰਨਾ। ਉਹਦੇ ਸਹੁਰੇ ਪਰਿਵਾਰ ਵਾਲੇ ਕਿਸੇ ਹੋਰ ਬਾਬੇ ਨੂੰ ਮੰਨਦੇ ਸੀ ਉਹਨਾ ਨੂੰ ਨੂੰਹ ਦਾ ਇਸ ਤਰ੍ਹਾ ਗੁਰੂ ਘਰ ਜਾਣਾ ਬਿਲਕੁਲ ਪਸੰਦ ਨਹੀਂ ਸੀ। ਉਹ ਨੂੰਹ ਨੂੰ ਵੀ ਉਸ ਦੁਨਿਆਵੀ ਬਾਬੇ ਨੂੰ ਮੰਨਣ ਲਈ ਕਹਿੰਦੇ ਪਰ ਨੂੰਹ ਨੇ ਸਾਫ ਮਨ੍ਹਾ ਕਰ ਦਿੱਤਾ ਤੇ ਕਿਹਾ ਮੇਰਾ ਗੁਰੂ ਗ੍ਰੰਥ ਸਾਹਿਬ ਜੀ ਸਮਰੱਥ ਹਨ ਮੈਨੂੰ ਕਿਸੇ ਹੋਰ ਅੱਗੇ ਮੱਥਾ ਟੇਕਣ ਦੀ ਜ਼ਰੂਰਤ ਨਹੀਂ। ਜਿਹੜੇ ਉਹਦੇ ਸਹੁਰੇ ਸੀ ਉਹ ਬਹਾਨਾ ਲੱਭਦੇ ਸੀ ਇਹਨੂੰ ਕਿਸੇ ਤਰ੍ਹਾਂ ਨੀਵਾਂ ਦਿਖਾਈਏ। ਉਹਦੇ ਸਹੁਰੇ ਨੇ ਕਿਹਾ ਕਿ ਜੇ ਤੇਰੇ ਗੁਰੂ ਗ੍ਰੰਥ ਸਾਹਿਬ ਜੀ ਸਮਰੱਥ ਹਨ ਤਾਂ ਇਸ ਮਹੀਨੇ ਦੀ 31 ਤਰੀਕ ਤਕ ਆਪ ਚੱਲ ਕੇ ਸਾਡੇ ਘਰ ਆਉਣ।

ਜੇ ਉਹ ਆ ਗਏ ਤਾਂ ਅਸੀਂ ਤੈਨੂੰ ਗੁਰੂ ਘਰ ਜਾਣ ਤੋਂ ਕਦੀ ਵੀ ਨਹੀਂ ਰੋਕਾਂਗੇ ਤੇ ਜੇ ਉਹ ਨਾ ਆਏ ਤਾਂ ਤੂੰ ਕਦੀ ਗੁਰੂ ਘਰ ਨਾ ਜਾਈਂ।

ਉਸ ਕੁੜੀ ਦਾ ਬਹੁਤ ਵਿਸ਼ਵਾਸ ਸੀ। ਉਹਨੇ ਕਿਹਾ ਮੈਨੂੰ ਮਨਜ਼ੂਰ ਹੈ।

ਉਹਨੇ ਰੋਜ਼ ਸਵੇਰੇ ਗੁਰੂਦੁਆਰੇ ਜਾਇਆ ਕਰਨਾ।

ਅਰਦਾਸ ਕਰਿਆ ਕਰਨੀ

ਕਦੀ ਕਦੀ ਰੋ ਵੀ ਪੈਣਾ

ਬਸ ਇਕੋ ਗਲ ਕਿ ਗੁਰੂ ਜੀ ਮੈਨੂੰ ਤੁਹਾਡੇ ਤੇ ਪੂਰਨ ਵਿਸ਼ਵਾਸ ਹੈ ਮੇਰੀ ਇਜ਼ਤ ਰੱਖਿਓ।

ਦਿਨ ਲੰਘਦੇ ਗਏ। ਅਖੀਰ 30 ਤਰੀਕ ਆ ਗਈ।

ਉਸ ਰਾਤ ਕੁੜੀ ਬਹੁਤ ਰੋਈ ਕਿ ਜੇ ਸਵੇਰੇ ਵੀ ਗੁਰੂ ਜੀ ਘਰ ਨਾ ਆਏ ਤਾਂ ਮੇਰਾ ਵਿਸ਼ਵਾਸ ਟੁੱਟ ਜਾਣਾ ਹੈ।

ਉਸ ਰਾਤ 3 ਵਜੇ ਤੋਂ ਬਾਅਦ ਬਹੁਤ ਬਾਰਿਸ਼ ਪਈ।

ਉਸ ਦਿਨ ਕੁੜੀ ਗੁਰਦੁਆਰੇ ਨਾ ਗਈ।

ਜਦ ਸਵੇਰ ਹੋਈ ਤਾਂ ਪਿੰਡ ਦੇ ਗ੍ਰੰਥੀ ਨੇ ਦੇਖਿਆ ਕਿ ਗੁਰਦੁਆਰੇ ਦੀ ਕੱਚੀ ਛੱਤ ਚੋ ਰਹੀ ਸੀ। ਉਹਨੇ ਸੋਚਿਆ ਇਹ ਤਾਂ ਬਹੁਤ ਗਲਤ ਹੋਇਆ। ਉਹਨੇ ਪਿੰਡ ਦੇ ਕੁਝ ਸਿਆਣੇ ਬੰਦੇ ਇਕੱਠੇ ਕੀਤੇ। ਉਹਨਾ ਨੇ ਸਲਾਹ ਬਣਾਈ ਕਿ ਜਦ ਤਕ ਮੀਂਹ



ਹਟ ਨਹੀਂ ਜਾਂਦਾ ਤੇ ਛੱਤ ਠੀਕ ਨਹੀਂ ਹੋ ਜਾਂਦੀ ਤਦ ਤਕ ਗੁਰੂ ਜੀ ਦਾ ਸਰੂਪ ਕਿਸੇ ਦੇ ਘਰ ਪ੍ਰਕਾਸ਼ ਕਰ ਦੇਣਾ ਚਾਹੀਦਾ ਹੈ ਤਾਂ ਜੋ ਬੇਅਦਬੀ ਨਾ ਹੋਵੇ। ਤਦ ਸਲਾਹ ਹੋਣ ਲੱਗੀ ਕਿ ਕਿਸ ਦੇ ਘਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਜਾਇਆ ਜਾਵੇ। ਤਦ ਗ੍ਰੰਥੀ ਸਿੰਘ ਨੇ ਕਿਹਾ ਕਿ ਹਰ ਰੋਜ ਇੱਥੇ ਇਕ ਲੜਕੀ ਆਉਂਦੀ ਹੈ ਜੋ ਕਦੇ ਕਦੇ ਪ੍ਰਕਾਸ਼ ਵੀ ਆਪ ਹੀ ਕਰਦੀ ਹੈ। ਹੋਰ ਵੀ ਬਹੁਤ ਸੇਵਾ ਕਰਦੀ ਹੈ। ਆਪਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਉਹਦੇ ਘਰ ਲੈ ਜਾਈਏ। ਸਾਰੇ ਹੀ ਇਸ ਗੱਲ ਨਾਲ ਸਹਿਮਤ ਹੋ ਗਏ। ਇਕ ਬਜੁਰਗ ਕਹਿਣ ਲੱਗਾ ਕਿ ਪਹਿਲਾਂ ਇਕ ਬੰਦਾ ਉਹਨਾ ਦੇ ਘਰ ਭੇਜ ਕੇ ਇਜਾਜ਼ਤ ਤਾਂ ਲੈ ਲਵੋ। ਤਾਂ ਗ੍ਰੰਥੀ ਸਿੰਘ ਨੇ ਕਿਹਾ ਕਿ ਇਜਾਜ਼ਤ ਕੀ ਲੈਣੀ ਹੈ ਉਹ ਮਨਾ ਥੋੜ੍ਹਾ ਕਰਨਗੇ। ਤਦ ਉਹ ਗ੍ਰੰਥੀ ਸਿੰਘ ਤੇ ਨਾਲ 5-7 ਹੋਰ ਬੰਦੇ ਮਹਾਰਾਜ ਦਾ ਸਰੂਪ ਸਿਰ ਤੇ ਰੱਖ ਕੇ ਉਹਨਾਂ ਦੇ ਘਰ ਵੱਲ ਚਲ ਪਏ।

ਉਹਦੇ ਸਹੁਰੇ ਘਰ ਇਹੀ ਗੱਲ ਹੋ ਰਹੀ ਸੀ ਕਿ ਅੱਜ 31 ਤਰੀਕ ਹੈ ਜੇ ਗੁਰੂ ਜੀ ਨਾ ਆਏ ਤਾਂ ਗੁਰੂਦੁਆਰੇ ਨਹੀਂ ਜਾਣਾ। ਏਨੇ ਚਿਰ ਨੂੰ ਦਰਵਾਜ਼ੇ ਤੇ ਦਸਤਕ ਹੋਈ। ਜਦ ਸਹੁਰੇ ਨੇ ਬੂਹਾ ਖੋਲਿਆ ਤਾਂ ਸਾਹਮਣੇ ਗੁਰੂ ਗ੍ਰੰਥ ਸਾਹਿਬ ਜੀ। ਉਹ ਤਾਂ ਹੈਰਾਨ ਰਹਿ ਗਿਆ। ਗ੍ਰੰਥੀ ਸਿੰਘ ਨੇ ਕਿਹਾ ਕਿ ਕੋਈ ਵੀ ਇਕ ਕਮਰਾ ਵਿਹਲਾ ਕਰਕੇ ਚੰਗੀ ਤਰ੍ਹਾਂ ਸਫਾਈ ਕਰ ਦਿਓ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਹੈ।

ਉਸ ਕੁੜੀ ਨੇ ਬੜੇ ਚਾਅ ਨਾਲ ਕਮਰਾ ਸਾਫ ਕੀਤਾ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਸਾਰੇ ਪਰਿਵਾਰ ਨੇ ਹੱਥ ਜੋੜ ਕੇ ਮਾਫੀ ਮੰਗੀ। ਕੁੜੀ ਦਾ ਵਿਸ਼ਵਾਸ ਰੰਗ ਲਿਆਇਆ।

ਗੱਲ ਸਾਰੀ ਵਿਸ਼ਵਾਸ ਦੀ ਹੈ।

ਧੰਨੇ ਜੱਟ ਨੇ ਵਿਸ਼ਵਾਸ ਨਾਲ ਹੀ ਪੱਥਰ ਵਿਚੋਂ ਰੱਬ ਪਾ ਲਿਆ ਸੀ। ਸਾਡੇ ਗੁਰੂ ਗ੍ਰੰਥ ਸਾਹਿਬ ਜੀ ਅੱਜ ਵੀ ਸਮਰੱਥ ਹਨ। ਕਮੀ ਗੁਰੂ ਵਿਚ ਨਹੀਂ ਸਾਡੇ ਵਿੱਚ ਹੈ। ਸਾਨੂੰ ਗੁਰੂ ਜੀ ਤੇ ਵਿਸ਼ਵਾਸ ਹੀ ਨਹੀਂ। ਅਸੀਂ ਕੋਈ ਵੀ ਕੰਮ ਕਰਦੇ ਹਾਂ ਤਾਂ ਆਪਣੀ ਮੱਤ ਨੂੰ ਅੱਗੇ ਰੱਖਦੇ ਹਾਂ ਗੁਰੂ ਜੀ ਦੀ ਮੱਤ ਨਹੀ ਲੈਂਦੇ। ਤਾਂ ਹੀ ਅਸੀਂ ਬਾਅਦ ਵਿਚ ਦੁਖੀ ਹੁੰਦੇ ਹਾਂ।

ਭਗਤੀ ਸਾਰੀ ਵਿਸ਼ਵਾਸ ਤੇ ਖੜ੍ਹੀ ਹੈ। ਇਸ ਲਈ ਗੁਰੂ ਜੀ ਤੇ ਵਿਸ਼ਵਾਸ ਬਣਾਓ। ਕੁਝ ਵੀ ਅਸੰਭਵ ਨਹੀ। ਬਸ ਕਦੇ ਵੀ ਸ਼ੱਕ ਨਾ ਕਰਨਾ ਕਿ ਮੇਰਾ ਗੁਰੂ ਇਹ ਨਹੀ ਕਰ ਸਕਦਾ।

ਨੀਤ ਸਾਫ ਰੱਖਣਾ ਤੇ ਵਿਸ਼ਵਾਸ ਰੱਖਣਾ ਕਿ ਹਾਂ ਇਸ ਤਰ੍ਹਾ ਹੋ ਸਕਦਾ ਹੈ। ਵਿਸ਼ਵਾਸ ਆਪਣੇ ਮਤਲਬ ਲਈ ਨਹੀ ਰੱਖਣਾ। ਦਿਲ ਨਾਲ ਪ੍ਰੇਮ ਕਰਨਾ ਹੈ।

ਆਪਣੇ ਗੁਰੂ ਜੀ ਪ੍ਰਤੀ ਵਿਸ਼ਵਾਸ ਪੈਦਾ ਕਰਨ ਲਈ ਇਸਨੂੰ ਸ਼ੇਅਰ ਕਰੋ।

LEGAL & BUSINESS SOLUTIONS FOR NRI'S
Property • Family • Business • Taxation Matters

ਪੰਜਾਬ ਵਿਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ
- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ
- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ
- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD
BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# "ਸੋਨੇ ਬਗੈਰ ਵਿਆਹ-ਇੱਕ ਸਿਆਣਪ"



ਪੰਜਾਬੀ ਸਮਾਜ ਵਿੱਚ ਵਿਆਹਾਂ ਉੱਤੇ 'ਬੇਲੋੜੇ ਖਰਚ ਅੱਜਕਲ੍ਹ ਕਿਸੇ ਪਰਿਵਾਰ ਦੀ ਆਰਥਿਕਤਾ ਦੇ ਹੋਛੇ ਮਾਪਕਾਂ ਦਾ ਇੱਕ ਪ੍ਰਤੀਕ ਸਮਝਿਆ ਜਾਂਦਾ ਹੈ , ਪਰ ਕੀ ਇਹ ਕਿਸੇ ਮਾਪਕ ਦੀ ਅਸਲ ਸੱਚਾਈ ਹੈ? ਬਿਲਕੁਲ ਨਹੀਂ!

ਖ਼ਾਸ ਕਰਕੇ ਸੋਨੇ ਦੇ ਗਹਿਣੇ ਵਿਆਹਾਂ ਦੀ ਸ਼ਾਨ ਸਮਝੇ ਜਾਂਦੇ ਹਨ ਪਰ ਹੁਣ ਸਮਾਂ ਬਦਲ ਰਿਹਾ ਹੈ।

ਅੱਜ ਦੇ ਜਾਗਰੂਕ ਨੌਜਵਾਨ ਇਹ ਸਵਾਲ ਪੁੱਛ ਰਹੇ ਹਨ- ਕੀ ਸਿਰਫ ਇੱਕ ਦਿਨ ਦੀ ਝੂਠੀ ਚਮਕ-ਦਮਕ ਲਈ ਸਾਲਾਂ ਦੀ ਕਮਾਈ ਨੂੰ ਰੋੜ੍ਹ ਦੇਣਾ ਅਤੇ ਕਰਜ਼ੇ ਲੈਕੇ , ਅੱਡੀਆਂ ਚੁੱਕਕੇ ਫਾਹ ਲੈਣਾ ਹੀ ਸਹੀ ਹੈ?

ਜੇ ਕਰਜ਼ਾ ਲੈਕੇ ਸੋਨਾ ਖਰੀਦਣਾਂ ਹੈ ਤਾਂ ਇਹ ਪਰਿਵਾਰ ਦੀ ਆਰਥਿਕਤਾ ਦਾ ਵੀ ਕਿਹੜਾ ਮਾਪਕ ਹੋਇਆ!

ਦੂਸਰਾ ਪੱਖ ਕਿ ਕੌਣ ਆਰਥਿਕ ਪੱਖੋਂ ਤਕੜਾ ਤੇ ਕੌਣ ਕਮਜ਼ੋਰ ਹੈ , ਇਹ ਜਾਣਕੇ ਜਾਂ ਇਹ ਦੱਸਕੇ ਲਾਭ ਕੀ ਅਤੇ ਕਿਸਨੂੰ ਲਾਭ ? ਮੈਂ ਤਾਂ ਹੀ ਲੇਖ ਦੇ ਸ਼ੁਰੂ ਵਿੱਚ ਹੋਛਾ ਮਾਪ ਕਹਿਕੇ ਚਰਚਾ ਛੇੜਦਾ ਸ਼ਬਦ ਵਰਤਿਆ ਹੈ।

ਸੋਨੇ ਬਗੈਰ ਵਿਆਹ ਇੱਕ ਚਰਚਾ ਨਹੀ ਸਗੋਂ ਸੱਚਮੁੱਚ ਰੁਝਾਨ ਬਣਨਾ ਚਾਹੀਦਾ ਹੈ ਤਾਂਕਿ ਮਾਪਿਆਂ ਦੀ ਮਜਬੂਰੀ ਵੱਸ ਹੁੰਦੀ ਲੁੱਟ ਦਾ ਅਹਿਸਾਸ ਪੈਦਾ ਹੋਵੇ ਅਤੇ ਇਹ ਬੰਦ ਹੋਵੇ।

ਵੈਸੇ ਵੀ ਸੁੰਦਰਤਾ ਗਹਿਣਿਆਂ ਦੀ ਮੁਥਾਜ਼ ਨਹੀਂ ਹੁੰਦੀ ਸਗੋਂ ਅਸਲ ਸੁੰਦਰਤਾ ਹਮੇਸ਼ਾ ਕੁਦਰਤੀ ਅਤੇ ਜਮਾਂਦਰੂ ਹੁੰਦੀ ਹੈ। ਇਸਤਰੀ ਦਾ ਅਸਲੀ ਗਹਿਣਾ ਉਸਦਾ ਸੁਭਾਅ ਹੁੰਦਾ ਹੈ। ਵਿਆਹ ਦੀ ਖ਼ੂਬਸੂਰਤੀ ਸੋਨੇ ਦੀ ਚਮਕ ਵਿੱਚ ਨਹੀਂ, ਸਗੋਂ ਦਿਲਾਂ ਦੀ ਨੇੜਤਾ ਵਿੱਚ ਹੈ।

ਦੋ ਪਰਿਵਾਰ ਜੁੜੇ ਹਨ , ਦੋ ਬੱਚੇ ਵਿਆਹ ਬੰਧਨ ਵਿੱਚ ਸਦੀਵ ਲਈ ਇੱਕ ਦੂਸਰੇ ਦੇ ਹੋ ਜਾਂਦੇ ਹਨ। ਇਹ ਹੀ ਸਭ ਤੋਂ ਵਧੀਕ ਖੁਸ਼ੀ ਦਾ ਪ੍ਰਗਟਾਵਾ ਹੁੰਦਾ ਹੈ।

ਸਾਡੀ ਪਹਿਚਾਣ ਸਾਡੇ ਅੰਦਰ ਹੈ, ਬਾਹਰੀ ਚਮਕ-ਦਮਕ ਇੱਕ ਦਿਨ ਦਾ ਝੂਠਾ ਦਿਖਾਵਾ ਹੈ। ਅਸਲ ਖ਼ੂਬਸੂਰਤੀ ਸਧਾਰਣਤਾ ,ਸਾਦਗੀ ਵਿੱਚ ਵੱਸਦੀ ਹੈ। ਦਿਖਾਵਾ ਅਤੇ ਵਾਧੂ ਖਰਚੇ ਮਨੁੱਖ ਨੂੰ ਨਿਰੋਈਆਂ ਸੱਭਿਆਚਾਰਕ ਕਦਰਾਂ-ਕੀਮਤਾਂ ਤੋਂ ਦੂਰ ਕਰਦੇ ਹਨ।

ਪਹਿਲਾਂ ਸੋਨੇ ਨੂੰ ਪਰਿਵਾਰ ਦੀ ਜਮ੍ਹਾਂ-ਪੂੰਜੀ ਵਜੋਂ ਦੇਖਿਆ ਜਾਂਦਾ ਸੀ ਜੋ ਕਿਤੇ ਔਖੇ ਸਮੇਂ ਵਿੱਚ ਸਹਾਰਾ ਬਣਦਾ ਸੀ। ਪਰ ਅੱਜ ਦੀ ਔਰਤ , ਆਰਥਿਕ ਤੌਰ 'ਤੇ ਆਪਣੀ ਪਹਿਚਾਣ ਨੂੰ ਹੁਨਰ, ਸਿੱਖਿਆ ਅਤੇ ਆਤਮ-ਵਿਸ਼ਵਾਸ ਨਾਲ ਸੁਤੰਤਰ ਅਤੇ ਸੁਰੱਖਿਅਤ ਬਣਾਉਣਾ ਚਾਹੁੰਦੀ ਹੈ, ਪਰ ਗਹਿਣਿਆਂ ਦੇ ਭਾਰ ਨਾਲ਼ ਨਹੀਂ।

ਇਸੇ ਲਈ ਕਈ ਨੌਜਵਾਨ ਜੋੜੇ ਹੁਣ ਸੋਨੇ ਦੀ ਥਾਂ ਸਾਦੇ ਜਾਂ ਕਿਰਾਏ ਤੇ ਮਿਲ਼ਦੇ ਫੈਸ਼ਨੀ ਗਹਿਣਿਆਂ ਨੂੰ ਤਰਜੀਹ ਦੇ ਰਹੇ ਹਨ। ਜੋ ਇੱਕ ਦਿਨ ਲਈ ਵਰਤਣੇ ਹੁੰਦੇ ਹਨ, ਜਿਸ ਨਾਲ਼ ਕਮਾਈ ਰੁੜਨ ਤੋਂ ਬਚਦੀ ਹੈ।

ਨਵੀਂ ਪੀੜ੍ਹੀ ਇਸ ਗੱਲ ਨੂੰ ਸਮਝ ਰਹੀ ਹੈ ਕਿ ਵਿਆਹ ਦੀ ਖੁਸ਼ੀ ਉਨਾਂ ਦੇ ਜੀਵਨ ਸਾਥੀ ਦੇ ਮਿਲਾਪ ਵਿੱਚ ਹੋ ਸਕਦੀ ਹੈ , ਗਹਿਣਿਆਂ ਦੇ ਅਡੰਬਰਾਂ ਨਾਲ਼ ਨਹੀਂ।

ਦੇਖਿਆ ਜਾਵੇ ਤਾਂ ਸੋਨੇ ਦਾ ਲੈਣ-ਦੇਣ ਵੀ ਦਾਜ ਪ੍ਰਥਾ ਦੇ ਕੋੜ੍ਹ ਦਾ ਹੀ ਇੱਕ ਹਿੱਸਾ ਹੈ। 'ਸੋਨੇ ਬਿਨਾਂ' ਵਿਆਹ ਇਸ ਗਲਤ ਰਿਵਾਜ ਖ਼ਿਲਾਫ਼ ਇੱਕ ਚੰਗੀ ਸਾਰਥਿਕ ਤਬਦੀਲੀ ਹੈ।

ਹੁਣ ਨੌਜਵਾਨ ਮੰਨ ਰਹੇ ਹਨ ਕਿ ਜ਼ਿੰਦਗੀ ਉਹਨ੍ਹਾਂ ਦੀ ਹੈ ਅਤੇ ਫ਼ੈਸਲੇ ਵੀ ਉਹਨ੍ਹਾਂ ਦੇ ਆਪਣੇ ਹੋਣੇ ਚਾਹੀਦੇ ਹਨ। ਸਭ ਪਰਿਵਾਰਾਂ ਨੂੰ ਇਸ ਸਬੰਧੀ ਚਰਚਾਵਾਂ ਜ਼ਰੀਏ ਇੱਕ ਦੂਜੇ ਦਾ ਸਹਿਯੋਗ ਕਰਕੇ ਤਬਦੀਲੀ ਨੂੰ ਹੋਰ ਮਜ਼ਬੂਤ ਬਣਾਉਣ ਦੀ ਸਖਤ ਲੋੜ ਹੈ।

ਸੋਨਾ ਖਰੀਦਕੇ ਲੌਕਰਾਂ ਵਿੱਚ ਜਮ੍ਹਾਂ ਕਰਨ ਦੀ ਬਜਾਏ, ਇਸਦੀ ਥਾਂ ਬੈਂਕਾਂ ਦੀਆਂ ਬਚਤ ਯੋਜਨਾਵਾਂ, ਮਿਊਚੁਅਲ ਫੰਡ, ਸ਼ੇਅਰ ਬਾਜ਼ਾਰ ਜਾਂ ਡਿਜ਼ੀਟਲ ਗੋਲਡ ਵਰਗੇ ਵਿਕਲਪ ਨਿਵੇਸ਼ਾਂ ਵੱਲ ਵੱਧ ਰਹੇ ਹਨ , ਜਿੱਥੇ ਪੂੰਜੀ ਸੁਰੱਖਿਅਤ ਰਹਿੰਦੀ ਹੈ ਅਤੇ ਆਰਥਿਕ ਵਾਧਾ ਵੀ ਕਰਦੀ ਹੈ।

ਦੋ ਦਿਨ ਪਹਿਲਾਂ ਮੈਂ ਇੱਕ ਵਿਆਹ ਵਿੱਚ ਸ਼ਾਮਿਲ ਹੋਈ। ਦੁਲਹਨ ਬਹੁਤ ਹੀ ਸਾਦਗੀ ਨਾਲ ਸਜੀ ਹੋਈ ਸੀ। ਉਸਨੇ ਭਾਰੀ ਗਹਿਣਿਆਂ ਦੀ ਥਾਂ ਹਲਕੇ ਅਤੇ ਸਧਾਰਨ ਗਹਿਣੇ ਪਹਿਨੇ ਹੋਏ ਸਨ। ਉਸਦੇ ਚਿਹਰੇ ਦੀ ਖੁਸ਼ੀ ਅਤੇ ਆਤਮ-ਵਿਸ਼ਵਾਸ ਕਿਸੇ ਵੀ ਸੋਨੇ ਦੀ ਚਮਕ ਤੋਂ ਕਿਤੇ ਵੱਧ ਦਿੱਸ ਰਿਹਾ ਸੀ।

ਕੁੱਝ ਔਰਤਾਂ ਹੌਲੀ-ਹੌਲੀ ਇਕ ਦੂਜੇ ਨੂੰ ਕਹਿ ਰਹੀਆਂ ਸਨ, " ਲਗਦਾ ਹੈ ਮਾਂ ਪਿਓ ਨੇ ਸੋਨਾ ਨਹੀਂ ਪਾਇਆ..."

ਦੁਲਹਨ ਨੇ ਇਹ ਗੱਲ਼ਾਂ ਸੁਣ ਵੀ ਲਈਆਂ ਅਤੇ ਉਹਨਾਂ ਦੀ ਜੰਗਾਲ਼ੀ ਹੋਈ ਮੂਰਖਤਾ ਉੱਤੇ ਉਹ ਹੌਲੀ ਜਿਹੀ ਮੁਸਕਰਾਈ ਤੇ ਕਹਿਣ ਲੱਗੀ,

" ਮੈਂ ਸੋਨੇ ਨਾਲ਼ ਨਹੀਂ, ਆਪਣੇ ਮਾਪਿਆਂ ਦੀਆਂ ਦੁਆਵਾਂ ਅਸੀਸਾਂ ਨਾਲ ਸ਼ਿੰਗਾਰ ਕੀਤਾ ਹੈ। ਮੈਂ ਨਹੀਂ ਚਾਹੁੰਦੀ ਸੀ ਕਿ ਮੇਰੇ ਵਿਆਹ ਲਈ ਮੇਰੇ ਮਾਪੇ ਕਰਜ਼ੇ ਵਿੱਚ ਡੁੱਬ ਜਾਣ। ਉਹਨਾਂ ਨੇ ਮੇਰੀ ਪੜ੍ਹਾਈ ਲਈ ਬਹੁਤ ਕੁਝ ਕੀਤਾ ਹੈ। ਹੁਣ ਮੇਰੀ ਵਾਰੀ ਸੀ ਕਿ ਮੈਂ ਉਹਨਾਂ ਲਈ ਕੁਝ ਸੋਚਾਂ।

ਮੇਰੇ ਗਹਿਣੇ ਮੇਰੀ ਪੜ੍ਹਾਈ ਹੈ, ਮੇਰੀ ਪ੍ਰਤਿਭਾ ਹੈ, ਜਿਸ ਨਾਲ਼ ਮੈਂ ਆਰਥਿਕ ਤੌਰ 'ਤੇ ਪੈਰਾਂ 'ਤੇ ਖੜ੍ਹੀ ਰਹਾਂਗੀ , ਇਹੋ ਹੀ ਮੇਰੀ ਸੁਤੰਤਰਤਾ ਹੈ, ਜੋ ਮੈਨੂੰ ਭਵਿੱਖ ਵਿੱਚ ਸੁਰੱਖਿਅਤ ਰੱਖੇਗੀ। "

ਮੈਨੂੰ ਲੱਗਾ ਕਿ ਇਹ ਕੁੜੀ ਸਿਰਫ਼ ਵਿਆਹ ਨਹੀਂ ਕਰ ਰਹੀ, ਸਗੋਂ ਇੱਕ ਨਵੀਂ ਸੋਚ , ਨਵੀਂ ਤਬਦੀਲੀ ਨੂੰ ਜਨਮ ਦੇ ਰਹੀ ਹੈ ਤਾਂ ਕਿ ਲੋਕਾਂ ਦੀ ਸੋਚ ਵੀ ਬਦਲ ਸਕੇ ਅਤੇ ਨਵੀਂ ਪੀੜ੍ਹੀ ਦੀ ਅਸਲੀ ਆਵਾਜ਼ ਬਣ ਸਕੇ ।

ਨਿਸ਼ਾ ਮਣੀ

# ਐਨ ਮੌਕੇ ਤੇ ਧੀ ਦਾ ਇੱਕ ਸਹੀ ਫ਼ੈਸਲਾ...



ਉਸਦਾ ਫੋਨ ਆਇਆ, ਰਾਤ ਦੇ ਬਾਰਾਂ ਵੱਜ ਰਹੇ ਸਨ। "ਹੈਲੋ!" ਕਿਸੇ ਨੇ ਹੌਲੀ ਜਿਹੀ ਫੁਸ-ਫੁਸਾਹਟ ਵਾਲੀ ਆਵਾਜ਼ 'ਚ ਕਿਹਾ। "ਹਾਂ, ਬੋਲੋ," ਉਸਨੇ ਵੀ ਹੌਲੀ ਜਿਹੀ ਆਵਾਜ਼ 'ਚ ਉੱਤਰ ਦਿੱਤਾ।

"ਸਾਰੀ ਤਿਆਰੀ ਹੋ ਗਈ? ਸਵੇਰੇ ਚਾਰ ਵਜੇ ਦੀ ਬੱਸ ਹੈ।" "ਮੈਂ ਆਪਣੇ ਕੱਪੜਿਆਂ ਦਾ ਬੈਗ ਤਾਂ ਪੈਕ ਕਰ ਲਿਆ, ਹੁਣ ਪੈਸੇ 'ਤੇ ਗਹਿਣੇ ਲੈਣੇ ਨੇ।" ਅੱਗੋਂ ਕਹਿੰਦਾ, "ਆਪਣੇ ਸਾਰੇ ਦਸਤਾਵੇਜ਼ ਵੀ ਲੈ ਲੈਈਂ, ਹੋ ਸਕਦਾ ਦੋਹਾਂ ਨੂੰ ਨੌਕਰੀ ਕਰਨੀ ਪਵੇ, ਨਵਾਂ ਘਰ-ਸੰਸਾਰ ਬਣਾਉਣਾ ਹੈ।" "ਓਕੇ, ਮੈਂ ਸੱਭ ਕੁੱਝ ਲੈ ਕੇ ਤੈਨੂੰ ਕਾਲ ਕਰਦੀ ਹਾਂ।

ਉਸਨੇ ਸਭ ਤੋਂ ਪਹਿਲਾਂ ਮਾਂ ਦੀ ਅਲਮਾਰੀ ਖੋਲੀ। ਉਸ ਵਿੱਚੋਂ ਗਹਣਿਆਂ ਦਾ ਡੱਬਾ ਕੱਢਿਆ, ਆਪਣੇ ਲਈ ਬਣਵਾਇਆ ਗਿਆ ਮੰਗਲਸੂਤਰ ਬੈਗ ਵਿੱਚ ਪਾਇਆ, ਅੰਗੂਠੀ ਅਤੇ ਝੁੱਮਕੇ ਪਾ ਲਏ, ਚੂੜੀਆਂ ਦਾ ਡੱਬਾ ਚੁੱਕ ਕੇ ਬੈਗ ਵਿੱਚ ਪਾ ਰਹੀ ਸੀ ਕਿ ਮਾਂ ਦੀ ਤਸਵੀਰ ਹੇਠਾਂ ਡਿੱਗ ਪਈ।

ਉਸਨੂੰ ਯਾਦ ਆਇਆ ਮਾਂ ਦੀ ਬਹੁਤ ਸਾਲਾਂ ਤੋਂ ਇੱਛਾ ਸੀ ਸੋਨੇ ਦਾ ਚੂੜਾ ਪਹਿਨਣ ਦੀ, ਪਰ ਜਦ ਪਾਪਾ ਨੂੰ ਬੋਨਸ ਮਿਲ਼ਿਆ ਸੀ ਤਾਂ ਜੋ ਚੂੜਾ ਬਣਵਾਇਆ ਸੀ, ਮਾਂ ਨੇ ਇਹ ਕਹਿ ਕੇ ਉਸ ਲਈ ਸੰਭਾਲ ਕੇ ਰੱਖ ਦਿੱਤਾ ਸੀ,

ਜਦੋਂ ਬਿੱਟੂ ਇੰਜੀਨੀਅਰ ਬਣ ਕੇ ਨੌਕਰੀ ਲੱਗ ਜਾਵੇਗਾ, ਤਾਂ ਮੈਂ ਆਪਣੇ ਲਈ ਵੀ ਬਣਵਾ ਲਵਾਂਗੀ। ਹੁਣੇ ਤਾਂ ਇਹ ਤੇਰੇ ਵਿਆਹ ਲਈ ਰੱਖ ਲੈਨੀ ਹਾਂ। ਮੇਰੀ ਲਾਡੋ ਇਸ ਚੂੜੇ ਵਿੱਚ ਕਿੰਨੀ ਸੋਹਣੀ ਲੱਗੇਗੀ।"

ਉਸਨੇ ਤਸਵੀਰ ਵਾਪਿਸ ਅਲਮਾਰੀ ਵਿੱਚ ਰੱਖੀ 'ਤੇ ਚੂੜਾ ਬੈਗ ਵਿੱਚ ਰੱਖ ਲਿਆ। ਹੁਣ ਵਾਰੀ ਸੀ ਨਕਦੀ ਦੀ। ਘਰ ਵਿੱਚ ਪੰਜੱਤਰ ਹਜ਼ਾਰ ਰੁਪਏ ਪਏ ਸਨ।

ਪਾਪਾ ਕੱਲ ਹੀ ਬਿੱਟੂ ਦੇ ਐਜੂਕੇਸ਼ਨ ਲਈ ਲੋਨ ਲੈ ਕੇ ਆਏ ਸਨ, ਬਿੱਟੂ ਦਾ ਆਈ.ਆਈ.ਟੀ ਦਾ ਦੂਜਾ ਸਾਲ ਚੱਲ ਰਿਹਾ ਸੀ। ਘਰ ਦੇ ਰੁਪਏ-ਪੈਸਿਆਂ ਦੀ ਚਾਬੀ ਉਸਦੇ ਕੋਲ ਹੁੰਦੀ ਸੀ।

ਪਾਪਾ ਹਮੇਸ਼ਾਂ ਕਹਿੰਦੇ ਸਨ, "ਜਦੋਂ ਇਹ ਪੈਦਾ ਹੋਈ ਸੀ, ਉਸ ਤੋਂ ਪਹਿਲਾਂ ਮੈਂ ਰੇਲਵੇ ਸਟੇਸ਼ਨ 'ਤੇ ਕੁਲੀ ਦਾ ਕੰਮ ਕਰਦਾ ਸੀ। ਜਿਵੇਂ ਹੀ ਇਹ ਆਈ, ਮੇਰੀ ਸਰਕਾਰੀ ਨੌਕਰੀ ਲੱਗ ਗਈ। ਇਹ ਮੇਰੇ ਭਾਗਾਂ ਦੀ ਦੇਵੀ ਹੈ,

ਮੇਰੀ ਲਾਡੋ।"

ਉਸਨੇ ਸਾਰੇ ਦਸਤਾਵੇਜ਼ ਬੈਗ ਵਿੱਚ ਰੱਖ ਲਏ। ਹੁਣ ਦੇਖਣਾ ਸੀ ਕਿ ਘਰ ਵਿੱਚ ਕੋਈ ਜਾਗ ਤਾਂ ਨਹੀਂ ਰਿਹਾ, ਸਭ ਸੌਂਦੇ ਹੋਏ ਹਨ ਕਿ ਨਹੀਂ।

ਸਭ ਤੋਂ ਪਹਿਲਾਂ ਬਿੱਟੂ ਦੇ ਕਮਰੇ ਦੇ ਦਰਵਾਜੇ ਤੋਂ ਝਾਤੀ ਮਾਰੀ, ਬਿੱਟੂ ਅਜੇ ਵੀ ਪੜ੍ਹ ਰਿਹਾ ਸੀ। ਉਸਦੀ ਰੋਟੀ ਦੀ ਥਾਲੀ ਜਿਵੇਂ ਰੱਖੀ ਸੀ, ਓਵੇਂ ਹੀ ਢੱਕੀ ਹੋਈ ਸੀ। ਅਗਲੇ ਕਮਰੇ ਵਿੱਚ ਮਾਂ ਗਹਿਰੀ ਨੀਂਦ 'ਚ ਸੀ, ਦਵਾਈ ਲੈ ਕੇ।

ਮਾਂ ਹਮੇਸ਼ਾਂ ਕਹਿੰਦੀ ਸੀ, "ਇਹ ਦਵਾ ਵਿੱਚ ਕੁੱਝ ਤਾਂ ਗੜਬੜ ਹੈ, ਨੀਂਦ ਬਹੁਤ ਆਉਂਦੀ ਹੈ।" ਪਾਪਾ ਆਪਣੀ ਵਰਕਿੰਗ ਟੇਬਲ 'ਤੇ ਵਪਾਰੀਆਂ ਦੇ ਬਹੀਖਾਤੇ ਤਿਆਰ ਕਰ ਰਹੇ ਸਨ।

ਹਾਲ ਹੀ 'ਚ ਇਹ ਨਵਾਂ ਕੰਮ ਸ਼ੁਰੂ ਕੀਤਾ ਸੀ। ਪਾਪਾ ਕਹਿੰਦੇ ਸੀ, "ਘੱਟ ਪੜ੍ਹਿਆ ਹਾਂ, ਬਹੀਖਾਤੇ ਭੁੱਲਣ ਲੱਗ ਪਿਆ ਸੀ, ਹੁਣ ਇਸ ਨਾਲ ਨਹੀਂ ਭੁੱਲਾਂਗਾ ਨਾਂ, ਉੱਪਰੋਂ ਐਕਸਟਰਾ ਇਨਕਮ ਵੀ ਹੋਵੇਗੀ।

ਸਭ ਆਪਣੇ ਕੰਮ ਵਿੱਚ ਲੱਗੇ ਹੋਏ ਸਨ। ਉਹ ਆਪਣੇ ਕਮਰੇ ਵਿੱਚ ਆਈ ਅਤੇ ਉਸਨੂੰ ਫੋਨ ਲਾਇਆ, 'ਤੇ ਬੋਲੀ, "ਸਾਰੇ ਰਸਤੇ ਸਾਫ਼ ਨੇ, ਸਭ ਆਪਣੇ ਕੰਮ ਵਿੱਚ ਲੱਗੇ ਹੋਏ ਨੇ। ਮੈਂ ਚੁੱਪ-ਚਾਪ ਘਰ ਤੋਂ ਨਿਕਲ ਜਾਵਾਂਗੀ।

ਉਹ ਕਹਿੰਦਾ, "ਚੰਗਾ, ਤੂੰ ਸਾਰੇ ਗਹਿਣੇ 'ਤੇ ਪੈਸੇ ਲੈ ਲਏ ਨਾਂ?" ਹੁਣ ਉਹ ਥੋੜਾ ਖਿੱਝ ਕੇ ਬੋਲਦੀ, "ਹਾਂ ਲੈ ਲਏ। ਤੂੰ ਵਾਰੀ-ਵਾਰੀ ਐਨਾਂ ਕਿਉਂ ਪੁੱਛ ਰਿਹਾ ਐਂ?

ਉਹ ਪੁਚਕਾਰਦਾ ਹੋਇਆ ਬੋਲਦਾ, "ਓ ਬੇਬੀ, ਇਹ ਤਾਂ ਇਸ ਲਈ ਕਿ ਨਵਾਂ ਘਰ ਬਣਾਉਣਾ ਏ, ਨਵੀਂ ਥਾਂ ਜਾਣਾ ਏ, ਤੁਰੰਤ ਕੰਮ ਨਹੀਂ ਮਿਲੇਗਾ, ਘਰ ਚਲਾਉਣ ਲਈ ਖਰਚਾ ਤਾਂ ਚਾਹੀਦਾ ਨਾਂ। 'ਤੇ ਨਾਲੇ ਮੇਰਾ ਫੋਨ ਵੀ ਬਹੁਤ ਪੁਰਾਣਾ ਹੈ, ਉਹ ਵੀ ਨਵਾਂ ਲੈਣਾ ਏ।

ਹੁਣ ਇਹਦਾ ਵੀ ਮੱਥਾ ਠਣਕਿਆ, ਕਹਿੰਦੀ, "ਸੁਣ, ਤੇਰੇ ਵਿੱਚ ਮੈਨੂੰ ਰੋਟੀ ਖਿਲਾਉਣ ਲਈ ਖੁਦ ਕਮਾਉਣ ਦੀ ਹਿੰਮਤ ਨਹੀਂ?" ਉਹ ਕਹਿੰਦਾ, "ਅਜਿਹੀ ਗੱਲ ਨਹੀਂ ਬੇਬੀ, ਮੈਥੋਂ ਤੇਰੇ ਬਿਨਾਂ ਰਿਹਾ ਨਹੀਂ ਜਾਂਦਾ।

ਕੰਮ ਤਾਂ ਲੱਭ ਹੀ ਲਵਾਂਗੇ।" ਹੁਣ ਇਹ ਕਹਿੰਦੀ, "ਸੁਣ, ਇੱਕ ਕੰਮ ਕਰ, ਇਹ ਭੱਜਣ ਵਾਲਾ ਪਲਾਨ ਕੈਂਸਲ ਕਰ। ਪਹਿਲਾਂ ਤੂੰ ਕੰਮ ਕਰ, 'ਤੇ ਐਨਾਂ ਪੈਸਾ ਜੁੱਟਾਅ ਲੈ ਕਿ ਜੇ ਦੋ ਮਹੀਨੇ ਤੱਕ ਕੰਮ ਨਾਂ ਮਿਲੇ, ਤਾਂ ਸਾਨੂੰ ਭੁੱਖੇ ਨਾਂ ਮਰਨਾਂ ਪਵੇ।

ਜਿਵੇਂ ਹੀ ਤੂੰ ਪੈਸਾ ਜੋੜ ਲਵੇਂ, ਅਸੀਂ ਚਲੇ ਆਵਾਂਗੇ। ਦੋ ਮਹੀਨੇ ਵਿੱਚ ਤੂੰ ਏਦਾਂ ਨਾਂ ਕਰ ਸਕਿਆ ਤਾਂ ਮੈਨੂੰ ਭੁੱਲ ਜਾਈਂ।" ਉਹ ਉਦਾਸ ਹੁੰਦਾ ਕਹਿੰਦਾ "ਓ ਬੇਬੀ, ਗੱਲ ਤਾਂ ਸੁਣ...!!!" ਐਧਰੋਂ ਇਸਨੇ ਫੋਨ ਕੱਟ ਦਿੱਤਾ।

ਹੁਣ ਉਹਨੇ ਪਾਪਾ ਦੇ ਕਮਰੇ ਵਿੱਚ ਝਾਤੀ ਮਾਰੀ। ਉਹ ਅਜੇ ਵੀ ਬਹੀਖਾਤੇ ਲਿਖ ਰਹੇ ਸਨ। ਉਸਨੇ ਦਰਵਾਜ਼ਾ ਖੜਕਾਇਆ, "ਕੀ ਗੱਲ ਹੈ ਲਾਡੋ, ਸੌਂਈਂ ਨਹੀਂ?"

ਕਹਿੰਦੀ , "ਨਹੀਂ ਪਾਪਾ, ਇੱਕ ਗੱਲ ਕਹਿਣੀ ਹੈ।" "ਕਹੋ ਲਾਡੋ।" "ਜਦ ਤੱਕ ਬਿੱਟੂ ਦੀ ਪੜ੍ਹਾਈ ਮੁੱਕਦੀ ਨਹੀਂ, ਮੈਂ ਨੌਕਰੀ ਕਰਨੀ ਚਾਹੁੰਦੀ ਹਾਂ। ਮੇਰੀ ਪੜ੍ਹਾਈ ਮੁੱਕ ਚੁੱਕੀ ਹੈ।

ਘਰ ਵਿੱਚ ਵੇਹਲੇ ਬੈਠਣ ਨਾਲ ਕੋਈ ਲਾਭ ਨਹੀਂ। ਘਰ ਵਿੱਚ ਕੁੱਝ ਰੁਪਏ ਤਾਂ ਆਉਣੇ ਚਾਹੀਦੇ ਹਨ।" ਉਸਦੀ ਗੱਲ ਸੁਣਕੇ ਪਾਪਾ ਨੇ ਸਨੇਹ ਨਾਲ ਸਿਰ 'ਤੇ ਹੱਥ ਫੇਰਿਆ। ਪਾਪਾ ਅਤੇ ਬੇਟੀ, ਦੋਹਾਂ ਦੀਆਂ ਅੱਖਾਂ ਭਿੱਜੀਆਂ ਹੋਈਆਂ ਸਨ।

ਤੁਹਾਡੇ ਮਾਂ-ਪਿਓ ਸਿਰਫ਼ ਤੁਹਾਡੇ ਲਈ ਦਿਨ ਰਾਤ ਇੱਕ ਕਰ ਕੇ ਮਿਹਨਤ ਕਰਦੇ ਹਨ, ਉਹਨਾਂ ਦਾ ਵਿਸ਼ਵਾਸ਼ ਤੋੜਨ ਤੋਂ ਪਹਿਲਾਂ ਸੌ ਵਾਰ ਸੋਚੋ। ਤੁਹਾਡੇ ਵੱਲੋਂ ਜ਼ਿੰਦਗੀ ਵਿੱਚ ਚੱਕਿਆ ਇੱਕ ਗਲਤ ਕਦਮ, ਉਹਨਾਂ ਦੀ ਜ਼ਿੰਦਗੀ ਨੂੰ ਪੂਰੀ ਤਰਾਂ ਖਤਮ ਕਰ ਦਿੰਦਾ ਹੈ।

ਕੌਰ ਜੱਸ

# 19 ਸਾਲਾਂ ਦੀ ਸਿਮਰਨ ਦੀ ਜ਼ਿੰਦਗੀ...

ਲੁਧਿਆਣਾ ਸ਼ਹਿਰ ਦੀ ਇੱਕ ਪੁਰਾਣੀ ਕਾਲੋਨੀ ਵਿੱਚ ਇੱਕ ਦੋ ਮੰਜ਼ਿਲਾ ਘਰ ਸੀ। ਘਰ ਦੇ ਬਾਹਰ ਗਮਲਿਆਂ ਵਿੱਚ ਗੁਲਾਬ ਖਿੜੇ ਰਹਿੰਦੇ ਸਨ, ਪਰ ਉਸ ਘਰ ਦੇ ਅੰਦਰ ਰਹਿਣ ਵਾਲੀ 19 ਸਾਲਾਂ ਦੀ ਸਿਮਰਨ ਦੀ ਜ਼ਿੰਦਗੀ ਵਿੱਚੋਂ ਰੰਗ ਹੌਲੀ-ਹੌਲੀ ਗਾਇਬ ਹੋ ਰਹੇ ਸਨ।

ਸਿਮਰਨ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ। ਉਸਨੂੰ ਕਿਤਾਬਾਂ ਪੜ੍ਹਨ, ਕਵਿਤਾਵਾਂ ਲਿਖਣ ਅਤੇ ਛੋਟੀਆਂ ਕਹਾਣੀਆਂ ਬਣਾਉਣ ਦਾ ਬਹੁਤ ਸ਼ੌਕ ਸੀ। ਉਸਦੇ ਕਮਰੇ ਦੀ ਮੇਜ਼ ਉੱਤੇ ਹਮੇਸ਼ਾ ਇੱਕ ਨੋਟਬੁੱਕ ਪਈ ਰਹਿੰਦੀ ਸੀ, ਜਿਸ ਵਿੱਚ ਉਹ ਆਪਣੇ ਦਿਲ ਦੀਆਂ ਗੱਲਾਂ ਲਿਖਦੀ ਸੀ।

ਪਰ ਉਸਦੇ ਪਿਤਾ ਬਲਦੇਵ ਸਿੰਘ ਦੀ ਨਜ਼ਰ ਵਿੱਚ ਲਿਖਣਾ ਸਿਰਫ਼ ਸਮਾਂ ਬਰਬਾਦ ਕਰਨਾ ਸੀ।

ਉਹ ਚਾਹੁੰਦੇ ਸਨ ਕਿ ਸਿਮਰਨ ਸਰਕਾਰੀ ਨੌਕਰੀ ਦੀ ਤਿਆਰੀ ਕਰੇ।

ਇੱਕ ਸਵੇਰ ਨਾਸ਼ਤੇ ਦੀ ਮੇਜ਼ 'ਤੇ ਬਲਦੇਵ ਸਿੰਘ ਨੇ ਕਿਹਾ,

"ਸਿਮਰਨ, ਅਗਲੇ ਹਫ਼ਤੇ ਤੋਂ ਕੋਚਿੰਗ ਲੱਗ ਰਹੀ ਹੈ। ਰੋਜ਼ ਸਵੇਰੇ ਸੱਤ ਵਜੇ ਜਾਣਾ ਹੈ। ਇਸ ਵਾਰ ਪੂਰਾ ਧਿਆਨ ਪੜ੍ਹਾਈ 'ਤੇ ਹੋਣਾ ਚਾਹੀਦਾ ਹੈ।"

ਸਿਮਰਨ ਨੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ,

"ਪਾਪਾ, ਮੈਂ ਤੁਹਾਡੇ ਨਾਲ ਇੱਕ ਗੱਲ ਕਰਨੀ ਸੀ..."

"ਹਾਂ, ਦੱਸ।"

"ਮੈਂ... ਮੈਂ ਲਿਖਣਾ ਚਾਹੁੰਦੀ ਹਾਂ। ਮੈਂ ਕਹਾਣੀਆਂ ਲਿਖ ਕੇ ਆਪਣਾ ਕਰੀਅਰ ਬਣਾਉਣਾ ਚਾਹੁੰਦੀ ਹਾਂ।"

ਮੇਜ਼ 'ਤੇ ਅਚਾਨਕ ਚੁੱਪ ਛਾ ਗਈ।

ਬਲਦੇਵ ਸਿੰਘ ਨੇ ਅਖ਼ਬਾਰ ਮੋੜਿਆ ਅਤੇ ਕਿਹਾ,

"ਕਹਾਣੀਆਂ ਲਿਖ ਕੇ? ਇਹ ਕੋਈ ਕਰੀਅਰ ਹੁੰਦਾ ਹੈ? ਸ਼ੌਕ ਹੈ ਤਾਂ ਖਾਲੀ ਸਮੇਂ ਵਿੱਚ ਕਰ ਲਿਆ ਕਰ। ਪਹਿਲਾਂ ਜ਼ਿੰਦਗੀ ਬਣਾਉਣੀ ਸਿੱਖ।"

ਮਾਂ ਨੇ ਵੀ ਸਮਝਾਉਂਦਿਆਂ ਕਿਹਾ,

"ਬੇਟੀ, ਤੇਰੇ ਪਾਪਾ ਤੇਰੇ ਭਲੇ ਲਈ ਹੀ ਕਹਿੰਦੇ ਹਨ। ਪਹਿਲਾਂ ਕੋਈ ਵਧੀਆ ਨੌਕਰੀ ਲੈ ਲੈ, ਫਿਰ ਜਿੰਨਾ ਮਰਜ਼ੀ ਲਿਖੀਂ।"

ਸਿਮਰਨ ਨੇ ਸਿਰ ਹਿਲਾ ਦਿੱਤਾ।

"ਠੀਕ ਹੈ ਮੰਮੀ।"

ਪਰ ਉਸਦੇ ਅੰਦਰ ਕੁਝ ਟੁੱਟ ਗਿਆ ਸੀ।

ਉਸ ਰਾਤ ਉਸਨੇ ਆਪਣੀ ਪੁਰਾਣੀ ਨੋਟਬੁੱਕ ਖੋਲੀ।

ਪਹਿਲੇ ਪੰਨੇ 'ਤੇ ਲਿਖਿਆ ਸੀ

"ਮੇਰੇ ਸ਼ਬਦ ਮੇਰੇ ਦੋਸਤ ਹਨ।"

ਅੱਗੇ ਉਸਦੀਆਂ ਕਈ ਕਵਿਤਾਵਾਂ, ਕਹਾਣੀਆਂ ਅਤੇ ਅਧੂਰੇ ਸੁਪਨੇ ਲਿਖੇ ਹੋਏ ਸਨ।

ਉਸਦੀ ਇੱਕ ਕਹਾਣੀ ਇੱਕ ਆਨਲਾਈਨ ਪੇਜ 'ਤੇ ਛਪੀ ਸੀ ਅਤੇ ਹਜ਼ਾਰਾਂ ਲੋਕਾਂ ਨੇ ਪੜ੍ਹੀ ਸੀ।

ਕਿਸੇ ਨੇ ਕਮੈਂਟ ਕੀਤਾ ਸੀ

"ਤੁਹਾਡੀ ਕਹਾਣੀ ਨੇ ਮੈਨੂੰ ਉਸ ਦਿਨ ਹੌਸਲਾ ਦਿੱਤਾ ਜਦੋਂ ਮੈਂ ਬਹੁਤ ਇਕੱਲਾ ਸੀ।"

ਕਿਸੇ ਹੋਰ ਨੇ ਲਿਖਿਆ ਸੀ

"ਤੁਸੀਂ ਲਿਖਣਾ ਬੰਦ ਨਾ ਕਰਨਾ।"

ਇਹ ਸ਼ਬਦ ਸਿਮਰਨ ਲਈ ਬਹੁਤ ਕੀਮਤੀ ਸਨ।

ਪਰ ਘਰ ਵਿੱਚ ਉਸਦੇ ਸ਼ਬਦਾਂ ਦੀ ਕੋਈ ਕੀਮਤ ਨਹੀਂ ਸੀ।

ਅਗਲੇ ਕੁਝ ਦਿਨਾਂ ਵਿੱਚ ਕੋਚਿੰਗ ਸ਼ੁਰੂ ਹੋ ਗਈ।

ਸਿਮਰਨ ਸਵੇਰੇ ਕੋਚਿੰਗ ਜਾਂਦੀ, ਦੁਪਹਿਰ ਨੂੰ ਕਾਲਜ ਅਤੇ ਸ਼ਾਮ ਨੂੰ ਘਰ ਆ ਕੇ ਟੈਸਟਾਂ ਦੀ ਤਿਆਰੀ ਕਰਦੀ।

ਰਾਤ ਨੂੰ ਜਦੋਂ ਸਾਰਾ ਘਰ ਸੌਂ ਜਾਂਦਾ, ਉਹ ਆਪਣੀ ਨੋਟਬੁੱਕ ਖੋਲ੍ਹਦੀ।

ਪਰ ਹੁਣ ਉਸ ਕੋਲ ਲਿਖਣ ਲਈ ਸ਼ਬਦ ਨਹੀਂ ਸਨ।

ਉਹ ਸਿਰਫ਼ ਇੱਕੋ ਲਾਈਨ ਲਿਖਦੀ

"ਮੈਂ ਅਸਲ ਵਿੱਚ ਕੀ ਚਾਹੁੰਦੀ ਹਾਂ?"

ਫਿਰ ਉਹ ਪੰਨਾ ਫਾੜ ਦਿੰਦੀ।

ਇੱਕ ਦਿਨ ਉਸਦਾ ਛੋਟਾ ਭਰਾ ਮਨਪ੍ਰੀਤ ਉਸਦੇ ਕਮਰੇ ਵਿੱਚ ਆਇਆ।

"ਦੀਦੀ, ਤੂੰ ਅੱਜਕੱਲ੍ਹ ਹੱਸਦੀ ਕਿਉਂ ਨਹੀਂ?"

ਸਿਮਰਨ ਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ।

"ਕੁਝ ਨਹੀਂ।"

"ਝੂਠ।"

ਉਹ ਹੱਸਿਆ।

"ਤੂੰ ਤਾਂ ਪਹਿਲਾਂ ਮੈਨੂੰ ਹਰ ਰਾਤ ਕਹਾਣੀ ਸੁਣਾਉਂਦੀ ਸੀ। ਹੁਣ ਤਾਂ ਤੇਰੇ ਕੋਲ ਮੇਰੇ ਲਈ ਵੀ ਸਮਾਂ ਨਹੀਂ।"

ਸਿਮਰਨ ਨੇ ਉਸਨੂੰ ਗਲੇ ਲਾ ਲਿਆ।

ਉਸ ਦੀਆਂ ਅੱਖਾਂ ਭਰ ਆਈਆਂ।

"ਮਨੂ... ਜੇ ਕਿਸੇ ਨੂੰ ਉਹ ਕੰਮ ਕਰਨ ਲਈ ਮਜਬੂਰ ਕੀਤਾ ਜਾਵੇ ਜੋ ਉਹ ਨਹੀਂ ਕਰਨਾ ਚਾਹੁੰਦਾ, ਤਾਂ ਕੀ ਹੁੰਦਾ ਹੈ?"

ਮਨਪ੍ਰੀਤ ਨੇ ਮਾਸੂਮੀਅਤ ਨਾਲ ਕਿਹਾ,

"ਉਹ ਉਦਾਸ ਹੋ ਜਾਂਦਾ ਹੈ।"

ਸਿਮਰਨ ਨੇ ਉਸਦੇ ਸਿਰ 'ਤੇ ਹੱਥ ਫੇਰਿਆ।

"ਹਾਂ... ਬਹੁਤ ਉਦਾਸ।"

ਉਸ ਰਾਤ ਸਿਮਰਨ ਨੇ ਆਪਣੀ ਨੋਟਬੁੱਕ ਵਿੱਚ ਇੱਕ ਲੰਮਾ ਪੱਤਰ ਲਿਖਣਾ ਸ਼ੁਰੂ ਕੀਤਾ।

ਉਹ ਕਿਸੇ ਨੂੰ ਦੇਣ ਲਈ ਨਹੀਂ ਸੀ।

ਉਹ ਸਿਰਫ਼ ਉਸਦੇ ਦਿਲ ਦੀ ਆਵਾਜ਼ ਸੀ।





"ਮੈਂ ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੁੰਦੀ। ਮੈਨੂੰ ਪਤਾ ਹੈ ਮੇਰੇ ਮਾਪੇ ਮੇਰਾ ਬੁਰਾ ਨਹੀਂ ਚਾਹੁੰਦੇ।

ਪਰ ਕਈ ਵਾਰ ਪਿਆਰ ਵੀ ਬੋਝ ਬਣ ਜਾਂਦਾ ਹੈ, ਜਦੋਂ ਉਸ ਵਿੱਚ ਸਾਡੀ ਆਪਣੀ ਮਰਜ਼ੀ ਲਈ ਕੋਈ ਜਗ੍ਹਾ ਨਹੀਂ ਰਹਿੰਦੀ।

ਮੈਂ ਸਿਰਫ਼ ਇਹ ਚਾਹੁੰਦੀ ਹਾਂ ਕਿ ਇੱਕ ਵਾਰ ਕੋਈ ਮੈਨੂੰ ਪੁੱਛੇ 'ਸਿਮਰਨ, ਤੂੰ ਕੀ ਬਣਨਾ ਚਾਹੁੰਦੀ ਹੈਂ?'

ਨਾ ਕਿ ਹਰ ਵਾਰ ਇਹ ਕਿਹਾ ਜਾਵੇ 'ਤੈਨੂੰ ਕੀ ਬਣਨਾ ਚਾਹੀਦਾ ਹੈ।'

ਮੈਂ ਥੱਕ ਗਈ ਹਾਂ ਆਪਣੇ ਆਪ ਨੂੰ ਸਮਝਾਉਂਦੇ-ਸਮਝਾਉਂਦੇ।"

ਉਸਨੇ ਪੈਨ ਰੱਖ ਦਿੱਤਾ।

ਅੱਖਾਂ ਵਿੱਚੋਂ ਹੰਝੂ ਡਿੱਗ ਕੇ ਪੰਨੇ 'ਤੇ ਫੈਲ ਗਏ।

ਸਿਆਹੀ ਦੇ ਅੱਖਰ ਧੁੰਦਲੇ ਹੋ ਗਏ। ਸਿਮਰਨ ਨੇ ਉਹ ਪੰਨਾ ਬੰਦ ਕਰ ਦਿੱਤਾ।

ਅਗਲੇ ਦਿਨ ਕਾਲਜ ਵਿੱਚ ਉਸਦੀ ਪੰਜਾਬੀ ਦੀ ਪ੍ਰੋਫੈਸਰ ਅਮਨਦੀਪ ਮੈਡਮ ਨੇ ਉਸਨੂੰ ਚੁੱਪ ਬੈਠੇ ਦੇਖਿਆ।

"ਸਿਮਰਨ, ਕੀ ਹੋਇਆ?"

"ਕੁਝ ਨਹੀਂ ਮੈਡਮ।"

"ਤੂੰ ਮੈਨੂੰ ਨਹੀਂ ਦੱਸਣਾ ਚਾਹੁੰਦੀ ਤਾਂ ਕੋਈ ਗੱਲ ਨਹੀਂ। ਪਰ ਇੱਕ ਗੱਲ ਯਾਦ ਰੱਖੀਂ ਜਦੋਂ ਦਿਲ ਬਹੁਤ ਭਰ ਜਾਵੇ ਤਾਂ ਉਸਨੂੰ ਇਕੱਲਾ ਨਾ ਰੱਖੀਂ।"

ਸਿਮਰਨ ਨੇ ਪਹਿਲੀ ਵਾਰ ਕਿਸੇ ਵੱਲ ਸਿੱਧਾ ਵੇਖਿਆ।

ਉਸ ਦੀਆਂ ਅੱਖਾਂ ਭਰ ਆਈਆਂ।

"ਮੈਡਮ... ਜੇ ਮਾਪੇ ਸਾਡਾ ਸੁਪਨਾ ਨਾ ਸਮਝਣ ਤਾਂ?"

ਅਮਨਦੀਪ ਮੈਡਮ ਕੁਝ ਪਲ ਚੁੱਪ ਰਹੀ।

ਫਿਰ ਕਿਹਾ,

"ਉਨ੍ਹਾਂ ਨੂੰ ਸਮਝਾਉਣ ਲਈ ਸਮਾਂ ਲੱਗ ਸਕਦਾ ਹੈ। ਪਰ ਆਪਣੇ ਆਪ ਨੂੰ ਖਤਮ ਕਰਕੇ ਕਿਸੇ ਨੂੰ ਇਹ ਸਾਬਤ ਨਹੀਂ ਹੁੰਦਾ ਕਿ ਉਹ ਗਲਤ ਸਨ। ਜ਼ਿੰਦਗੀ ਛੱਡਣੀ ਨਹੀਂ ਹੁੰਦੀ, ਰਸਤਾ ਬਦਲਣਾ ਹੁੰਦਾ ਹੈ।"

ਇਹ ਸ਼ਬਦ ਸਿਮਰਨ ਦੇ ਦਿਲ ਵਿੱਚ ਉਤਰ ਗਏ।

---ਲ

ਉਸ ਸ਼ਾਮ ਘਰ ਆ ਕੇ ਉਸਨੇ ਆਪਣੀ ਨੋਟਬੁੱਕ ਖੋਲੀ।

ਪਹਿਲੀ ਵਾਰ ਉਸਨੇ ਲਿਖਿਆ

"ਸ਼ਾਇਦ ਮੇਰੀ ਕਹਾਣੀ ਇੱਥੇ ਖਤਮ ਨਹੀਂ ਹੁੰਦੀ।"

ਫਿਰ ਉਸਨੇ ਆਪਣੇ ਪੁਰਾਣੇ ਆਨਲਾਈਨ ਪੇਜ 'ਤੇ ਇੱਕ ਨਵੀਂ ਕਹਾਣੀ ਲਿਖਣੀ ਸ਼ੁਰੂ ਕੀਤੀ।

ਕਹਾਣੀ ਇੱਕ ਅਜਿਹੀ ਕੁੜੀ ਬਾਰੇ ਸੀ ਜੋ ਆਪਣੇ ਘਰ ਦੀਆਂ ਉਮੀਦਾਂ ਹੇਠ ਦੱਬ ਗਈ ਸੀ, ਪਰ ਉਸਨੇ ਆਪਣੇ ਸ਼ਬਦਾਂ ਨਾਲ ਆਪਣੇ ਲਈ ਇੱਕ ਦਰਵਾਜ਼ਾ ਖੋਲ੍ਹ ਲਿਆ।

ਕਹਾਣੀ ਦਾ ਨਾਮ ਸੀ—

"ਬੰਦ ਖਿੜਕੀ ਦੇ ਪਾਰ।"

ਕਹਾਣੀ ਪੂਰੀ ਕਰਕੇ ਉਸਨੇ ਪੋਸਟ ਕਰ ਦਿੱਤੀ।

ਕੁਝ ਹੀ ਘੰਟਿਆਂ ਵਿੱਚ ਕਮੈਂਟ ਆਉਣੇ ਸ਼ੁਰੂ ਹੋ ਗਏ।

"ਇਹ ਕਹਾਣੀ ਮੇਰੀ ਜ਼ਿੰਦਗੀ ਵਰਗੀ ਹੈ।"

"ਅੱਜ ਪਹਿਲੀ ਵਾਰ ਲੱਗਿਆ ਕਿ ਕੋਈ ਮੈਨੂੰ ਸਮਝਦਾ ਹੈ।"

"ਕਿਰਪਾ ਕਰਕੇ ਲਿਖਣਾ ਬੰਦ ਨਾ ਕਰਨਾ।"

ਸਿਮਰਨ ਦੀਆਂ ਅੱਖਾਂ ਵਿੱਚ ਹੰਝੂ ਆ ਗਏ।

ਪਰ ਇਸ ਵਾਰ ਉਹ ਹੰਝੂ ਬੇਬਸੀ ਦੇ ਨਹੀਂ ਸਨ।

ਉਹ ਹੰਝੂ ਇਸ ਗੱਲ ਦੇ ਸਨ ਕਿ ਸ਼ਾਇਦ ਉਸਦੀ ਆਵਾਜ਼ ਕਿਸੇ ਤੱਕ ਪਹੁੰਚ ਰਹੀ ਸੀ।

ਉਸੇ ਰਾਤ ਉਸਦੇ ਪਿਤਾ ਬਲਦੇਵ ਸਿੰਘ ਉਸਦੇ ਕਮਰੇ ਵਿੱਚ ਆਏ।

ਉਨ੍ਹਾਂ ਦੇ ਹੱਥ ਵਿੱਚ ਉਸਦੀ ਨੋਟਬੁੱਕ ਸੀ।

ਸਿਮਰਨ ਘਬਰਾ ਗਈ।

"ਪਾਪਾ..."

ਉਨ੍ਹਾਂ ਨੇ ਕੁਝ ਨਹੀਂ ਕਿਹਾ।

ਬਸ ਕੁਰਸੀ 'ਤੇ ਬੈਠ ਗਏ।

"ਇਹ ਤੂੰ ਲਿਖਿਆ ਹੈ?"

ਸਿਮਰਨ ਨੇ ਹੌਲੀ ਜਿਹੀ ਹਾਂ ਕੀਤੀ।

"ਜੀ।"

ਕੁਝ ਪਲ ਚੁੱਪ ਰਹਿਣ ਤੋਂ ਬਾਅਦ ਪਿਤਾ ਨੇ ਪੁੱਛਿਆ,

"ਇਹ ਕਹਾਣੀ ਪੜ੍ਹ ਕੇ ਲੋਕ ਤੈਨੂੰ ਇੰਨੇ ਸੁਨੇਹੇ ਕਿਉਂ ਕਰ ਰਹੇ ਹਨ?"

ਸਿਮਰਨ ਨੇ ਕਿਹਾ,

"ਕਿਉਂਕਿ ਸ਼ਾਇਦ ਉਨ੍ਹਾਂ ਨੂੰ ਵੀ ਉਹੀ ਮਹਿਸੂਸ ਹੁੰਦਾ ਹੈ ਜੋ ਮੈਨੂੰ ਹੁੰਦਾ ਹੈ।"

ਬਲਦੇਵ ਸਿੰਘ ਨੇ ਆਪਣੀ ਧੀ ਵੱਲ ਵੇਖਿਆ।

"ਮੈਨੂੰ ਪਤਾ ਹੀ ਨਹੀਂ ਸੀ ਕਿ ਮੇਰੀ ਧੀ ਇੰਨਾ ਕੁਝ ਆਪਣੇ ਅੰਦਰ ਰੱਖ ਕੇ ਬੈਠੀ ਹੈ।"

ਸਿਮਰਨ ਦੀਆਂ ਅੱਖਾਂ ਵਿੱਚ ਹੰਝੂ ਆ ਗਏ।

"ਮੈਂ ਕਈ ਵਾਰ ਦੱਸਣ ਦੀ ਕੋਸ਼ਿਸ਼ ਕੀਤੀ ਸੀ ਪਾਪਾ।"

ਉਸਦੇ ਪਿਤਾ ਨੇ ਸਿਰ ਝੁਕਾ ਲਿਆ।

"ਸ਼ਾਇਦ ਮੈਂ ਸੁਣਿਆ ਨਹੀਂ।"

ਉਹ ਖੜ੍ਹੇ ਹੋਏ ਅਤੇ ਧੀ ਦੇ ਸਿਰ 'ਤੇ ਹੱਥ ਰੱਖਿਆ।

"ਸਿਮਰਨ, ਮੈਂ ਤੈਨੂੰ ਜ਼ਿੰਦਗੀ ਵਿੱਚ ਕਾਮਯਾਬ ਦੇਖਣਾ ਚਾਹੁੰਦਾ ਸੀ। ਪਰ ਮੈਂ ਇਹ ਭੁੱਲ ਗਿਆ ਕਿ ਕਾਮਯਾਬੀ ਦਾ ਮਤਲਬ ਸਿਰਫ਼ ਉਹ ਨਹੀਂ ਜੋ ਮੈਂ ਸੋਚਦਾ ਹਾਂ।"

ਸਿਮਰਨ ਚੁੱਪ ਰਹੀ।

"ਤੂੰ ਲਿਖਣਾ ਚਾਹੁੰਦੀ ਹੈਂ?"

"ਜੀ।"

"ਤਾਂ ਲਿਖ।"

ਉਸਨੇ ਹੈਰਾਨ ਹੋ ਕੇ ਪਿਤਾ ਵੱਲ ਵੇਖਿਆ।

"ਪਰ ਪੜ੍ਹਾਈ?"

"ਉਹ ਵੀ ਕਰ। ਜ਼ਿੰਦਗੀ ਵਿੱਚ ਇੱਕ ਰਸਤਾ ਨਹੀਂ ਹੁੰਦਾ। ਤੂੰ ਆਪਣੀ ਪੜ੍ਹਾਈ ਵੀ ਕਰੀਂ ਤੇ ਆਪਣੇ ਸ਼ਬਦਾਂ ਨੂੰ ਵੀ ਜਿਉਂਦਾ ਰੱਖੀਂ।"

ਸਿਮਰਨ ਪਿਤਾ ਦੇ ਗਲੇ ਲੱਗ ਕੇ ਰੋ ਪਈ।

ਕੁਝ ਮਹੀਨੇ ਬਾਅਦ ਸਿਮਰਨ ਨੇ ਆਪਣੀ ਪਹਿਲੀ ਕਹਾਣੀ-ਪੁਸਤਕ ਪੂਰੀ ਕਰ ਲਈ।

ਉਸਦੀ ਕਿਤਾਬ ਦਾ ਨਾਮ ਸੀ

"ਖਾਮੋਸ਼ ਪੰਨਿਆਂ ਦੀ ਆਵਾਜ਼"

ਕਿਤਾਬ ਦੇ ਪਹਿਲੇ ਪੰਨੇ 'ਤੇ ਉਸਨੇ ਆਪਣੇ ਪਿਤਾ ਲਈ ਇੱਕ ਲਾਈਨ ਲਿਖੀ

"ਜਿਸ ਦਿਨ ਤੁਸੀਂ ਮੇਰੀ ਗੱਲ ਸੁਣੀ, ਉਸ ਦਿਨ ਮੈਨੂੰ ਆਪਣੀ ਆਵਾਜ਼ ਮਿਲ ਗਈ।"

ਕਿਤਾਬ ਦੇ ਆਖਰੀ ਪੰਨੇ 'ਤੇ ਲਿਖਿਆ ਸੀ

"ਹਰ ਬੱਚੇ ਨੂੰ ਸੁਪਨਾ ਦੇਖਣ ਦਾ ਹੱਕ ਹੈ। ਮਾਪਿਆਂ ਦਾ ਕੰਮ ਸਿਰਫ਼ ਰਸਤਾ ਦੱਸਣਾ ਨਹੀਂ, ਕਈ ਵਾਰ ਬੱਚੇ ਦੀ ਆਵਾਜ਼ ਸੁਣਨਾ ਵੀ ਹੁੰਦਾ ਹੈ।"

ਸਿਮਰਨ ਦੀ ਕਹਾਣੀ ਇੱਥੇ ਖਤਮ ਨਹੀਂ ਹੋਈ।

ਇਹ ਤਾਂ ਉਸ ਦਿਨ ਸ਼ੁਰੂ ਹੋਈ ਸੀ ਜਦੋਂ ਉਸਨੇ ਆਪਣੇ ਹੰਝੂਆਂ ਨੂੰ ਕਾਗਜ਼ 'ਤੇ ਡਿੱਗਣ ਦਿੱਤਾ ਅਤੇ ਉਹਨਾਂ ਨੂੰ ਸ਼ਬਦਾਂ ਵਿੱਚ ਬਦਲ ਦਿੱਤਾ।

ਕਿਉਂਕਿ ਕਈ ਵਾਰ...

ਇੱਕ ਬੱਚੇ ਦੀ ਸਭ ਤੋਂ ਵੱਡੀ ਲੋੜ ਮਹਿੰਗੀ ਕੋਚਿੰਗ ਨਹੀਂ ਹੁੰਦੀ।

ਉਸਨੂੰ ਸਿਰਫ਼ ਕੋਈ ਇਹ ਪੁੱਛਣ ਵਾਲਾ ਚਾਹੀਦਾ ਹੈ

"ਦੱਸ ਪੁੱਤ/ਧੀਏ... ਤੂੰ ਅਸਲ ਵਿੱਚ ਕੀ ਚਾਹੁੰਦਾ/ਚਾਹੁੰਦੀ ਹੈਂ?"

ਜੇ ਤੁਹਾਡੇ ਆਲੇ-ਦੁਆਲੇ ਕੋਈ ਵਿਅਕਤੀ ਚੁੱਪ ਰਹਿਣ ਲੱਗਾ ਹੈ, ਹਮੇਸ਼ਾ ਉਦਾਸ ਰਹਿੰਦਾ ਹੈ ਜਾਂ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ, ਤਾਂ ਉਸਨੂੰ ਨਜ਼ਰਅੰਦਾਜ਼ ਨਾ ਕਰੋ। ਕਈ ਵਾਰ ਇੱਕ ਸੱਚੀ ਗੱਲਬਾਤ ਕਿਸੇ ਦੀ ਜ਼ਿੰਦਗੀ ਵਿੱਚ ਬਹੁਤ ਵੱਡਾ ਫ਼ਰਕ ਪਾ ਸਕਦੀ ਹੈ।

ਕਿਸੇ ਦੀ ਖਾਮੋਸ਼ੀ ਨੂੰ ਕਮਜ਼ੋਰੀ ਨਾ ਸਮਝੋ—ਸ਼ਾਇਦ ਉਹ ਮਦਦ ਲਈ ਸਭ ਤੋਂ ਉੱਚੀ ਆਵਾਜ਼ ਵਿੱਚ ਪੁਕਾਰ ਰਹੀ ਹੋਵੇ।

# ਸੰਸਕਾਰ ਇਵੇਂ ਸਿਖਾਏ ਜਾਂਦੇ ਹਨ



ਪਿਤਾ ਆਪਣੇ ਬੇਟੇ ਨੂੰ ਸਾਈਕਲ 'ਤੇ ਬਿਠਾ ਕੇ ਸਕੂਲ ਛੱਡਣ ਜਾ ਰਿਹਾ ਸੀ ਕਿ ਅਚਾਨਕ ਸਾਈਕਲ ਦਾ ਸੰਤੁਲਨ ਵਿਗੜ ਗਿਆ ਅਤੇ ਇੱਕ ਸਟੈਂਡ 'ਤੇ ਖੜ੍ਹੀ ਸਾਈਕਲ ਨਾਲ ਟਕਰਾ ਗਈ। ਉਸ ਖੜ੍ਹੀ ਹੋਈ ਸਾਈਕਲ 'ਤੇ ਦੋ-ਤਿੰਨ ਦੁੱਧ ਦੀਆਂ ਕੇਤਲੀਆਂ ਟੰਗੀਆਂ ਹੋਈਆਂ ਸਨ। ਜਦੋਂ ਸਾਈਕਲ ਡਿੱਗੀ ਤਾਂ ਸਾਰਾ ਦੁੱਧ ਜ਼ਮੀਨ 'ਤੇ ਡੁੱਲ੍ਹ ਗਿਆ। ਕਿਸੇ ਨੇ ਨਹੀਂ ਦੇਖਿਆ ਸੀ। ਉਹ ਚਾਹੁੰਦਾ ਤਾਂ ਭੱਜ ਸਕਦਾ ਸੀ। ਪਰ ਉਹ ਨਹੀਂ ਭੱਜਿਆ। ਉਸਨੇ ਬੇਟੇ ਨੂੰ ਕਿਹਾ, "ਬੇਟਾ, ਸਾਡੇ ਤੋਂ ਕਿਸੇ ਦਾ ਨੁਕਸਾਨ ਹੋ ਗਿਆ ਹੈ। ਆਓ ਬੈਠ ਕੇ ਇੰਤਜ਼ਾਰ ਕਰਦੇ ਹਾਂ।"

ਦੁੱਧ ਵਾਲਾ, ਜੋ ਕਿਸੇ ਦੇ ਘਰ ਦੁੱਧ ਦੇਣ ਗਿਆ ਸੀ, ਜਿਵੇਂ ਹੀ ਆਇਆ ਅਤੇ ਆਪਣਾ ਦੁੱਧ ਡੁੱਲ੍ਹਿਆ ਹੋਇਆ ਦੇਖਿਆ ਤਾਂ ਬੋਲਿਆ, "ਮੇਰਾ ਦੁੱਧ ਕਿਸਨੇ ਡੇਗਿਆ?" ਤਦ ਉਸ ਬੇਟੇ ਦਾ ਪਿਤਾ ਬੋਲਿਆ, "ਭਰਾ, ਤੁਹਾਡਾ ਦੁੱਧ ਮੇਰੇ ਤੋਂ ਡਿੱਗ ਗਿਆ। ਮੈਂ ਤੁਹਾਡਾ ਹੀ ਇੰਤਜ਼ਾਰ ਕਰ ਰਿਹਾ ਸੀ। ਕਿੰਨਾ ਨੁਕਸਾਨ ਹੋਇਆ ਹੈ, ਦੱਸ ਦਿਓ, ਮੈਂ ਭੁਗਤਾਨ ਕਰ ਦੇਵਾਂਗਾ।" ਦੁੱਧ ਵਾਲਾ ਹੈਰਾਨੀ ਨਾਲ ਉਸ ਵੱਲ ਦੇਖਦਾ ਹੋਇਆ ਬੋਲਿਆ, "ਇੰਤਜ਼ਾਰ ਕਿਉਂ ਕਰ ਰਹੇ ਸੀ? ਕਿਸੇ ਨੇ ਨਹੀਂ ਦੇਖਿਆ ਸੀ। ਤੁਸੀਂ ਭੱਜ ਵੀ ਤਾਂ ਸਕਦੇ ਸੀ।"

ਪਿਤਾ ਬੋਲਿਆ, "ਕਿਵੇਂ ਭੱਜ ਜਾਂਦਾ ਭਰਾ। ਮੇਰਾ ਬੇਟਾ ਮੇਰੇ ਨਾਲ ਸੀ। ਇਹ ਤਾਂ ਇਹੀ ਸਿੱਖਦਾ ਨਾ? ਕਿ ਜਦੋਂ ਕੋਈ ਨਹੀਂ ਦੇਖ ਰਿਹਾ ਹੋਵੇ ਤਾਂ ਮਾੜਾ ਕੰਮ ਕਰ ਲੈਣਾ ਚਾਹੀਦਾ ਹੈ? ਬੱਚੇ ਉਹੀ ਤਾਂ ਸਿੱਖਦੇ ਹਨ ਜੋ ਦੇਖਦੇ ਹਨ।"

ਦੁੱਧ ਵਾਲਾ ਬੋਲਿਆ, "ਭਰਾ, ਜ਼ਿਆਦਾ ਦੁੱਧ ਨਹੀਂ ਸੀ। ਚਾਰ-ਪੰਜ ਸੌ ਦਾ ਦੁੱਧ ਸੀ। ਜਾਓ, ਮੈਂ ਤੁਹਾਨੂੰ ਮਾਫ਼ ਕੀਤਾ। ਤੁਸੀਂ ਅੱਜ ਮੈਨੂੰ ਬਹੁਤ ਵੱਡਾ ਸਬਕ ਸਿਖਾਇਆ ਹੈ, ਨਹੀਂ ਤਾਂ ਮੈਂ ਤਾਂ ਆਪਣੇ ਬੱਚਿਆਂ ਦੇ ਸਾਹਮਣੇ ਹੀ ਦੁੱਧ ਵਿੱਚ ਪਾਣੀ ਮਿਲਾ ਦਿੰਦਾ ਹਾਂ। ਮੇਰੇ ਬੱਚੇ ਮੈਨੂੰ ਦੇਖ ਕੇ ਕੀ ਸਿੱਖਦੇ ਹੋਣਗੇ? ਅੱਜ ਤੋਂ ਮੈਂ ਅਜਿਹਾ ਕਦੇ ਨਹੀਂ ਕਰਾਂਗਾ। ਕਦੇ ਵੀ ਦੁੱਧ ਵਿੱਚ ਪਾਣੀ ਨਹੀਂ ਮਿਲਾਵਾਂਗਾ।" ਉਸ ਤੋਂ ਬਾਅਦ ਜਦੋਂ ਪਿਤਾ ਆਪਣੇ ਬੇਟੇ ਨੂੰ ਲੈ ਕੇ ਅੱਗੇ ਵਧਿਆ ਤਾਂ ਉਸ ਦਾ ਦਸ ਸਾਲਾ ਬੇਟਾ ਬੋਲਿਆ, "ਪਾਪਾ, ਤੁਸੀਂ ਬੈਸਟ ਹੋ। ਤੁਸੀਂ ਮੇਰੇ ਹੀਰੋ ਹੋ।" ਇੰਨਾ ਸੁਣਦੇ ਹੀ ਪਿਤਾ ਦਾ ਸੀਨਾ ਮਾਣ ਨਾਲ ਚੌੜਾ ਹੋ ਗਿਆ।



ਕਹਾਣੀ

# ਮਾਂ ਦਾ ਹੇਰਵਾ

ਉਹ ਰੋਂਦੀ ਨਹੀਂ ਸੀ ਝੱਲੀ ਜਾਂਦੀ। ਵਾਰ ਵਾਰ ਪਿੱਟਦੀ ਤੇ ਕਦੇ ਪਈ ਦਾ ਮੱਥਾ ਚੁੰਮਦੀ। ਆਸੇ ਪਾਸੇ ਵਾਲੀਆਂ ਬੁੜੀਆਂ ਗੱਲਾਂ ਕਰ ਰਹੀਆਂ ਸਨ ਕਿ ਬੜੀ ਸੇਵਾ ਕਰੀ ਵਿਚਾਰੀ ਨੇ, ਹੇਜ ਤਾਂ ਮਾਰਨਾ ਹੀ ਆ।

ਮੈਨੂੰ ਕੋਲ ਬੈਠੇ ਨੂੰ ਚਿਵ ਜਿਹੀ ਚੜ੍ਹ ਰਹੀ ਸੀ ਕਿ ਕੀ ਖੇਖਣ ਕਰੀ ਜਾਂਦੀ ਪਰ ਮਾਂ ਦੇ ਮਰੀ ਤੇ ਕੀ ਕਹਿ ਸਕਦਾ ਸੀ। ਵੈਣ ਪਾਵੇ ਕਿ ਤੂੰ ਹੀ ਮੇਰੀ ਮਾਂ ਸੀ... ਧੀ ਦਾ ਸੋਚ ਲੈਂਦਾ ਰੱਬਾ... ਹਾਏ ਲੁੱਟੇ ਗਏ ਤੇ ਫਿਰ ਆਵਦੇ ਪੱਟ ਪਿੱਟਦੀ। ਮੈਨੂੰ ਘਬਰਾਹਟ ਜਿਹੀ ਹੋਈ ਤੇ ਆਵਦਾ ਦੁੱਖ ਅੰਦਰੇ ਦੱਬ ਮੈਂ ਉੱਥੋਂ ਉੱਠ ਬੰਦਿਆਂ ਚ ਜਾ ਬੈਠ ਗਿਆ ।

ਫੱਫੇਕੁੱਟਣੀ ਨੇ ਕਦੇ ਜਿਉਂਦੇ ਮਾਂ ਨੂੰ ਨਹੀਂ ਸੀ ਬੁਲਾਇਆ, ਬੱਸ ਰੋਟੀ ਪਾਣੀ ਕਹਿ ਦਿੰਦੀ ਸੀ ਪਕਾ ਕੇ ਖਾ ਲੋ ਆ ਕੇ। ਨਾ ਕਦੇ ਮਾਂ ਕੋਲ ਬਹਿ ਕਦੇ ਦੁੱਖ ਸੁੱਖ ਕਰਿਆ ਸੀ। ਕੇਰਾਂ ਮਾਂ ਦਾ ਬਲੱਡ ਵਧ ਗਿਆ ਤੇ ਮਾਂ ਆਖਾਂ ਕਿ ਮਾਂ ਕੋਲ ਬੈਠ ਮਾਂ ਹੁਣੇ ਆਇਆ ਡਾਕਟਰ ਨੂੰ ਬੁਲਾ ਲਿਆਵਾਂ। ਕਹਿੰਦੀ ਕਿ ਨਹੀਂ ਮੈਂ ਨਹੀਂ ਕੋਲ ਬਹਿ ਸਕਦੀ, ਡਰ ਲੱਗਦਾ ਮੈਨੂੰ ਤਾਂ। ਕੀ ਬੋਲਦਾ? ਗੁਆਢੋਂ ਕਿਸੇ ਬੁੜੀ ਨੂੰ ਸੱਦ ਮਾਂ ਕੋਲ ਬਿਠਾ ਕੇ ਗਿਆ ਤੇ ਇਹ ਮਹਾਰਾਣੀ ਆਵਦੇ ਕਮਰੇ ਚ ਬਹਿ ਫ਼ੋਨ ਦੇਖ ਰਹੀ ਸੀ। ਕਿਵੇਂ ਸਮਝਾਉਂਦਾ ਉਹਨੂੰ ਨਾੜੂਆ ਜੁੜਿਆ ਹੋਇਆ ਏ ਤੇ ਤਕਲ਼ੀਫ਼ ਹੁੰਦੀ ਏ ਜਦ ਮਾਂ ਤੜਫਦੀ ਏ ।

ਮੈਨੂੰ ਮਾਂ ਨੇ ਕਦੇ ਨਹੀਂ ਸੀ ਕਿ ਤੇਰੇ ਘਰੋਂ ਕੋਲ ਨਹੀਂ ਬਹਿੰਦੀ ਪਰ ਬੰਦਾ ਅੰਨਾ ਥੋੜ੍ਹਾ ਹੁੰਦਾ। ਪਿਆਰ ਹੀ ਤਾਂ ਮੰਗਦੀ ਸੀ, ਹੋਰ ਭਲਾ ਮਾਵਾਂ ਕੀ ਚਾਹੁੰਦੀਆਂ ? ਉਹਦੇ ਢਿੱਡ ਚ ਡਾਢਾ ਦੁੱਖ ਸੀ ਕਿ ਮੇਰੀ ਧੀ ਹੈਨੀ ਸੀ ਤੇ ਦੁੱਖ ਸੁੱਖ ਕਰਨ ਵਾਲਾ ਕੋਈ ਨਹੀਂ ਏ, ਨੂੰਹ ਵੀ ਕਦੇ ਧੀ ਨਹੀਂ ਬਣੀ। ਹਰ ਗੱਲ ਚ ਕਿਸੇ ਮੂਹਰੇ ਬੁਰਾ ਬਣਾਉਂਦੀ ਰਹਿੰਦੀ । ਸਬਰ ਕਰ ਲਿਆ ਕਿ ਚੱਲ ਅੱਜ ਨਹੀਂ ਤਾਂ ਕੱਲ ਚੰਗੀ ਬਣੂ ਪਰ ਕਿੱਥੇ ਇਹਦੀ ਪੂਛ ਵਿੰਗੀ ਰਹੀ। ਪਿਉ ਦੇ ਜਾਣ ਤੋਂ ਬਾਅਦ ਮਾਂ ਕੋਲ ਘੜੀ ਦੋ ਘੜੀ ਵੱਧ ਬਹਿਣ ਲੱਗ ਤਾਂ ਅਵਾਜ਼ਾਂ ਮਾਰ ਮਾਰ ਸਤਾ ਦਿੰਦੀ ਤੇ ਕੋਲੋਂ ਬਹਾਨੇ ਨਾਲ ਉਠਾ ਲੈਂਦੀ।

ਮਾਂ ਤੋਂ ਜਾਣ ਤੋਂ ਬਾਅਦ ਮੇਰਾ ਸੁਭਾਅ ਬਦਲ ਗਿਆ ਤੇ ਮੈਂ ਉਸਦੀ ਘੱਟ ਸੁਣਦਾ ਤੇ ਨਾ ਮੇਰਾ ਉਸ ਨਾਲ ਬੋਲਣ ਨੂੰ ਦਿਲ ਕਰਦਾ। ਉਹ ਤਾਹਨੇ ਮਿਹਣੇ ਦਿੰਦੀ ਰਹਿੰਦੀ ਤੇ ਕੰਨ ਬੰਦ ਕਰ ਸੁਣਦਾ ਰਹਿੰਦਾ ਕਿਉਂਕਿ ਮਾਂ ਵਾਲਾ ਸਾਰਾ ਗੁੱਸਾ ਹੁਣ ਮੇਰੇ ਤੇ ਵਰਨ ਲੱਗਾ। ਇੱਕ ਦਿਨ ਘਰੋਂ ਬਿਨਾਂ ਦੱਸੇ ਹਜ਼ੂਰ ਸਾਹਿਬ ਚਲਾ ਗਿਆ ਤੇ ਅੱਠ ਦਿਨਾਂ ਬਾਅਦ ਮੁੜ ਕੇ ਆਇਆ। ਆਉਂਦੇ ਨੂੰ ਆਵਦਾ ਬੁਰਾ ਹਾਲ ਕਰੀ ਬੈਠੀ ਰੋ ਰੋ ਕੇ ਤੇ ਪੁੱਤ ਵੀ ਮਰਝਾਇਆ ਪਿਆ ਸੀ। ਕਹਿਣ ਲੱਗੀ ਕਿ ਮੇਰਾ ਨਹੀਂ ਤਾਂ ਆਵਦੇ ਜੰਮੇ ਜੀਅ ਦਾ ਸੋਚ ਲੈਂਦਾ। ਮੂੰਹੋਂ ਨਿਕਲ ਗਿਆ ਕਿ ਤੇਰੇ ਪੁੱਤ ਦਾ ਤਾਂ ਸੱਤ ਦਿਨ ਚ ਬੁਰਾ ਹਾਲ ਹੋਗਿਆ ਤੇ ਮੇਰੀ ਮਾਂ ਦੇ ਪੁੱਤ ਕਿਵੇਂ ਮਾਂ ਪਿਉ ਬਿਨ ਜ਼ਿੰਦਗੀ ਕੱਢੂ। ਮਾਂ ਨੂੰ ਯਾਦ ਕਰ ਭੁੱਬ ਨਿਕਲ ਗਈ ਪਰ ਕੋਈ ਨੇੜੇ ਚੁੱਪ ਕਰਾਉਣ ਨਾ ਆਇਆ । ਉਹ ਮੂੰਹ ਚ ਬੁੜ ਬੁੜ ਕਰਦੀ ਕੰਮ ਕਰਨ ਲੱਗੀ। ਮੇਰੇ ਅੰਦਰਲੀ ਭੜਾਸ ਬਾਹਰ ਆਉਣਾ ਚਾਹੁੰਦੀ ਸੀ ਪਰ ਆਵਦੇ ਜੁਆਕਾਂ ਦੇ ਮੂੰਹ ਨੂੰ ਚੁੱਪ ਰਿਹਾ ਜਿਵੇਂ ਮਾਂ ਮੇਰੇ ਮੂੰਹ ਨੂੰ ਚੁੱਪ ਰਹੀ। ਮੈਂ ਮੋਟਰਸਾਈਕਲ ਦੀ ਕਿੱਕ ਮਾਰੀ ਤੇ ਖੇਤਾਂ ਨੂੰ ਚਲਾ ਗਿਆ। ਮੂੰਹ ਚ ਗੀਤ ਗੁਣਗੁਣਾਉਂਦਾ ਜਾ ਰਿਹਾ ਸੀ ਕਿ ਮਾਵਾਂ ਬਿਨਾਂ ਕੋਈ ਨਾ ਗਲ਼ ਲਾਉਂਦਾ। ਖੇਤ ਜਾ ਮਾਂ ਦੀ ਲਗਾਈ ਹੋਈ ਟਾਹਲੀ ਦੇ ਗਲ ਲੱਗ ਮਣ ਮਣ ਰੋਇਆ।

ਲਿਖਤ- ਬਰਾੜ ਜੈਸੀ

# ਸਿਆਟਲ ਵਿਖੇ "ਅਮਰੀਕਾ ਤੇਰੀ ਜੈ ਹੋਵੇ" ਗੀਤ ਰਿਲੀਜ਼ ਦਾ ਸਮਾਗਮ ਯਾਦਗਾਰੀ ਹੋ ਨਿਬੜਿਆ

## ਵੱਖ-ਵੱਖ ਬੁਲਾਰਿਆਂ ਵੱਲੋਂ "ਮਾਂ ਬੋਲੀ ਪੰਜਾਬੀ" ਨੂੰ ਅਪਣਾਉਣ ਦਾ ਦਿੱਤਾ ਸੱਦਾ



ਸਿਆਟਲ ਤੋਂ ਜਗਰੂਪ ਸਿੰਘ ਜਰਖੜ ਦੀ ਵਿਸ਼ੇਸ਼ ਰਿਪੋਰਟ

ਵਿਦੇਸ਼ਾਂ ਵਿੱਚ ਵੱਸਦਾ ਪੰਜਾਬੀ ਭਾਈਚਾਰਾ ਹਰ ਰੋਜ਼ ਇਤਿਹਾਸ ਦੀਆਂ ਕੋਈ ਨਾ ਕੋਈ ਨਵੀਆਂ ਪੈੜਾਂ ਪਾ ਰਿਹਾ ਹੈ ਇਸੇ ਨਵੀਂ ਇਤਿਹਾਸਿਕ ਪੈੜ ਤਹਿਤ ਅੱਜ ਸਿਆਟਲ ਦੇ ਇੰਡੀਅਨ ਗੋਲਡਨ ਕਰੀ ਪੈਲੇਸ ਵਿਖੇ ਪੰਜਾਬੀਆਂ ਦੀ ਹੋਈ ਇੱਕ ਵਿਲੱਖਣ ਇਕੱਤਰਤਾ ਦੌਰਾਂਨ ਹੋਏ ਸਮਾਗਮ ਵਿੱਚ ਲਿਖਾਰੀ ਸਭਾ ਸਿਆਟਲ ਵੱਲੋਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਦੌਰਾਨ ਜਿੱਥੇ ਵੱਖ ਵੱਖ ਬੁਲਾਰਿਆਂ ਨੇ ਮਾਂ ਬੋਲੀ ਪੰਜਾਬੀ ਨੂੰ ਬਚਾਉਣ ਦਾ ਸੱਦਾ ਦਿੱਤਾ ਉਥੇ ਸਿਆਟਲ ਵੱਸਦੇ ਉੱਘੇ ਗੀਤਕਾਰ ਮਨਜੀਤ ਸਿੰਘ ਚਾਹਲ ਕਨਕਵਾਲ ਵੱਲੋਂ ਲਿਖਿਆ ਗੀਤ "ਅਮਰੀਕਾ ਤੇਰੀ ਜੈ ਹੋਵੇ " ਜਿਸ ਨੂੰ ਉਭਰਦੇ ਗਾਇਕ ਹਸਨਵੀਰ ਸਿੰਘ ਚਾਹਿਲ ਨੇ ਗਾਇਆ ਹੈ , ਇਸ ਗੀਤ ਦਾ ਗੀਤ ਰਿਲੀਜ਼ ਦਾ ਸਮਾਗਮ ਬਹੁਤ ਯਾਦਗਾਰੀ ਹੋ ਨਿਬੜਿਆ, ਇਹ ਗੀਤ ਜਨਮ ਭੂਮੀ ਪੰਜਾਬ ਅਤੇ ਕਰਮ ਭੂਮੀ ਅਮਰੀਕਾ ਦੇ ਵਿੱਚ ਪੰਜਾਬੀਆਂ ਦੀ ਕੀਤੀ ਹੱਡ ਭੰਨਵੀ ਮਿਹਨਤ , ਮੁਸ਼ਕਲਾਂ ਅਤੇ ਹਾਸਲ ਕੀਤੇ ਮੁਕਾਮ ਨੂੰ ਦਰਸਾਉਂਦਾ ਹੈ। ਅਮਰੀਕਾ ਤੇਰੀ ਜੈ ਹੋਵੇ ਗੀਤ ਦੀ ਘੁੰਡ ਚਕਾਈ ਉੱਘੇ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਇੰਗਲੈਂਡ, ਗੀਤਕਾਰ ਮਨਜੀਤ ਸਿੰਘ ਚਾਹਲ ਅਤੇ ਖੇਡ ਲੇਖਕ ਜਗਰੂਪ ਸਿੰਘ ਜਰਖੜ , ਲਿਖਾਰੀ ਸਭਾ ਸਿਆਟਲ ਦੇ ਪ੍ਰਧਾਨ ਕਰਨੈਲ ਸਿੰਘ ਕੈਲ, ਗੁਰਵਿੰਦਰ ਸਿੰਘ ਧਾਲੀਵਾਲ ਕਨੇਡਾ ਅਤੇ ਹੋਰ ਪ੍ਰਬੰਧਕਾਂ ਨੇ ਕੀਤੀ।

ਇਸ ਸਮਾਗਮ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਪੰਜਾਬੀ ਨੂੰ ਬਚਾਉਣ ਅਤੇ ਪੰਜਾਬੀ ਨੂੰ ਅਪਣਾਉਣ ਦਾ ਹੋਕਾ ਦਿੰਦਿਆਂ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਆਖਿਆ ਕਿ ਅੱਜ ਅਸੀਂ ਸਿਆਟਲ ਦੀ ਸਰਜਮੀਂ ਤੇ ਇੱਥੇ ਸਿਰਫ਼ ਇੱਕ ਭਾਸ਼ਾ ਦੀ ਗੱਲ ਕਰਨ ਨਹੀਂ ਆਏ, ਬਲਕਿ ਅਸੀਂ ਉਸ ਰੂਹ ਦੀ ਗੱਲ ਕਰਨ ਆਏ ਹਾਂ ਜੋ ਸਾਨੂੰ ਦੁਨੀਆ ਦੇ ਹਰ ਕੋਨੇ ਵਿੱਚ ਇੱਕ ਦੂਜੇ ਨਾਲ ਜੋੜਦੀ ਹੈ। ਉਹ ਰੂਹ ਹੈ— ਪੰਜਾਬ, ਪੰਜਾਬੀ ਅਤੇ ਪੰਜਾਬੀਅਤ। ਪੰਜਾਬ ਸਿਰਫ਼ ਇੱਕ ਭੂਗੋਲਿਕ ਖਿੱਤਾ ਜਾਂ ਪੰਜਾਂ ਪਾਣੀਆਂ ਦੀ ਧਰਤੀ ਨਹੀਂ ਹੈ। ਪੰਜਾਬ ਇੱਕ ਸੋਚ ਹੈ, ਇੱਕ ਜਜ਼ਬਾ ਹੈ। ਇਹ ਉਹ ਪਵਿੱਤਰ ਧਰਤੀ ਹੈ ਜਿੱਥੇ ਬਾਬਾ ਫਰੀਦ ਜੀ, ਗੁਰੂ ਨਾਨਕ ਦੇਵ ਜੀ, ਅਤੇ ਸੂਫ਼ੀ ਸੰਤਾਂ ਨੇ ਮੁਹੱਬਤ, ਬਰਾਬਰੀ ਅਤੇ ਸਾਂਝੀਵਾਲਤਾ ਦਾ ਹੋਕਾ ਦਿੱਤਾ।ਪਰ ਅੱਜ ਸਾਨੂੰ ਸਵੈ-ਪੜਚੋਲ ਕਰਨ ਦੀ ਲੋੜ ਹੈ। ਸਾਡੀ ਮਾਂ ਬੋਲੀ ਪੰਜਾਬੀ, ਜੋ ਵਾਰਿਸ ਸ਼ਾਹ ਦੀ ਹੀਰ ਅਤੇ ਬੁੱਲ੍ਹੇ ਸ਼ਾਹ ਦੀ ਕਾਫ਼ੀ ਦੀ ਬੋਲੀ ਹੈ, ਅੱਜ ਆਪਣੇ ਹੀ ਘਰ ਵਿੱਚ ਪਿਛੜ ਰਹੀ ਹੈ। ਜਦੋਂ ਤੱਕ ਅਸੀਂ ਪੰਜਾਬੀ ਨੂੰ ਰੁਜ਼ਗਾਰ, ਪ੍ਰਸ਼ਾਸਨ, ਅਤੇ ਵਿਗਿਆਨ ਦੀ ਭਾਸ਼ਾ ਨਹੀਂ ਬਣਾਵਾਂਗੇ, ਉਦੋਂ ਤੱਕ ਸਾਡਾ ਵਿਕਾਸ ਅਧੂਰਾ ਹੈ। ਅੱਜ ਦੇ ਡਿਜੀਟਲ ਯੁੱਗ ਵਿੱਚ, ਸਾਨੂੰ ਪੰਜਾਬੀ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਇੰਟਰਨੈੱਟ ਦੀ ਮੁੱਖ ਭਾਸ਼ਾ ਬਣਾਉਣ ਲਈ ਹੰਭਲਾ ਮਾਰਨਾ ਪਵੇਗਾ। ਤੀਜਾ ਸ਼ਬਦ ਹੈ 'ਪੰਜਾਬੀਅਤ'। ਪੰਜਾਬੀਅਤ ਦਾ ਮਤਲਬ ਹੈ— ਚੜ੍ਹਦੀ ਕਲਾ, ਪ੍ਰਹੁਣਾਚਾਰੀ, ਅਤੇ 'ਵੰਡ ਛਕਣ' ਦਾ ਸਿਧਾਂਤ। ਦੁਨੀਆ 'ਤੇ ਜਦੋਂ ਵੀ ਕੋਈ ਮੁਸੀਬਤ ਆਉਂਦੀ ਹੈ, ਤਾਂ ਪੰਜਾਬੀ ਆਪਣਾ ਲੰਗਰ ਲੈ ਕੇ ਸਭ ਤੋਂ ਪਹਿਲਾਂ ਪਹੁੰਚਦੇ ਹਨ। ਇਹੀ ਸਾਡੀ ਅਸਲ ਪਛਾਣ ਹੈ। ਪਰ ਅੱਜ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਅਸੀਂ ਆਪਣੀਆਂ ਜੜ੍ਹਾਂ ਨੂੰ ਭੁੱਲਦੇ ਜਾ ਰਹੇ ਹਾਂ। ਸਾਡਾ ਫ਼ਰਜ਼ ਹੈ ਕਿ ਅਸੀਂ ਆਪਣੀ ਨਵੀਂ ਪੀੜ੍ਹੀ ਨੂੰ ਆਪਣੀ ਵਿਰਾਸਤ, ਇਤਿਹਾਸ ਅਤੇ ਨੈਤਿਕ ਕਦਰਾਂ-ਕੀਮਤਾਂ ਨਾਲ ਜੋੜੀਏ।ਆਓ, ਅੱਜ ਇਸ ਕਾਨਫਰੰਸ ਵਿੱਚ ਅਸੀਂ ਪ੍ਰਣ ਕਰੀਏ ਕਿ ਅਸੀਂ ਆਪਣੇ ਘਰਾਂ ਵਿੱਚ ਪੰਜਾਬੀ ਬੋਲਾਂਗੇ, ਪੰਜਾਬੀ ਲਿਖਾਂਗੇ, ਅਤੇ ਪੰਜਾਬੀ ਸੱਭਿਆਚਾਰ 'ਤੇ ਮਾਣ ਕਰਾਂਗੇ। ਜੇਕਰ ਬੋਲੀ ਜਿਉਂਦੀ ਰਹੇਗੀ, ਤਾਂ ਹੀ ਪੰਜਾਬੀਅਤ ਜਿਉਂਦੀ ਰਹੇਗੀ।

ਇਸ ਮੌਕੇ ਸਟੇਜ ਦਾ ਸੰਚਾਲਨ ਗੁਰਪ੍ਰੀਤ ਸਿੰਘ ਸੋਹਲ , ਹਰਪਾਲ ਸਿੱਧੂ ਅਤੇ ਸੁਖਬੀਰ ਸਿੰਘ ਰੰਧਾਵਾ ਬੀਹਲਾ ਸਿਆਟਲ ਨੇ ਬਾਖੂਬੀ ਨਿਭਾਇਆ ਜਦਕਿ ਇਸ ਮੌਕੇ ਕਨੇਡਾ ਸਾਂਝਾ ਪੰਜਾਬ ਰੇਡੀਓ ਤੋਂ ਸ੍ਰੀਮਤੀ ਬਲਜਿੰਦਰ ਕੌਰ, ਸ੍ਰੀਮਤੀ ਹਰਕੀਰਤ ਕੌਰ, ਨਗਿੰਦਰ ਬੀ ਢਿਲੋ ,ਰਮਿੰਦਰ ਬਾਸੀ, ਰਣਜੀਤ ਮੱਲ੍ਹੀ , ਮਨਜੀਤ ਕੌਰ ਗਿੱਲ,ਬਿੰਦੂ ਮਠਾੜੂ, ਮਹਿੰਦਰ ਪਾਲ ਸਿੰਘ ਧਰਮਬੀਰ ਧਾਲੀਵਾਲ , ਮੋਹਨ ਸਿੰਘ ਗਿੱਲ , ਬਲਜਿੰਦਰ ਕੌਰ ਜਸ ਮਲਕੀਤ , ਹਰਿੰਦਰ ਸਿੰਘ ਬੈਂਸ ਗੁਰਚੇਤਨ ਸਿੰਘ, ਪਰਮਿੰਦਰ ਸਿੰਘ, ਜੈਪਾਲ ਸਿੰਘ, ਹਰਕੀਰਤ ਚਾਹਿਲ, ਡਾਕਟਰ ਨਗਬੀਰ ਸੰਧੂ ਲੁਧਿਆਣਾ,ਬਲਜਿੰਦਰ ਮੱਲ੍ਹੀ, ਹੋਰ ਬੁਲਾਰਿਆਂ ਨੇ ਵੱਖ ਵੱਖ ਵਿਸ਼ਿਆਂ ਤੇ ਆਪਣੇ ਵਿਚਾਰ ਰੱਖੇ। ਇਸ ਮੌਕੇ ਨਾਮੀ ਲੋਕ ਗਾਇਕ ਬਲਵੀਰ ਲਹਿਰਾ ਨੇ ਵੀ ਮਾਂ ਬਾਰੇ ਅਤੇ ਪੰਜਾਬੀ ਬੋਲੀ ਦੇ ਉਸਾਰੂ ਗੀਤ ਗਾ ਕੇ ਮਾਹੌਲ ਨੂੰ ਹੋਰ ਸੁਹਾਵਣਾ ਕੀਤਾ।

ਇਸ ਮੌਕੇ ਉੱਘੇ ਖੇਡ ਪ੍ਰਮੋਟਰ ਮਨਮੋਹਣ ਗਰੇਵਾਲ ਮੋਹਣਾ ਜੋਧਾਂ , ਬਲਜੀਤ ਸਿੰਘ ਸੈਹਬੀ, ਕਰਨ ਸਿੱਧੂ, ਹਾਕਮ ਸਿੰਘ, ਦਮਨ ਚਾਹਿਲ, ਹਰਜਿੰਦਰ ਸਿੰਘ ਸਰੀਂਹ, ਰਾਜਿੰਦਰ ਕੌਰ ਛੱਜਾਵਾਲ , ਜਗਦੇਵ ਸਿੰਘ ਸੰਧੂ ਪੱਦੀਸੂਰਾ, ਸਰਬਜੀਤ ਸੰਧੂ, ਗੀਤਕਾਰ ਹਰਦਿਆਲ ਸਿੰਘ ਬਹਿਣੀਵਾਲ, ਕੁਲਵੰਤ ਸਾਹ , ਅਵਤਾਰ ਸਿੰਘ ਆਦਮਪੁਰੀ ਹੋਰ ਪ੍ਰਬੰਧਕ ਅਤੇ ਪੰਜਾਬੀ ਮਾਂ ਬੋਲੀ ਨਾਲ ਸਨੇਹ ਰੱਖਣ ਵਾਲੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਅੰਤ ਵਿੱਚ ਗੀਤਕਾਰ ਮਨਜੀਤ ਸਿੰਘ ਚਾਹਿਲ ਅਤੇ ਪ੍ਰਧਾਨ ਕਰਨੈਲ ਸਿੰਘ ਕੈਲ ਨੇ ਮੁੱਖ ਮਹਿਮਾਨ ਜੱਗੀ ਕੁੱਸਾ ਸਮੇਤ ਆਈਆ ਹੋਰ ਸਖ਼ਸ਼ੀਅਤਾਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਕਰਦਿਆਂ, ਆਏ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਅਗਲੇ ਬਾਰੇ ਇਸ ਸਮਾਗਮ ਨੂੰ ਅੰਤਰਰਾਸ਼ਟਰੀ ਪੱਧਰ ਤੇ ਕਰਵਾਉਣ ਦਾ ਐਲਾਨ ਕੀਤਾ।

ਜਗਰੂਪ ਸਿੰਘ ਜਰਖੜ
ਖੇਡ ਲੇਖਕ, +91-98143-00722

# ਭਾਰਤ ਦੇ Ayush Shetty ਨੇ ਵਿਸ਼ਵ ਚੈਂਪੀਅਨ ਨੂੰ ਹਰਾਇਆ



ਭਾਰਤ ਦੇ ਬੈਡਮਿੰਟਨ ਸਟਾਰ ਆਯੁਸ਼ ਸ਼ੈਟੀ ਨੇ ਬੈਡਮਿੰਟਨ ਵਰਲਡ ਚੈਂਪੀਅਨਸ਼ਿਪ ਦੇ ਪਹਿਲੇ ਰਾਊਂਡ ਵਿੱਚ ਵੱਡਾ ਉਲਟਫੇਰ ਕਰਦਿਆਂ ਵਿਸ਼ਵ ਚੈਂਪੀਅਨ ਅਤੇ ਵਿਸ਼ਵ ਨੰਬਰ-1 ਚੀਨ ਦੇ ਸ਼ੀ ਯੂ ਚੀ ਨੂੰ ਹਰਾ ਦਿੱਤਾ ਹੈ। ਨਵੀਂ ਦਿੱਲੀ ਦੇ ਇੰਦਰਾ ਗਾਂਧੀ ਇਨਡੋਰ ਸਟੇਡੀਅਮ ਵਿੱਚ ਸ਼ੁਰੂ ਹੋਏ ਇਸ ਟੂਰਨਾਮੈਂਟ ਵਿੱਚ ਵਿਸ਼ਵ ਵਿੱਚ 22ਵੇਂ ਨੰਬਰ ਦੇ ਖਿਡਾਰੀ ਆਯੁਸ਼ ਨੇ ਪੁਰਸ਼ ਸਿੰਗਲਜ਼ ਦਾ ਇਹ ਮੁਕਾਬਲਾ 21-14, 13-21, 21-19 ਨਾਲ ਆਪਣੇ ਨਾਮ ਕੀਤਾ। ਆਯੁਸ਼ ਨੇ 2023 ਵਿੱਚ ਵਰਲਡ ਜੂਨੀਅਰ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ ਸੀ ਜਦੋਂ ਕਿ 2025 ਯੂ.ਐੱਸ ਓਪਨ ਜਿੱਤ ਕੇ ਆਪਣਾ ਪਹਿਲਾ BWF ਵਰਲਡ ਟੂਰ ਖਿਤਾਬ ਹਾਸਲ ਕੀਤਾ ਸੀ ਅਤੇ 2026 ਬੈਡਮਿੰਟਨ ਏਸ਼ੀਆ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਸੀ।

### PV Sindhu ਨੇ ਵੀ ਸ਼ਾਨਦਾਰ ਜਿੱਤ ਨਾਲ ਕੀਤੀ ਸ਼ੁਰੂਆਤ

ਭਾਰਤ ਦੀ ਉੱਘੀ ਖਿਡਾਰਨ ਪੀ ਵੀ ਸਿੰਧੂ ਨੇ ਵੀ ਟੂਰਨਾਮੈਂਟ ਵਿੱਚ ਜਿੱਤ ਨਾਲ ਆਗਾਜ਼ ਕੀਤਾ ਹੈ। ਮਹਿਲਾ ਸਿੰਗਲਜ਼ ਦੇ ਪਹਿਲੇ ਰਾਊਂਡ ਵਿੱਚ ਵਿਸ਼ਵ ਨੰਬਰ-9 ਸਿੰਧੂ ਨੇ ਆਇਰਲੈਂਡ ਦੀ ਸੋਫੀਆ ਨੋਬਲ ਨੂੰ ਸਿਰਫ਼ 29 ਮਿੰਟਾਂ ਵਿੱਚ 21-7, 21-11 ਨਾਲ ਹਰਾ ਦਿੱਤਾ। ਪਹਿਲੇ ਗੇਮ ਵਿੱਚ ਸਿੰਧੂ ਨੇ 8-0 ਦੀ ਲੀਡ ਬਣਾ ਕੇ ਸ਼ੁਰੂ ਤੋਂ ਹੀ ਦਬਦਬਾ ਬਣਾ ਲਿਆ ਸੀ। ਦੂਜੇ ਗੇਮ ਵਿੱਚ ਆਇਰਲੈਂਡ ਦੀ ਖਿਡਾਰਨ ਨੇ ਕੁਝ ਟੱਕਰ ਦੇਣ ਦੀ ਕੋਸ਼ਿਸ਼ ਕੀਤੀ, ਪਰ ਸਿੰਧੂ ਨੇ ਆਸਾਨੀ ਨਾਲ ਮੈਚ ਆਪਣੇ ਨਾਮ ਕਰ ਲਿਆ। ਹੁਣ ਦੂਜੇ ਰਾਊਂਡ ਵਿੱਚ ਸਿੰਧੂ ਦਾ ਮੁਕਾਬਲਾ ਕੈਨੇਡਾ ਦੀ ਵੇਨ ਯੂ ਜਾਂਗ ਨਾਲ ਹੋਵੇਗਾ।

## Hockey World Cup:

# ਇੰਗਲੈਂਡ ਨੇ ਭਾਰਤੀ ਪੁਰਸ਼ ਹਾਕੀ ਟੀਮ ਨੂੰ 2-4 ਨਾਲ ਹਰਾਇਆ




ਭਾਰਤ ਨੇ ਸੋਮਵਾਰ ਨੂੰ ਇੱਥੇ ਪੁਰਸ਼ ਹਾਕੀ ਵਿਸ਼ਵ ਕੱਪ ਦੇ ਆਪਣੇ ਦੂਜੇ ਪੂਲ ਮੈਚ ਵਿੱਚ ਤਿੰਨ ਗੋਲ ਕਰਨ ਦਾ ਮੌਕਾ ਗੁਆ ਦਿੱਤਾ ਅਤੇ ਉੱਚ ਰੈਂਕਿੰਗ ਵਾਲੇ ਇੰਗਲੈਂਡ ਹੱਥੋਂ 2-4 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ।

ਨਿਕੋਲਸ ਬੰਦੁਰਾਕ ਨੇ 13ਵੇਂ ਮਿੰਟ ਵਿੱਚ ਇੰਗਲੈਂਡ ਨੂੰ ਆਹਮੋ-ਸਾਹਮਣੇ ਕੀਤਾ ਪਰ ਭਾਰਤ ਨੇ ਵਾਪਸੀ ਕੀਤੀ ਅਤੇ ਪੂਲ ਡੀ ਮੈਚ ਵਿੱਚ ਕਪਤਾਨ ਹਰਮਨਪ੍ਰੀਤ ਸਿੰਘ (16ਵੇਂ) ਅਤੇ ਦਿਲਪ੍ਰੀਤ ਸਿੰਘ (24ਵੇਂ) ਦੇ ਗੋਲਾਂ ਦੀ ਬਦੌਲਤ 2-1 ਦਾ ਵਾਧਾ ਬਣਾ ਲਿਆ। ਹਾਲਾਂਕਿ, ਇੰਗਲੈਂਡ ਨੇ ਦੂਜੇ ਅੱਧ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਵਿੱਚ ਸੂਚ ਰਸ਼ਮੇਰ (38ਵੇਂ) ਅਤੇ ਹੈਨਰੀ ਕ੍ਰਾਫਟ (42ਵੇਂ) ਨੇ ਤੀਜੇ ਕੁਆਰਟਰ ਵਿੱਚ ਗੋਲ ਕੀਤੇ।ਇਸ ਤੋਂ ਬਾਅਦ ਬੰਦੁਰਾਕ (54ਵੇਂ) ਨੇ ਦਿਨ ਦਾ ਆਪਣਾ ਦੂਜਾ ਗੋਲ ਕਰਕੇ ਇੰਗਲੈਂਡ ਨੂੰ ਭਾਰਤ ਨੂੰ 4-2 ਨਾਲ ਹਰਾਉਣ ਵਿੱਚ ਮਦਦ ਕੀਤੀ।

ਦੂਜੇ ਮੈਚਾਂ ਵਿੱਚੋਂ ਤਿੰਨ ਅੰਕਾਂ ਦੇ ਨਾਲ ਭਾਰਤ ਨੂੰ ਦੂਜੇ ਦੌਰ ਵਿੱਚ ਕੁਆਲੀਫਾਈ ਕਰਨ ਲਈ ਬੁੱਧਵਾਰ ਨੂੰ ਆਪਣੇ ਆਖਰੀ ਪੂਲ ਮੈਚ ਵਿੱਚ ਪਾਕਿਸਤਾਨ (ਦੋ ਗੇਮਾਂ ਵਿੱਚੋਂ ਇੱਕ ਅੰਕ) ਨੂੰ ਜਾਂ ਤਾਂ ਹਰਾਉਣਾ ਪਵੇਗਾ ਜਾਂ ਡਰਾਅ ਖੇਡਣਾ ਪਵੇਗਾ। ਹਾਲਾਂਕਿ ਪਾਕਿਸਤਾਨ ਵਿਰੁੱਧ ਹਾਰ ਭਾਰਤ ਨੂੰ ਟੂਰਨਾਮੈਂਟ ਤੋਂ ਬਾਹਰ ਕਰ ਦੇਵੇਗੀ। ਭਾਰਤ ਨੇ ਸ਼ਨਿਚਰਵਾਰ ਨੂੰ ਸ਼ੁਰੂਆਤੀ ਮੈਚ ਵਿੱਚ ਵੇਲਜ਼ ਨੂੰ 3-1 ਨਾਲ ਹਰਾਇਆ ਸੀ।

# ਸਪਿੰਨਰ ਮਾਨਵ ਸੁਥਰ ਤੇ ਰਵਿੰਦਰ ਜਡੇਜਾ ਦਾ ਸ਼ਾਨਦਾਰ ਪ੍ਰਦਰਸ਼ਨ



ਇੱਥੇ ਅੱਜ ਪਹਿਲੇ ਟੈਸਟ ਦੇ ਤੀਜੇ ਦਿਨ ਭਾਰਤੀ ਗੇਂਦਬਾਜ਼ਾਂ ਨੂੰ ਸੋਨਲ ਦਿਨੁਸ਼ਾ ਦੇ ਰੂਪ ਵਿੱਚ ਅਚਾਨਕ ਅੜਿੱਕੇ ਦਾ ਸਾਹਮਣਾ ਕਰਨਾ ਪਿਆ, ਪਰ ਮਾਨਵ ਸੁਥਰ ਦੀ ਅਗਵਾਈ ਵਾਲੀ ਯੂਨਿਟ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸ੍ਰੀਲੰਕਾ ਵਿਰੁੱਧ 178 ਦੌੜਾਂ ਦੀ ਵੱਡੀ ਲੀਡ ਹਾਸਲ ਕਰ ਲਈ ਹੈ। ਮਾਨਵ ਸੁਥਰ (4/76) ਅਤੇ ਰਵਿੰਦਰ ਜਡੇਜਾ (3/57) ਦੀ ਹੁਨਰਮੰਦ ਗੇਂਦਬਾਜ਼ੀ ਦੀ ਬਦੌਲਤ ਸ੍ਰੀਲੰਕਾ ਦੀ ਪਹਿਲੀ ਪਾਰੀ 284 ਦੌੜਾਂ ’ਤੇ ਸਿਮਟ ਗਈ। ਖੱਬੂ ਸਪਿੰਨਰ ਸੁਥਰ ਦੀ ਸ਼ੁਰੂਆਤ ਦੀ ਸ਼ਾਨਦਾਰ ਗੇਂਦਬਾਜ਼ੀ ਦੀ ਬਦੌਲਤ ਜਦੋਂ ਦੁਪਹਿਰ ਦੇ ਖਾਣੇ ਤੱਕ ਮੇਜ਼ਬਾਨ ਟੀਮ 99 ਦੌੜਾਂ ’ਤੇ ਪੰਜ ਵਿਕਟਾਂ ਗੁਆ ਚੁੱਕੀ ਸੀ, ਤਾਂ ਉਨ੍ਹਾਂ ਦਾ ਅੰਤ ਨੇੜੇ ਜਾਪ ਰਿਹਾ ਸੀ ਪਰ ਦਿਨੁਸ਼ਾ ਜਿਸ ਨੇ 168 ਗੇਂਦਾਂ ਵਿੱਚ 100 ਦੌੜਾਂ ਬਣਾ ਕੇ ਆਪਣਾ ਪਹਿਲਾ ਕੌਮਾਂਤਰੀ ਸੈਂਕੜਾ ਜੜਿਆ ਅਤੇ ਤਜਰਬੇਕਾਰ ਨਿਰੋਸ਼ਨ ਡਿਕਵੇਲਾ (115 ਗੇਂਦਾਂ ’ਤੇ 80 ਦੌੜਾਂ) ਨੇ ਛੇਵੇਂ ਵਿਕਟ ਲਈ 216 ਗੇਂਦਾਂ ਵਿੱਚ 146 ਦੌੜਾਂ ਦੀ ਭਾਈਵਾਲੀ ਕਰ ਕੇ ਭਾਰਤੀ ਗੇਂਦਬਾਜ਼ਾਂ ਨੂੰ ਕਾਫੀ ਪ੍ਰੇਸ਼ਾਨ ਕੀਤਾ। ਸ੍ਰੀਲੰਕਾ ਨੇ ਦੂਜੇ ਸੈਸ਼ਨ ਵਿੱਚ ਬਿਨਾਂ ਕੋਈ ਵਿਕਟ ਗੁਆਏ 116 ਦੌੜਾਂ ਜੋੜੀਆਂ। ਆਪਣੇ ਚੋਟੀ ਦੇ ਕ੍ਰਮ ਦੇ ਸਾਥੀਆਂ ਦੇ ਉਲਟ, ਡਿਕਵੇਲਾ ਅਤੇ ਦਿਨੁਸ਼ਾ ਜਲਦਬਾਜ਼ੀ ਵਿੱਚ ਨਹੀਂ ਸਨ ਅਤੇ ਉਨ੍ਹਾਂ ਨੇ ਬੱਲੇਬਾਜ਼ੀ ਲਈ ਅਜੇ ਵੀ ਚੰਗੀ ਪਿੱਚ ’ਤੇ ਸ਼ਾਟ ਚੋਣ ਵਿੱਚ ਬਹੁਤ ਸਮਝਦਾਰੀ ਦਿਖਾਈ। ਭਾਰਤੀ ਸਪਿੰਨਰਾਂ ਵਿਰੁੱਧ ਦੋਵਾਂ ਬੱਲੇਬਾਜ਼ਾਂ ਲਈ ‘ਸਵੀਪ’ ਸ਼ਾਟ ਦੌੜਾਂ ਬਣਾਉਣ ਦਾ ਮਨਪਸੰਦ ਤਰੀਕਾ ਰਿਹਾ ਅਤੇ ਦੋਵਾਂ ਸ੍ਰੀਲੰਕਾਈ ਖਿਡਾਰੀਆਂ ਨੇ ਸਟੰਪ ਲਾਈਨ ਦੀਆਂ ਗੇਂਦਾਂ ਨੂੰ ਖੇਡਣ ’ਚ ਵਧੀਆ ਹੁਨਰ ਦਿਖਾਇਆ।

# ਕ੍ਰਿਸਟੀਆਨੋ ਰੋਨਾਲਡੋ ਨੇ ਗਰਲਫ੍ਰੈਂਡ ਨਾਲ ਕਰਵਾਇਆ ਵਿਆਹ

ਜਿਸ ਪਲ ਦਾ ਦੁਨੀਆ ਭਰ ਦੇ ਪ੍ਰਸ਼ੰਸਕਾਂ ਨੂੰ ਇੰਤਜ਼ਾਰ ਸੀ, ਆਖਿਰ ਉਹ ਆ ਹੀ ਗਿਆ ਹੈ। ਅਰਬਪਤੀ ਫੁੱਟਬਾਲ ਸਟਾਰ ਕ੍ਰਿਸਟੀਆਨੋ ਰੋਨਾਲਡੋ ਵਿਆਹ ਦੇ ਬੰਧਨ ਵਿੱਚ ਬੱਝ ਗਏ ਹਨ। ਰੋਨਾਲਡੋ ਨੇ ਆਪਣੀ ਲੰਬੇ ਸਮੇਂ ਦੀ ਪ੍ਰੇਮਿਕਾ ਜਾਰਜੀਨਾ ਰੋਡ੍ਰਿਗੇਜ਼ ਨਾਲ ਲੰਬੀ ਡੇਟਿੰਗ ਤੋਂ ਬਾਅਦ ਵਿਆਹ ਕਰਵਾ ਕੇ ਮੈਰਿਡ ਲਾਈਫ ਦੀ ਸ਼ੁਰੂਆਤ ਕੀਤੀ ਹੈ। ਇਸ ਜੋੜੀ ਨੂੰ ਦੁਨੀਆ ਭਰ ਤੋਂ ਵਧਾਈਆਂ ਮਿਲ ਰਹੀਆਂ ਹਨ।

ਰੋਨਾਲਡੋ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਆਪਣੇ ਵਿਆਹ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਨਵੀਂ ਦੁਲਹਨ ਜਾਰਜੀਨਾ ਨਾਲ ਹੱਥਾਂ ਦੀ ਤਸਵੀਰ ਸਾਂਝੀ ਕੀਤੀ ਹੈ। ਫੋਟੋ ਵਿੱਚ ਦੋਵੇਂ ਇੱਕ-ਦੂਜੇ ਦਾ ਹੱਥ ਫੜ ਕੇ ਆਪਣੀਆਂ ਵੈਡਿੰਗ ਰਿੰਗਜ਼ ਫਲਾਂਟ ਕਰਦੇ ਨਜ਼ਰ ਆ ਰਹੇ ਹਨ।

ਦੱਸਿਆ ਜਾ ਰਿਹਾ ਹੈ ਕਿ ਰੋਨਾਲਡੋ ਅਤੇ ਜਾਰਜੀਨਾ ਰੋਡ੍ਰਿਗੇਜ਼ ਨੇ ਪੁਰਤਗਾਲ ਦੇ ਕੈਸਕੇਸ ਵਿੱਚ ਕਾਫੀ ਨਿੱਜੀ ਤਰੀਕੇ ਨਾਲ ਵਿਆਹ ਕਰਵਾਇਆ। ਉਨ੍ਹਾਂ ਦੇ ਵਿਆਹ ਵਿੱਚ ਫੁੱਟਬਾਲਰ ਦੇ ਪੰਜੇ ਬੱਚੇ ਵੀ ਸ਼ਾਮਲ ਹੋਏ। ਰੋਨਾਲਡੋ ਅਤੇ ਜਾਰਜੀਨਾ ਦੇ ਵਿਆਹ ਦੀ ਖ਼ਬਰ ਸਾਹਮਣੇ ਆਉਂਦੇ ਹੀ ਪ੍ਰਸ਼ੰਸਕ ਖੁਸ਼ੀ ਨਾਲ ਝੂਮ ਉੱਠੇ ਹਨ ਅਤੇ ਉਨ੍ਹਾਂ ਨੂੰ ਜਮ ਕੇ ਵਧਾਈਆਂ ਦੇ ਰਹੇ ਹਨ।











